Fair Advice Financial | Carte Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning newspaper | Canadian Punjabi Post

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

Vol 19*Issue 125 | Friday, July 03, 2020 | Tel: 905-793-2202 | Fax: 905-793-2282 | news@punjabipost.ca
To view our online newspaper visit punjabipost.ca/epaper | THE ONLY DAILY PUNJABI NEWSPAPER | ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

## ਰੀਡੋ ਹਾਲ ਨੇੜੇ ਗ੍ਰਿਫਤਾਰ ਵਿਅਕਤੀ ਫੌਜ ਦਾ ਸਰਗਰਮ ਮੈਂਬਰ ਨਿਕਲਿਆ

ਓਟਵਾ, 2 ਜੁਲਾਈ (ਪੋਸਟ ਬਿਊਰੋ) : ਓਟਵਾ ਵਿੱਚ ਗਵਰਨਰ ਜਨਰਲ ਦੀ ਰਿਹਾਇਸ਼ ਲਾਗਿਓਂ ਗ੍ਰਿਫਤਾਰ ਕੀਤਾ ਗਿਆ ਵਿਅਕਤੀ ਕੈਨੇਡੀਅਨ ਹਥਿਆਰਬੰਦ ਸੈਨਾਵਾਂ ਦਾ ਸਰਗਰਮ ਮੈਂਬਰ ਦੱਸਿਆ ਜਾ ਰਿਹਾ ਹੈ।




ਆਰਸੀਐਮਪੀ ਵੱਲੋਂ ਇਸ ਵਿਅਕਤੀ ਦੀ ਪਛਾਣ ਜਾਰੀ ਨਹੀਂ ਕੀਤੀ ਗਈ ਹੈ। ਪਰ ਇਹ ਦੱਸਿਆ ਜਾ ਰਿਹਾ ਹੈ ਕਿ ਇਹ ਵਿਅਕਤੀ ਹਿਰਾਸਤ ਵਿੱਚ ਹੈ ਤੇ ਇਸ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ। ਮਾਊਂਟੀਜ਼ ਨੇ ਇਸ ਗੱਲ ਦੀ ਪੁਸ਼ਟੀ ਜ਼ਰੂਰ ਕੀਤੀ ਹੈ ਕਿ ਇਹ ਵਿਅਕਤੀ ਕੈਨੇਡੀਅਨ ਮਿਲਟਰੀ ਦਾ ਮੈਂਬਰ ਹੈ। ਆਰਸੀਐਮਪੀ ਨੇ ਦੱਸਿਆ ਕਿ ਇਸ ਵਿਅਕਤੀ ਨੇ ਸਵੇਰੇ ਇੱਕ ਟਰਕ ਪੈਡੈਸਟਰੀਅਨ ਗੇਟ ਵਿੱਚ ਜਾ ਮਾਰਿਆ ਤੇ ਫਿਰ ਇਹ 1 ਸਸੈਕਸ ਡਰਾਈਵ ਅੰਦਰ ਦਾਖਲ ਹੋ ਗਿਆ। ਫਿਰ ਇਹ ਵਿਅਕਤੀ ਪੈਦਲ ਹੀ ਗ੍ਰੀਨਹਾਊਸ ਵਾਲੇ ਪਾਸੇ ਵੱਲ ਵਧਿਆ, ਉੱਥੇ ਗਸ਼ਤ ਕਰ ਰਹੇ ਆਰਸੀਐਮਪੀ ਮੈਂਬਰਾਂ ਨੇ ਇਸ ਨੂੰ ਫੜ੍ਹ ਲਿਆ।

ਪੁਲਿਸ ਨੇ ਇਸ ਤੋਂ ਥੋੜ੍ਹੀ ਦੇਰ ਬਾਅਦ 7:00 ਵਜੇ, ਐਮਰਜੰਸੀ ਰਿਸਪਾਂਸ ਟੀਮ ਭੇਜੀ ਤੇ ਉਸ ਨੇ ਇਸ ਵਿਅਕਤੀ ਨੂੰ ਗ੍ਰਿਫਤਾਰ ਕਰ ਲਿਆ ਤੇ ਉਸ ਨੂੰ 8:30 ਵਜੇ ਪੁੱਛਗਿੱਛ ਲਈ ਲਿਜਾਇਆ ਗਿਆ। ਆਰਸੀਐਮਪੀ ਨੇ ਦੱਸਿਆ ਕਿ ਕਿਸੇ ਤਰ੍ਹਾਂ ਦੀ ਗੜਬੜੀ ਤੋਂ ਪਹਿਲਾਂ ਹੀ ਇਸ ਵਿਅਕਤੀ ਨੂੰ ਗ੍ਰਿਫਤਾਰ ਕਰ ਲਿਆ ਗਿਆ।

ਓਟਵਾ ਪੁਲਿਸ ਵੱਲੋਂ ਸਥਾਨਕ ਵਾਸੀਆਂ ਨੂੰ ਇਸ ਇਲਾਕੇ ਵਿੱਚ ਜਾਣ ਤੋਂ ਵੀ ਵਰਜਿਆ ਜਾ ਰਿਹਾ ਸੀ। ਪੁਲਿਸ ਵੱਲੋਂ ਇਸ ਗੱਲ ਦੀ ਪੁਸ਼ਟੀ ਵੀ ਕੀਤੀ ਗਈ ਹੈ ਕਿ ਜਿਸ ਸਮੇਂ ਇਹ ਸਭ ਵਾਪਰਿਆ ਉਸ ਸਮੇਂ ਗਵਰਨਰ ਜਨਰਲ ਜੂਲੀ ਪੇਯੈਟ ਆਪਣੀ ਰਿਹਾਇਸ਼ ਉੱਤੇ ਮੌਜੂਦ ਨਹੀਂ ਸੀ। ਇੱਥੇ ਦੱਸਣਾ ਬਣਦਾ ਹੈ ਕਿ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਤੇ ਉਨ੍ਹਾਂ ਦਾ ਪਰਿਵਾਰ ਵੀ ਰੀਡੋ ਕਾਟੇਜ ਵਾਲੇ ਇਲਾਕੇ ਵਿੱਚ ਹੀ ਰਹਿੰਦਾ ਹੈ ਪਰ ਉਹ ਵੀ ਇਸ ਘਟਨਾ ਸਮੇਂ ਇੱਥੇ ਮੌਜੂਦ ਨਹੀਂ ਸਨ।

ਪੁਲਿਸ ਰੋਬੋਟ ਵੱਲੋਂ ਰੀਡੋ ਹਾਲ ਵੱਲ ਜਾਂਦੀ ਸਟਰੀਟ ਦੇ ਲਾਂਘੇ ਉੱਤੇ ਖੜ੍ਹੇ ਚਾਰ ਦਰਵਾਜ਼ਿਆਂ ਵਾਲੇ ਡੌਜ ਰੈਮ ਪਿੱਕਅੱਪ ਟਰੱਕ ਦੀ ਜਾਂਚ ਕੀਤੀ ਜਾ ਰਹੀ ਹੈ। ਇਸ ਟਰੱਕ ਦੇ ਏਅਰਬੈਗ ਵੀ ਖੁੱਲ੍ਹੇ ਹੋਏ ਸਨ। ਇਸ ਟਰੱਕ ਦੀ ਪਿਛਲੀ ਸੀਟ ਉੱਤੇ ਬਕਸੇ ਤੇ ਕਾਲੇ ਰੰਗ ਦੇ ਗਾਰਬੇਜ ਬੈਗ ਪਏ ਸਨ ਤੇ ਇੱਕ ਸੰਤਰੀ ਰੰਗ ਦਾ ਕੂਲਰ ਮੂਹਰਲੀ ਪੈਸੈਂਜਰ ਸੀਟ ਉੱਤੇ ਪਿਆ ਸੀ ਜਿਸ ਵਿੱਚ ਆਈਸ ਪੈਕਸ ਭਰੇ ਪਏ ਸਨ। ਸੂਹੀਆ ਕੁੱਤੇ ਵੱਲੋਂ ਵੀ ਇਲਾਕੇ ਦੀ ਟੋਹ ਲਈ ਜਾ ਰਹੀ ਹੈ।

## ਹੁਣ ਬੇਸਮੈਂਟਸ ਨੂੰ ਸੈਕਿੰਡ ਯੂਨਿਟਸ ਵਜੋਂ ਰਜਿਸਟਰ ਕਰਵਾ ਸਕਣਗੇ ਲੋਕ

### ਪਾਰਕਿੰਗ ਸਬੰਧੀ ਪਾਬੰਦੀਆਂ ਹਟਾਈਆਂ

ਬਰੈਂਪਟਨ, 2 ਜੁਲਾਈ (ਪੋਸਟ ਬਿਊਰੋ) : ਬੀਤੇ ਦਿਨੀ ਹੋਈ ਬਰੈਂਪਟਨ ਸਿਟੀ ਕਾਊਂਸਲ ਦੀ ਮੀਟਿੰਗ ਵਿੱਚ ਸਿਟੀ ਕਾਊਂਸਲਰ ਹਰਕੀਰਤ ਸਿੰਘ ਵੱਲੋਂ ਪੇਸ਼ ਜਿਸ ਮਤੇ ਦੀ ਰੀਜਨਲ ਕਾਊਂਸਲਰ ਗੁਰਪ੍ਰੀਤ ਸਿੰਘ ਢਿੱਲੋਂ ਵੱਲੋਂ ਤਾਈਦ ਕੀਤੀ ਗਈ ਉਸ ਵਿੱਚ ਰਜਿਸਟਰਿੰਗ ਦੂਜੀਆਂ ਯੂਨਿਟਸ ਤੇ ਬੇਸਮੈਂਟਸ ਲਈ ਪਾਰਕਿੰਗ ਉੱਤੇ ਲਾਈਆਂ ਗਈਆਂ ਪਾਬੰਦੀਆਂ ਨੂੰ ਹਟਾਉਣ ਦੀ ਮੰਗ ਕੀਤੀ ਗਈ ਸੀ।



ਇਸ ਤੋਂ ਪਹਿਲਾਂ ਦੂਜੀ ਯੂਨਿਟ ਦੀ ਰਜਿਸਟ੍ਰੇਸ਼ਨ ਲਈ, ਫਿਰ ਭਾਵੇਂ ਉਹ ਡਰਾਈਵਵੇਅ, ਗੈਰਾਜ ਜਾਂ ਪਾਰਕਿੰਗ ਵਾਲੀ ਥਾਂ ਹੋਵੇ ਜਿਸ ਉੱਤੇ ਛੱਤ ਹੋਵੇ, ਕੁਆਲੀਫਾਈ ਕਰਨ ਵਾਸਤੇ ਤਿੰਨ ਪਾਰਕਿੰਗ ਸਪੇਸਿਜ਼ ਹੋਣੀਆਂ ਜ਼ਰੂਰੀ ਸਨ। ਪਰ ਕਾਊਂਸਲ ਵੱਲੋਂ ਇਸ ਬਾਇ-ਲਾਅ ਵਿੱਚ ਸੋਧ ਦੇ ਪੱਖ ਵਿੱਚ ਵੋਟ ਕੀਤਾ ਗਿਆ ਤੇ ਹੁਣ ਹਰੇਕ ਯੋਗ ਸਿੰਗਲ ਜਾਂ ਸੈਮੀ ਡਿਟੈਚਡ ਘਰ ਲਈ ਘੱਟੋ ਘੱਟ ਦੋ ਪਾਰਕਿੰਗ ਸਪੇਸ ਹੋਣੀਆਂ ਹੀ ਕਾਫੀ ਹਨ।

ਬਿਲਡਿੰਗ ਸਟਾਫ ਨੇ ਪਾਇਆ ਕਿ ਪੂਰੀ ਸਿਟੀ ਦੇ ਘਰਾਂ ਵਿੱਚ ਗੈਰਕਾਨੂੰਨੀ ਤੇ ਅਨਰਜਿਸਟਰਡ ਦੂਜੀਆਂ ਯੂਨਿਟਸ ਦਾ ਢੇਰ ਹੀ ਲੱਗ ਗਿਆ। ਇਸ ਸੋਧ ਨਾਲ ਹੁਣ ਵਧੇਰੇ ਰੈਜ਼ੀਡੈਂਟਸ ਆਪਣੀਆਂ ਬੇਸਮੈਂਟਸ ਨੂੰ ਸੈਕਿੰਡ ਯੂਨਿਟ ਵਜੋਂ ਰਜਿਸਟਰ ਕਰਵਾ ਸਕਣਗੇ। ਇਸ ਨਾਲ ਬਰੈਂਪਟਨ ਵਿੱਚ ਕਿਰਾਏ ਉੱਤੇ ਦਿੱਤੇ ਜਾਣ ਵਾਲੇ ਘਰਾਂ ਦੀ ਗਿਣਤੀ ਵਿੱਚ ਵਾਧਾ ਹੋ ਸਕੇਗਾ ਤੇ ਸਿਟੀ ਦੀ ਕਿਫਾਇਤੀ ਘਰਾਂ ਦੀ ਰਣਨੀਤੀ ਵੀ ਕਾਰਗਰ ਸਿੱਧ ਹੋ ਸਕੇਗੀ।

## ਟਰਾਂਸ ਮਾਊਨਟੇਨ ਪਾਈਪਲਾਈਨ ਬਾਰੇ ਫਰਸਟ ਨੇਸ਼ਨਜ਼ ਦੀ ਅਪੀਲ ਸੁਪਰੀਮ ਕੋਰਟ ਨੇ ਕੀਤੀ ਖਾਰਜ

ਬ੍ਰਿਟਿਸ਼ ਕੋਲੰਬੀਆ, 2 ਜੁਲਾਈ (ਪੋਸਟ ਬਿਊਰੋ) : ਕੈਨੇਡਾ ਦੇ ਸੁਪਰੀਮ ਕੋਰਟ ਵੱਲੋਂ ਟਰਾਂਸ ਮਾਊਨਟੇਨ ਪਾਈਪਲਾਈਨ ਦੇ ਪਸਾਰ ਦੇ ਸਬੰਧ ਵਿੱਚ ਬ੍ਰਿਟਿਸ਼ ਕੋਲੰਬੀਆ ਦੇ ਫਰਸਟ ਨੇਸ਼ਨਜ਼ ਦੀ ਨਵੀਂ ਅਪੀਲ ਨਹੀਂ ਸੁਣੀ ਜਾਵੇਗੀ।




ਵੀਰਵਾਰ ਨੂੰ ਅਦਾਲਤ ਨੇ ਸਕੁਆਮਿਸ਼ ਨੇਸ਼ਨ, ਸਲੇਲ ਵਾਅਟੁਥ ਨੇਸ਼ਨ, ਦ ਸੈਲਕਸਵੇਯੈਕ ਟਰਾਈਬਜ਼ ਤੇ ਕੋਲਡਵਾਟਰ ਇੰਡੀਅਨ ਬੈਂਡ ਦੀ ਅਪੀਲ ਖਾਰਜ ਕਰ ਦਿੱਤੀ। ਇਸ ਨਾਲ ਇਸ ਪ੍ਰੋਜੈਕਟ ਬਾਰੇ ਕਈ ਸਾਲਾਂ ਤੋਂ ਚੱਲ ਰਹੀ ਕਾਨੂੰਨੀ ਲੜਾਈ ਖ਼ਤਮ ਹੋ ਗਈ ਹੈ। ਅਦਾਲਤ ਵੱਲੋਂ ਆਪਣੇ ਇਸ ਫੈਸਲੇ ਸਬੰਧੀ ਕੋਈ ਕਾਰਨ ਨਹੀਂ ਦੱਸਿਆ ਗਿਆ ਹੈ।

ਅਦਾਲਤ ਦੇ ਇਸ ਫੈਸਲੇ ਦੇ ਸਬੰਧ ਵਿੱਚ ਫਰਸਟ ਨੇਸ਼ਨਜ਼ ਦੇ ਆਗੂਆਂ ਵੱਲੋਂ ਨਿਊਜ਼ ਕਾਨਫਰੰਸ ਕਰਵਾਉਣ ਦੀ ਤਿਆਰੀ ਕੀਤੀ ਜਾ ਰਹੀ ਹੈ। ਜ਼ਿਕਰਯੋਗ ਹੈ ਕਿ ਟਰਾਂਸ ਮਾਊਨਟੇਨ ਪ੍ਰੋਜੈਕਟ ਨੂੰ ਪਹਿਲੀ ਵਾਰੀ 2016 ਵਿੱਚ ਮਨਜ਼ੂਰੀ ਦਿੱਤੀ ਗਈ ਸੀ। ਪਰ ਦੋ ਸਾਲ ਬਾਅਦ ਫਰਸਟ ਨੇਸ਼ਨਜ਼ ਤੇ ਐਨਵਾਇਰਮੈਂਟਲ ਗਰੁੱਪਜ਼ ਵੱਲੋਂ ਇਸ ਮਨਜ਼ੂਰੀ ਨੂੰ ਚੁਣੌਤੀ ਦਿੱਤੇ ਜਾਣ ਤੋਂ ਬਾਅਦ ਫੈਡਰਲ ਕੋਰਟ ਆਫ ਅਪੀਲ ਵੱਲੋਂ ਇਸ ਦਾ ਕੰਮ ਬੰਦ ਕਰ ਦਿੱਤਾ ਗਿਆ ਸੀ।

ਫਿਰ ਫੈਡਰਲ ਸਰਕਾਰ ਵੱਲੋਂ ਪ੍ਰਭਾਵਿਤ ਕਮਿਊਨਿਟੀਜ਼ ਨਾਲ ਸਲਾਹ ਮਸ਼ਵਰਾ ਕਰਨ ਤੋਂ ਬਾਅਦ ਜੂਨ 2019 ਵਿੱਚ ਇਸ ਪ੍ਰੋਜੈਕਟ ਨੂੰ ਦੂਜੀ ਵਾਰੀ ਮਨਜ਼ੂਰੀ ਦਿੱਤੀ ਗਈ ਪਰ ਇਨ੍ਹਾਂ ਕਮਿਊਨਿਟੀਜ਼ ਦਾ ਅਜੇ ਵੀ ਇਹ ਮੰਨਣਾ ਹੈ ਕਿ ਸਰਕਾਰ ਨੇ ਉਨ੍ਹਾਂ ਨਾਲ ਸਲਾਹ ਮਸ਼ਵਰਾ ਸਹੀ ਢੰਗ ਨਾਲ ਨਹੀਂ ਕੀਤਾ। ਇਸ ਲਈ ਇੱਕ ਵਾਰੀ ਫਿਰ ਇਸ ਫੈਸਲੇ ਖਿਲਾਫ ਅਪੀਲ ਕੀਤੀ ਗਈ ਸੀ।

## ਹਾਦਸੇ ਨੂੰ ਅੰਜਾਮ ਦੇਣ ਵਾਲੇ ਡਰਾਈਵਰ ਉੱਤੇ ਮੁਜਰਮਾਨਾ ਅਣਗਹਿਲੀ ਵਰਤਣ ਦਾ ਦੋਸ਼

ਮਾਂਟਰੀਅਲ, 2 ਜੁਲਾਈ (ਪੋਸਟ ਬਿਊਰੋ) : ਮਾਂਟਰੀਅਲ ਦੇ ਦੱਖਣ ਵੱਲ ਇੱਕ ਨਿੱਕੇ ਟਾਊਨ ਵਿੱਚ ਟਰੈਕਟਰ ਹਾਦਸੇ ਲਈ ਜ਼ਿੰਮੇਵਾਰ ਕਿਊਬਿਕ ਦੇ 38 ਸਾਲਾ ਵਿਅਕਤੀ ਨੂੰ ਅਦਾਲਤ ਵਿੱਚ ਪੇਸ਼ ਕੀਤਾ ਗਿਆ। ਇਸ ਹਾਦਸੇ ਵਿੱਚ 5 ਸਾਲ ਤੋਂ ਘੱਟ ਉਮਰ ਦੇ ਤਿੰਨ ਬੱਚਿਆਂ ਦੀ ਮੌਤ ਹੋ ਗਈ ਸੀ ਜਦਕਿ ਸੱਤ ਹੋਰ ਵਿਅਕਤੀ ਜ਼ਖ਼ਮੀ ਹੋ ਗਏ ਸਨ।



ਟਰੈਕਟਰ ਦੇ ਡਰਾਈਵਰ ਨੂੰ ਪਰਸੋਂ ਰਾਤ ਗ੍ਰਿਫਤਾਰ ਕੀਤਾ ਗਿਆ ਤੇ ਕਲ੍ਹ ਰਾਤ ਗ੍ਰੈਨਬੀ ਦੀ ਅਦਾਲਤ ਵਿੱਚ ਪੇਸ਼ ਕੀਤਾ ਗਿਆ। ਪ੍ਰੋਵਿੰਸ਼ੀਅਲ ਪੁਲਿਸ ਨੇ ਦੱਸਿਆ ਕਿ ਮਾਂਟਰੀਅਲ ਤੋਂ 55 ਕਿਲੋਮੀਟਰ ਦੱਖਣਪੂਰਬ ਵੱਲ ਸਥਿਤ ਨੌਤਰੇ-ਡੇਮ-ਡੀ-ਸਟੈਨਬ੍ਰਿਜ ਵਿੱਚ ਹੋਏ ਇਸ ਹਾਦਸੇ ਵਿੱਚ ਜ਼ਖ਼ਮੀ ਹੋਏ ਲੋਕਾਂ ਵਿੱਚ ਤਿੰਨ ਬੱਚੇ ਤੇ ਚਾਰ ਬਾਲਗ ਸ਼ਾਮਲ ਹਨ। ਇਨ੍ਹਾਂ ਵਿੱਚੋਂ ਦੋ ਬਾਲਗਾਂ ਦੀ ਹਾਲਤ ਨਾਜ਼ੁਕ ਦੱਸੀ ਜਾਂਦੀ ਹੈ।

ਇਹ ਹਾਦਸਾ ਸ਼ਾਮੀਂ 7:00 ਵਜੇ ਵਾਪਰਿਆ। ਇਹ ਫਾਰਮ ਟਰੈਕਟਰ 10 ਵਿਅਕਤੀਆਂ ਨੂੰ ਲਿਜਾ ਰਿਹਾ ਸੀ ਤੇ ਇਸ ਟਰੈਕਟਰ ਵਿੱਚ ਲੱਕੜਾਂ ਵੀ ਸਨ। ਪ੍ਰੋਵਿੰਸ਼ੀਅਲ ਪੁਲਿਸ ਦੇ ਬੁਲਾਰੇ ਅਨਿਕ ਲੈਮਿਰਾਂਦੇ ਨੇ ਦੱਸਿਆ ਕਿ ਅਚਾਨਕ ਹੀ ਸਾਰੇ ਲੋਕ ਟਰੈਕਟਰ ਤੋਂ ਹੇਠਾਂ ਜਾ ਡਿੱਗੇ। ਅਜੇ ਤੱਕ ਇਹ ਵੀ ਸਪਸ਼ਟ ਨਹੀਂ ਹੋਇਆ ਕਿ ਇਹ ਸਾਰੇ ਇੱਕੋ ਪਰਿਵਾਰ ਦੇ ਮੈਂਬਰ ਸਨ ਜਾਂ ਫਿਰ ਕੁੱਝ ਦੋਸਤ ਇੱਕਠੇ ਹੋ ਕੇ ਕੈਨੇਡਾ ਡੇਅ ਦੇ ਜਸ਼ਨ ਮਨਾ ਰਹੇ ਸਨ। ਜਿਨ੍ਹਾਂ ਬਾਲਗਾਂ ਨੂੰ ਮਾਮੂਲੀ ਸੱਟਾਂ ਲੱਗੀਆਂ ਹਨ ਉਨ੍ਹਾਂ ਤੋਂ ਜਾਂਚਕਾਰਾਂ ਵੱਲੋਂ ਪੁੱਛਗਿੱਛ ਕੀਤੀ ਜਾ ਰਹੀ ਹੈ ਤੇ ਟਰੈਕਟਰ ਨੂੰ ਵੀ ਵਿਸ਼ਲੇਸ਼ਣ ਲਈ ਕਬਜੇ ਵਿੱਚ ਲੈ ਲਿਆ ਗਿਆ ਹੈ।

ਇਸ ਟਰੈਕਟਰ ਦੇ ਡਰਾਈਵਰ ਨੂੰ 5000 ਡਾਲਰ ਦੀ ਜ਼ਮਾਨਤ ਉੱਤੇ ਰਿਹਾਅ ਕਰ ਦਿੱਤਾ ਗਿਆ ਤੇ ਹੁਣ ਉਸ ਨੂੰ 28 ਸਤੰਬਰ ਨੂੰ ਅਦਾਲਤ ਸਾਹਮਣੇ ਪੇਸ਼ ਹੋਣ ਲਈ ਆਖਿਆ ਗਿਆ ਹੈ। ਉਸ ਨੂੰ ਸਿਰਫ ਐਮਰਜੰਸੀ ਵਾਲੇ ਹਾਲਾਤ ਤੇ ਕੰਮ ਉੱਤੇ ਜਾਣ ਲਈ ਹੀ ਮੋਟਰ ਵ੍ਹੀਕਲ ਚਲਾਉਣ ਦੀ ਇਜਾਜ਼ਤ ਦਿੱਤੀ ਗਈ ਹੈ। ਉਹ ਸ਼ਰਾਬ ਜਾਂ ਨਸ਼ੀਲੇ ਪਦਾਰਥਾਂ ਦਾ ਸੇਵਨ ਨਹੀਂ ਕਰ ਸਕੇਗਾ।

Best Insurance Rates
Auto - Home - Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Address: 1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance
SIMRAN SAINI 416.994.7272
www.allkindinsurance.com

INSURANCE
- Home
- Auto
- Business
- Trucking
- Life Insurance
- Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
- Super visa Insurance
- Life & Disability
- Critical illness
- RESP
- Visitor & Travel insurance
(416-845-1352)
Manwinder Mangat Broker
Aaxel InsuranceBrokers Ltd. 1332 Khalsa Dr, Unit # 11, Mississauga, ON L5S 0A2

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
www.ufsinsurance.com
JATINDERBIR S BAJWA Insurance Broker
Dir:647-928-4990
# 25-831 Bovarid Dr. W. Brampton, ON L6X0T9 | www.ufsinsurance.com

GOEL TRAVEL
Low Rates
Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ
Tico # 50021780
905.796.0000
900 Raylawson Blvd. Unit # 6, Brampton

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma Open Saturday
Providing excellent quality legal services to our clients

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre | AvonFinancial Inc. Advice you can bank on. Brokerage Lic. 12538
Cell: 416-841-4218 Tel: 905-216-5563
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

You can (905)793-2202
Place Your Business Here
To Reach Wider Audience

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE | A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

ਨਵਾਂ ਘਾਹ ਲਵਾਉ | 647-784-1213
www.aaalandscaping.ca
1. ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2. ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3. ਨਵਾਂ ਘਾਹ ਲਵਾਉ
4. ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾ ਦਾ ਲਾਭ ਉਠਾਓ
- Custom Kitchen Cabinets
- Completly Furnished
- Legal Basement
- Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

KELLEY LAW OFFICE
- Immigration
- Real Estate
- Family Law
- Business Closing
- Corporate
- Wills & Estate
- Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licenced Exterminator

MANN LAW FIRM
- Real Estate Law
- Business Law
- Wills & Estates
- Family Law
- Power of Attorney
- Civil Litigation
- Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

Royal Pest Control
Residential Commercial Industrial
Specialist in Bedbugs Service
All Pest Control :
- Mouse & Rats
- Spiders & Fleas
- Bedbugs
- Wasps
- Cockroaches
- Carpenter Ants
- Silver Fish
- Racoons
Call : PARESH PATEL (Government Approved Licensed Technician)
416 938 4598







FRESH & LARGE VARIETY
Bread , Derry & Eggs
Branded Foods
Fruits & Vegetables
Beverages & Confectionery
Grocery & Staples
Sweet & Samosas

SERVING FROM ALL LOCATIONS IN GTA AREA:

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017

# ਮਾਰਖਮ ਦੇ ਘਰ ਵਿੱਚ ਲੱਗੀ ਅੱਗ ਵਿੱਚੋਂ ਦੋ ਵਿਅਕਤੀਆਂ ਨੂੰ ਬਚਾਇਆ ਗਿਆ



ਮਾਰਖਮ, 2 ਜੁਲਾਈ (ਪੋਸਟ ਬਿਊਰੋ) : ਮਾਰਖਮ ਦੇ ਇੱਕ ਘਰ ਵਿੱਚ ਲੱਗੀ ਅੱਗ ਵਿੱਚੋਂ ਦੋ ਵ੍ਹੀਲਚੇਅਰ ਵਾਲੇ ਵਿਅਕਤੀਆਂ ਨੂੰ ਮੁਸ਼ਕਲ ਨਾਲ ਬਚਾਇਆ ਗਿਆ।

ਰਾਤੀਂ 2:00 ਵਜੇ ਐਮਰਜੰਸੀ ਅਮਲਾ ਜੌਹਨ ਤੇ ਯੌਂਗ ਸਟਰੀਟ ਨੇੜੇ ਕੌਲਬੌਰਨ ਸਟਰੀਟ ਉੱਤੇ ਪਹੁੰਚਿਆ। ਉਨ੍ਹਾਂ ਤੋਂ ਪਹਿਲਾਂ ਯੌਰਕ ਰੀਜਨਲ ਪੁਲਿਸ ਦੇ ਚਾਰ ਅਧਿਕਾਰੀ ਮੌਕੇ ਉੱਤੇ ਪਹੁੰਚੇ ਤੇ ਇੱਕ ਟੀਨੇਜਰ ਨੇ ਉਨ੍ਹਾਂ ਨੂੰ ਦੱਸਿਆ ਕਿ ਉਸ ਦੇ ਅਪਾਹਜ ਪਿਤਾ ਤੇ ਭੈਣ ਅੱਗ ਵਿੱਚ ਸੜ ਰਹੇ ਘਰ ਦੇ ਅੰਦਰ ਹੀ ਫਸ ਗਏ ਹਨ।

ਇਸ ਤੋਂ ਬਾਅਦ ਪੁਲਿਸ ਅਧਿਕਾਰੀ ਪਿਛਲੇ ਹਿੱਸੇ ਤੋਂ ਘਰ ਵਿੱਚ ਦਾਖਲ ਹੋਏ ਤੇ ਉਨ੍ਹਾਂ ਵ੍ਹੀਲਚੇਅਰ ਉੱਤੇ ਮੌਜੂਦ ਇੱਕ ਵਿਅਕਤੀ ਨੂੰ ਬਾਹਰ ਕੱਢਿਆ। ਫਿਰ ਉਨ੍ਹਾਂ ਉਸ ਸਮੇਂ ਤੱਕ ਮੌਕੇ ਉੱਤੇ ਪਹੁੰਚ ਚੁੱਕੇ ਫਾਇਰਫਾਈਟਰਜ਼ ਦੀ ਮਦਦ ਨਾਲ ਵ੍ਹੀਲਚੇਅਰ ਉੱਤੇ ਬੈਠੀ ਇੱਕ 18 ਸਾਲਾ ਲੜਕੀ ਨੂੰ ਬਾਹਰ ਕੱਢਿਆ। ਘਰ ਵਿੱਚ ਰਹਿਣ ਵਾਲੇ ਚਾਰਾਂ ਮੈਂਬਰਾਂ-ਮਾਤਾ-ਪਿਤਾ ਤੇ ਉਨ੍ਹਾਂ ਦੀਆਂ ਦੋ ਧੀਆਂ ਨੂੰ ਹਸਪਤਾਲ ਲਿਜ-ਾਇਆ ਗਿਆ। ਇਨ੍ਹਾਂ ਸਾਰਿਆਂ ਨੂੰ ਧੂੰਆਂ ਚੜ੍ਹ ਗਿਆ ਸੀ ਤੇ ਇੱਕ ਪੁਲਿਸ ਅਧਿਕਾਰੀ ਨੂੰ ਵੀ ਧੂੰਆਂ ਚੜ੍ਹਨ ਕੱਾਰਨ ਹਸਪਤਾਲ ਲਿਜਾਇਆ ਗਿਆ।

ਡਿਪਟੀ ਫਾਇਰ ਚੀਫ ਐਡਮ ਗ੍ਰਾਂਟ ਨੇ ਦੱਸਿਆ ਕਿ ਅੱਗ ਉਤੇ ਕਾਬੂ ਪਾਉਣ ਲਈ ਢਾਈ ਘੰਟੇ ਦਾ ਸਮਾਂ ਲੱਗਿਆ। ਅੱਗ ਲੱਗਣ ਦੇ ਕਾਰਨਾਂ ਦਾ ਅਜੇ ਤੱਕ ਪਤਾ ਨਹੀਂ ਲੱਗ ਸਕਿਆ ਹੈ।

# ਮੈਕਸਿਕੋ ਵਿੱਚ ਗੰਨਮੈਨ ਨੇ ਚਲਾਈਆਂ ਅੰਨ੍ਹੇਵਾਹ ਗੋਲੀਆਂ, 24 ਹਲਾਕ, 7 ਜ਼ਖ਼ਮੀ



ਮੈਕਸਿਕੋ ਸਿਟੀ, 2 ਜੁਲਾਈ (ਪੋਸਟ ਬਿਊਰੋ) : ਕੇਂਦਰੀ ਮੈਕਸਿਕੋ ਦੇ ਇੱਕ ਨਸ਼ਾ ਛੁਡਾਊ ਕੇਂਦਰ ਵਿੱਚ ਗੰਨਮੈਨ ਨੇ ਦਾਖਲ ਹੋ ਕੇ ਅੰਨ੍ਹੇਵਾਹ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਇਸ ਘਟਨਾ ਵਿੱਚ 24 ਵਿਅਕਤੀਆਂ ਦੀ ਮੌਤ ਹੋ ਗਈ ਤੇ ਸੱਤ ਹੋਰ ਜ਼ਖ਼ਮੀ ਹੋ ਗਏ। ਇਹ ਜਾਣਕਾਰੀ ਅਧਿਕਾਰੀਆਂ ਨੇ ਦਿੱਤੀ। ਗੁਆਨਾਜੁਆਤੋ ਦੇ ਨੌਰਥ ਸੈਂਟਰਲ ਸਟੇਟ ਦੀ ਪੁਲਿਸ ਨੇ ਦੱਸਿਆ ਕਿ ਇਹ ਘਟਨਾ ਇਰਾਪੁਆਤੋ ਸਿਟੀ ਵਿੱਚ ਵਾਪਰੀ। ਜ਼ਖ਼ਮੀ ਹੋਏ ਸੱਤ ਵਿਅਕਤੀਆਂ ਵਿੱਚੋਂ ਤਿੰਨ ਦੀ ਹਾਲਤ ਨਾਜ਼ੁਕ ਦੱਸੀ ਜਾਂਦੀ ਹੈ। ਜ਼ਾਹਿਰਾ ਤੌਰ ਉੱਤੇ ਹਮਲਾਵਰ ਨੇ ਇਸ ਨਸ਼ਾ ਛੁਡਾਊ ਕੇਂਦਰ ਉੱਤੇ ਹਰ ਕਿਸੇ ਨੂੰ ਹੀ ਗੋਲੀ ਮਾਰੀ। ਸਟੇਟ ਪੁਲਿਸ ਨੇ ਦੱਸਿਆ ਕਿ ਕਿਸੇ ਨੂੰ ਵੀ ਅਗਵਾ ਨਹੀਂ ਕੀਤਾ ਗਿਆ। ਇਸ ਘਟਨਾ ਦੀਆਂ ਜਾਰੀ ਕੀਤੀਆਂ ਗਈਆਂ ਤਸਵੀਰਾਂ ਵਿੱਚ ਨਜ਼ਰ ਆ ਰਿਹਾ ਹੈ ਕਿ ਗੋਲੀਆਂ ਚੱਲਦੇ ਸਮੇਂ ਲੋਕ ਜ਼ਮੀਨ ਉੱਤੇ ਪਏ ਹਨ।

ਗੁਆਨਾਜੁਆਤੋ ਵਿੱਚ ਜੈਲਿਸਕੋ ਕਾਰਟਲ ਤੇ ਲੋਕਲ ਗੈਂਗ ਦਰਮਿਆਨ ਵਾਰ ਵੀ ਚੱਲ ਰਹੀ ਹੈ। ਮੈਕਸਿਕੋ ਦੇ ਇਸ ਸਟੇਟ ਵਿੱਚ ਹਿੰਸਾ ਕਾਫੀ ਜ਼ਿਆਦਾ ਹੈ। ਹਮਲੇ ਦਾ ਕੋਈ ਕਾਰਨ ਨਹੀਂ ਦੱਸਿਆ ਗਿਆ। ਪਰ ਗਵਰਨਰ ਡਿਏਗੋ ਸਿਨਹੁਏ ਰੌਡਰਿਗਜ਼ ਵਾਲੇਜੋ ਨੇ ਆਖਿਆ ਕਿ ਇਹ ਘਟਨਾ ਨਸ਼ਿਆ ਕਰਕੇ ਹੋਣ ਵਾਲੀ ਗੈਂਗ ਵਾਰ ਦਾ ਹੀ ਹਿੱਸਾ ਲੱਗਦੀ ਹੈ। ਗਵਰਨਰ ਨੇ ਆਖਿਆ ਕਿ ਇਸ ਘਟਨਾ ਦਾ ਉਨ੍ਹਾਂ ਨੂੰ ਬੇਹੱਦ ਅਫਸੋਸ ਹੈ ਤੇ ਇਸ ਤਰ੍ਹਾਂ ਦੀ ਵਾਰਦਾਤ ਦੀ ਉਹ ਸਖ਼ਤ ਨਿਖੇਧੀ ਕਰਦੇ ਹਨ।

# ਟੀਟੀਸੀ ਉੱਤੇ ਸਫਰ ਕਰਨ ਵਾਲਿਆਂ ਲਈ ਮਾਸਕ ਪਾਉਣਾ ਹੋਵੇਗਾ ਲਾਜ਼ਮੀ

## ਮਾਸਕ ਨਾ ਪਾਉਣ ਵਾਲਿਆਂ ਨੂੰ ਹੋਵੇਗਾ 195 ਡਾਲਰ ਜੁਰਮਾਨਾ



ਟੋਰਾਂਟੋ, 2 ਜੁਲਾਈ (ਪੋਸਟ ਬਿਊਰੋ) : ਟੀਟੀਸੀ ਉੱਤੇ ਵੀਰਵਾਰ ਤੋਂ ਮਾਸਕ ਪਾਉਣਾ ਲਾਜ਼ਮੀ ਕਰਾਰ ਦਿੱਤਾ ਗਿਆ ਹੈ।

ਟੀਟੀਸੀ ਦੇ ਸੀਈਓ ਰਿੱਕ ਲੇਅਰੀ ਨੇ ਇੱਕ ਰਲੀਜ਼ ਵਿੱਚ ਆਖਿਆ ਕਿ ਸੇਫਟੀ ਹਮੇਸ਼ਾਂ ਤੋਂ ਹੀ ਸਾਡੀ ਮੁੱਖ ਤਰਜੀਹ ਰਹੀ ਹੈ ਤੇ ਕੋਵਿਡ-19 ਮਹਾਂਮਾਰੀ ਦੌਰਾਨ ਟੋਰਾਂਟੋ ਪਬਲਿਕ ਹੈਲਥ ਦੀ ਸਲਾਹ ਨਾਲ ਬਿਹਤਰੀਨ ਰੁਝਾਨ ਅਪਨਾ ਕੇ ਵਧੀਆ ਸੇਵਾਵਾਂ ਦੇਣ ਦੀ ਕੋਸ਼ਿਸ਼ ਕਰ ਰਹੇ ਹਾਂ। ਉਨ੍ਹਾਂ ਆਖਿਆ ਕਿ 2 ਜੁਲਾਈ ਤੋਂ ਜਿਹੜੀਆਂ ਤਬਦੀਲੀਆਂ ਅਸੀਂ ਕਰਨ ਜਾ ਰਹੇ ਹਾਂ ਉਹ ਕਾਫੀ ਹੱਦ ਤੱਕ ਇਸ ਪਹੁੰਚ ਨਾਲ ਹੀ ਮੇਲ ਖਾਂਦੀਆਂ ਹਨ। ਉਨ੍ਹਾਂ ਆਖਿਆ ਕਿ ਆਪਣੇ ਕਸਟਮਰਜ਼ ਤੇ ਕਰਮਚਾਰੀਆਂ ਦੀ ਭਲਾਈ ਨੂੰ ਯਕੀਨੀ ਬਣਾਉਣ ਸਾਡਾ ਮੁੱਖ ਮੰਤਵ ਹੈ।

ਟੀਟੀਸੀ ਬੋਰਡ ਵੱਲੋਂ 17 ਜੂਨ ਨੂੰ ਫੇਸ ਮਾਸਕ ਨੂੰ ਲਾਜ਼ਮੀ ਕਰਨ ਦੇ ਫੈਸਲੇ ਨੂੰ ਮਨਜ਼ੂਰੀ ਦੇ ਦਿੱਤੀ ਗਈ ਸੀ। ਦੋ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਤੇ ਜਿਨ੍ਹਾਂ ਨੂੰ ਕੋਈ ਮੈਡੀਕਲ ਸਮੱਸਿਆ ਹੈ ਸਿਰਫ ਉਨ੍ਹਾਂ ਨੂੰ ਹੀ ਛੋਟ ਦਿੱਤੀ ਗਈ ਸੀ। ਇਨ੍ਹਾਂ ਤੋਂ ਇਲਾਵਾ ਫੇਸ ਮਾਸਕ ਖੁਦ ਲਾਉਣ ਜਾਂ ਉਤਾਰਨ ਤੋਂ ਅਸਮਰੱਥ ਲੋਕਾਂ ਨੂੰ ਇਸ ਫੈਸਲੇ ਤੋਂ ਛੋਟ ਸੀ।

ਫੇਸ ਮਾਸਕ ਨਾ ਪਾਉਣ ਵਾਲਿਆਂ ਨੂੰ 195 ਡਾਲਰ ਜੁਰਮਾਨਾ ਹੋਵੇਗਾ। ਪਰ ਟੀਟੀਸੀ ਦਾ ਕਹਿਣਾ ਹੈ ਕਿ ਧੱਕੇ ਨਾਲ ਇਨ੍ਹਾਂ ਨਿਯਮਾਂ ਦੀ ਪਾਲਣਾ ਕਰਵਾਉਣ ਦੀ ਥਾਂ ਉਹ ਲੋਕਾਂ ਨੂੰ ਜਾਗਰੂਕ ਕਰਨ, ਸਿੱਖਿਅਤ ਕਰਨ ਵੱਲ ਜ਼ਿਆਦਾ ਜ਼ੋਰ ਦੇਣਗੇ। ਇਸ ਤੋਂ ਇਲਾਵਾ ਟੀਟੀਸੀ ਵੱਲੋਂ ਇਕਹਿਰੀ ਵਰਤੋਂ ਵਾਲੇ ਇੱਕ ਮਿਲੀਅਨ ਮਾਸਕ ਵੀ ਵੰਡੇ ਜਾਣਗੇ।

# ਵਿੰਡਸਰ-ਐਸੈਕਸ ਦੇ ਫਾਰਮ ਉੱਤੇ ਆਊਟਬ੍ਰੇਕ, 191 ਕੇਸ ਮਿਲੇ



ਵਿੰਡਸਰ, 2 ਜੁਲਾਈ (ਪੋਸਟ ਬਿਊਰੋ) : ਵਿੰਡਸਰ-ਐਸੈਕਸ ਰੀਜਨ ਦੇ ਸਿਹਤ ਅਧਿਕਾਰੀਆਂ ਦਾ ਕਹਿਣਾ ਹੈ ਕਿ ਇੱਕ ਫਾਰਮ ਉੱਤੇ ਕੋਵਿਡ-19 ਆਊਟਬ੍ਰੇਕ ਹੋਣ ਕਾਰਨ ਉਨ੍ਹਾਂ ਵੱਲੋਂ ਉੱਥੇ ਕੰਮ ਬੰਦ ਕਰਵਾ ਦਿੱਤਾ ਗਿਆ ਹੈ।

ਲੋਕਲ ਪਬਲਿਕ ਹੈਲਥ ਯੂਨਿਟ ਦਾ ਕਹਿਣਾ ਹੈ ਕਿ ਵੀਕੈਂਡ ਉੱਤੇ ਇੱਕ ਫਾਰਮ ਤੋਂ ਹੀ ਵਾਇਰਸ ਦੇ 191 ਕੇਸ ਮਿਲੇ। ਚੀਫ ਮੈਡੀਕਲ ਆਫੀਸਰ ਡਾ. ਵਾਜਿਦ ਅਹਿਮਦ ਨੇ ਫੌਰੀ ਤੌਰ ਉੱਤੇ ਕਦਮ ਚੁਕਦਿਆਂ ਫਾਰਮ ਉੱਤੇ ਕੰਮ ਬੰਦ ਕਰਨ ਦੇ ਹੁਕਮ ਦਿੱਤੇ ਤਾਂ ਕਿ ਇਹ ਯਕੀਨੀ ਬਣਾਇਆ ਜਾ ਸਕੇ ਕਿ ਕਰਮਚਾਰੀਆਂ ਨੂੰ ਆਈਸੋਲੇਟ ਕੀਤਾ ਜਾਵੇ ਤੇ ਹਰ ਤਰ੍ਹਾਂ ਦਾ ਕੰਮ ਬੰਦ ਕਰ ਦਿੱਤਾ ਜਾਵੇ।

ਅਹਿਮਦ ਨੇ ਦੱਸਿਆ ਕਿ ਇਸ ਇਲਾਕੇ ਦੇ ਫਾਰਮਜ਼ ਵਿੱਚ ਵੱਧ ਤੋਂ ਵੱਧ ਟੈਸਟ ਕਰਨ ਦੀ ਪ੍ਰਕਿਰਿਆ ਵੀ ਸ਼ੁਰੂ ਕਰ ਦਿੱਤੀ ਗਈ ਹੈ। ਵਿੰਡਸਰ-ਐਸੈਕਸ ਰੀਜਨ ਵਿੱਚ ਕੱਲ੍ਹ ਵੀ ਕੋਵਿਡ-19 ਦੇ ਨੌਂ ਨਵੇਂ ਮਾਮਲੇ ਸਾਹ-ਮਣੇ ਆਏ। ਇਨ੍ਹਾਂ ਵਿੱਚੋਂ ਸੱਤ ਐਗਰੀ-ਫਾਰਮ ਸੈਕਟਰ ਨਾਲ ਜੁੜੇ ਹੋਏ ਸਨ।

# 16 ਮਹੀਨੇ ਮਿਸਰ ਵਿੱਚ ਨਜ਼ਰਬੰਦ ਰਹਿਣ ਤੋਂ ਬਾਅਦ ਘਰ ਪਰਤਿਆ ਓਕਵਿੱਲੇ ਦਾ ਵਿਅਕਤੀ



ਟੋਰਾਂਟੋ, 2 ਜੁਲਾਈ (ਪੋਸਟ ਬਿਊਰੋ) : ਮਿਸਰ ਦੀ ਜੇਲ੍ਹ ਵਿੱਚ 16 ਮਹੀਨੇ ਗੁਜ਼ਾਰਨ ਤੋਂ ਬਾਅਦ ਓਕਵਿੱਲੇ ਦੇ ਵਿਅਕਤੀ ਨੂੰ ਆਖਿਰਕਾਰ ਰਿਹਾਅ ਕਰ ਦਿੱਤਾ ਗਿਆ ਤੇ ਉਹ ਕੈਨੇਡਾ ਵੀ ਪਰਤ ਆਇਆ ਹੈ।

52 ਸਾਲ ਇੰਜੀਨੀਅਰ ਯਾਸਰ ਅਲਬਾਜ਼ ਦੇ ਪਰਿਵਾਰ ਵੱਲੋਂ ਜਾਰੀ ਇੱਕ ਬਿਆਨ ਵਿੱਚ ਆਖਿਆ ਗਿਆ ਕਿ ਅਲਬਾਜ਼ ਵੀਰਵਾਰ ਸਵੇਰੇ ਟੋਰਾਂਟੋ ਪਹੁੰਚ ਗਿਆ। ਉਹ ਫਰਵਰੀ 2019 ਤੋਂ ਕਾਹਿਰਾ ਦੀ ਜੇਲ੍ਹ ਵਿੱਚ ਸੀ। ਉਸ ਨੂੰ ਬਿਜ਼ਨਸ ਟਰਿੱਪ ਤੋਂ ਘਰ ਪਰਤਦਿਆਂ ਏਅਰਪੋਰਟ ਉੱਤੇ ਹੀ ਨਜ਼ਰਬੰਦ ਕਰ ਲਿਆ ਗਿਆ ਸੀ। ਅਲਬਾਜ਼ ਕੋਲ ਦੋਹਰੀ ਨਾਗਰਿਕਤਾ ਹੈ ਤੇ ਉਹ ਕੈਨੇਡੀਅਨ ਪਾਸਪੋਰਟ ਉੱਤੇ ਸਫਰ ਕਰ ਰਿਹਾ ਸੀ।

ਉਸ ਦੀ ਧੀ, ਅਮਾਲ ਅਹਿਮਦ ਅਲਬਾਜ਼, ਨੇ ਪਹਿਲਾਂ ਆਖਿਆ ਸੀ ਕਿ ਉਨ੍ਹਾਂ ਦੇ ਪਰਿਵਾਰ ਨੂੰ ਨਹੀਂ ਪਤਾ ਕਿ ਉਨ੍ਹਾਂ ਨੂੰ ਕਿਉਂ ਨਜ਼ਰਬੰਦ ਕੀਤਾ ਗਿਆ ਹੈ। ਪਿਛਲੇ ਕੁੱਝ ਮਹੀਨਿਆਂ ਵਿੱਚ ਅਲਬਾਜ਼ ਨੂੰ ਰਿਹਾਅ ਕਰਵਾਉਣ ਦੀ ਮੰਗ ਉਸ ਸਮੇਂ ਵੱਧ ਗਈ ਸੀ ਜਦੋਂ ਉਸ ਦੀ ਧੀ ਨੇ ਦੱਸਿਆ ਸੀ ਕਿ ਅਲਬਾਜ਼ ਨੂੰ ਕੋਵਿਡ-19 ਵਰਗੇ ਲੱਛਣ ਹਨ। ਜਿਸ ਜੇਲ੍ਹ ਵਿੱਚ ਅਲਬਾਜ਼ ਨੂੰ ਰੱਖਿਆ ਗਿਆ ਸੀ ਉੱਥੇ ਸਾਫ ਸਫਾਈ ਦਾ ਕੋਈ ਖਾਸ ਪ੍ਰਬੰਧ ਨਹੀਂ ਸੀ, ਵੈਂਟੀਲੇਸ਼ਨ ਨਾ ਬਰਾਬਰ ਸੀ ਤੇ ਕੋਈ ਮੈਡੀਕਲ ਕੇਅਰ ਨਹੀਂ ਸੀ। ਅਲਬਾਜ਼ ਦੀ ਧੀ ਅਨੁਸਾਰ ਉਸ ਦੇ ਪਿਤਾ ਨੂੰ ਪਹਿਲਾਂ ਤੋਂ ਹੀ ਮੈਡੀਕਲ ਸਮੱਸਿਆਵਾਂ ਵੀ ਸਨ ਜਿਸ ਕਾਰਨ ਉਨ੍ਹਾਂ ਨੂੰ ਖਤਰਾ ਸੀ।

ਅਲਬਾਜ਼ ਨੂੰ ਵਾਪਿਸ ਲਿਆਉਣ ਵਿੱਚ ਮਦਦ ਕਰਨ ਲਈ ਪਰਿਵਾਰ ਵੱਲੋਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ, ਵਿਦੇਸ਼ ਮੰਤਰੀ ਫਰੈਂਕੋਇਸ ਫਿਲਿਪ ਸ਼ੈਂਪੇਨ, ਅੰਬੈਸਡਰ ਜੈਸ ਡੁਟੌਨ ਤੇ ਪਬਲਿਕ ਸਰਵਿਸਿਜ਼ ਐਂਡ ਪ੍ਰੋਕਿਓਰਮੈਂਟ ਮੰਤਰੀ ਅਨੀਤਾ ਆਨੰਦ ਦਾ ਧੰਨਵਾਦ ਕੀਤਾ ਗਿਆ ਹੈ।

# ਇੱਕ ਵੀ ਬੂੰਦ ਪਾਣੀ ਨਾ ਦੇਣ ਦੇ ਬਿਆਨ 'ਤੇ ਬਾਦਲ ਪਿਉ-ਪੁੱਤਰ ਤੋਂ ਅਦਾਲਤ ਵੱਲੋਂ ਜਵਾਬ ਤਲਬ



ਗੋਹਾਨਾ, 2 ਜੁਲਾਈ (ਪੋਸਟ ਬਿਊਰੋ)- ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਉਨ੍ਹਾਂ ਦੇ ਪੁੱਤਰ ਸੁਖਬੀਰ ਸਿੰਘ ਬਾਦਲ ਇੱਕ ਕੇਸ ਵਿੱਚ ਘਿਰ ਗਏ ਹਨ। ਸੁਪਰੀਮ ਕੋਰਟ ਦੀ ਤਿੰਨ ਮੈਂਬਰੀ ਬੈਂਚ ਨੇ ਬਾਦਲ ਪਿਉ-ਪੁੱਤਰ ਨੂੰ ਨੋਟਿਸ ਜਾਰੀ ਕਰ ਉਨ੍ਹਾਂ ਦੇ ਇਸ ਬਿਆਨ ਲਈ ਜਵਾਬ ਤਲਬ ਕੀਤਾ ਹੈ ਕਿ ਐਸ ਵਾਈ ਐਲ ਨਹਿਰ ਦਾ ਇੱਕ ਬੂੰਦ ਵੀ ਪਾਣੀ ਹਰਿਆਣਾ ਨੂੰ ਨਹੀਂ ਜਾਣ ਦਿੱਤਾ ਜਾਵੇਗਾ।

ਅਸਲ ਵਿੱਚ 10 ਦਸੰਬਰ 2016 ਨੂੰ ਜਦੋਂ ਸੁਪਰੀਮ ਕੋਰਟ ਨੇ ਪੰਜਾਬ ਵਿਧਾਨ ਸਭਾ ਵੱਲੋਂ ਪਾਸ ਕਾਨੂੰਨ ਨੂੰ ਗੈਰ-ਸੰਵਿਧਾਨਕ ਕਰਾਰ ਦੇ ਕੇ ਰੱਦ ਕਰ ਦਿੱਤਾ ਸੀ, ਓਦੋਂ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਸਨ। ਪਾਣੀ ਉੱਤੇ ਹਰਿਆਣਾ ਦੇ ਹੱਕ ਨੂੰ ਸੁਪਰੀਮ ਕੋਰਟ ਵੱਲੋਂ ਮਾਨਤਾ ਦੇਣ ਵਾਲੀ ਦਿਨ ਦੀ ਸ਼ਾਮ ਨੂੰ ਪ੍ਰਕਾਸ਼ ਸਿੰਘ ਬਾਦਲ ਅਤੇ ਉਨ੍ਹਾਂ ਦੇ ਬੇਟੇ ਸੁਖਬੀਰ ਸਿੰਘ ਬਾਦਲ ਨੇ ਬਿਆਨ ਜਾਰੀ ਕੀਤਾ ਸੀ ਕਿ ਭਾਵੇਂ ਕੁਝ ਵੀ ਹੋ ਜਾਵੇ, ਹਰਿਆਣਾ ਨੂੰ ਐਸ ਵਾਈ ਐਲ ਨਹਿਰ ਦੇ ਪਾਣੀ ਦੀ ਇੱਕ ਵੀ ਬੂੰਦ ਨਹੀਂ ਦਿੱਤੀ ਜਾਵੇਗੀ। ਹਰਿਆਣਾ ਜਨ ਪਾਰਟੀ ਦੇ ਮੁਖੀ ਸਤਿਆਵੀਰ ਨੇ ਦੱਸਿਆ ਕਿ ਅਦਾਲਤ ਦੇ ਇਸ ਹੁਕਮ ਦੀ ਉਲੰਘਣਾ ਦੇ ਖ਼ਿਲਾਫ਼ ਉਨ੍ਹਾਂ ਨੇ ਜਨਹਿਤ ਪਟੀਸ਼ਨ ਦਾਖ਼ਲ ਕੀਤੀ ਸੀ, ਜਿਸ ਨੂੰ ਇਸ ਲਈ ਵਾਪਸ ਕਰ ਦਿੱਤਾ ਗਿਆ ਕਿ ਪਹਿਲਾਂ ਇਸ ਦੇ ਲਈ ਅਟਾਰਨੀ ਜਨਰਲ ਆਫ ਇੰਡੀਆ ਤੋਂ ਸਹਿਮਤੀ ਲਵੋ। ਅਟਾਰਨੀ ਜਨਰਲ ਆਫ ਇੰਡੀਆ ਨੂੰ ਲਿਖਤੀ ਚਿੱਠੀ ਭੇਜੀ ਗਈ ਪਰ ਉਥੋਂ ਸਹਿਮਤੀ ਦੇਣ ਤੋਂ ਇਨਕਾਰ ਕਰ ਦਿੱਤਾ ਗਿਆ।

ਸਤਿਆਵੀਰ ਖ਼ੁਦ ਐਡਵੋਕੇਟ ਹਨ। ਉਨ੍ਹਾਂ ਕਿਹਾ ਕਿ ਇਸ 'ਤੇ ਉਨ੍ਹਾਂ ਆਪਣੇ ਲੋਕਤੰਤਰੀ ਹੱਕ ਦਾ ਸਹਾਰਾ ਲਿਆ। ਉਨ੍ਹਾਂ ਸਹਿਯੋਗੀ ਐਡਵੋਕੇਟ ਨਾਲ ਸੁਪਰੀਮ ਕੋਰਟ ਵਿੱਚ ਧਰਨਾ ਦਿੱਤਾ। ਇਸ ਉੱਤੇ ਵਿਖਾਵਾਕਾਰੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਪਰ ਸੁਪਰੀਮ ਕੋਰਟ ਦੇ ਰਜਿਸਟਰਾਰ ਨੇ ਅਦਾਲਤ ਦਾ ਰਾਹ ਸੁਝਾ ਦਿੱਤਾ। ਇਸ 'ਤੇ ਜਸਟਿਸ ਨਰੀਮਨ ਦਾ ਪ੍ਰਧਾਨਗੀ ਵਾਲੀ ਤਿੰਨ ਜੱਜਾਂ ਦੀ ਬੈਂਚ ਮਾਮਲੇ ਦੀ ਸੁਣਵਾਈ ਲਈ ਤਿਆਰ ਹੋ ਗਈ।

# 109 ਰੇਲਵੇ ਰੂਟਾਂ ਉਤੇ ਨਿੱਜੀ ਕੰਪਨੀਆਂ ਟ੍ਰੇਨ ਚਲਾਉਣਗੀਆਂ

ਨਵੀਂ ਦਿੱਲੀ, 2 ਜੁਲਾਈ (ਪੋਸਟ ਬਿਊਰੋ)- ਭਾਰਤ ਸਰਕਾਰ ਨੇ 109 ਰੂਟਾਂ ਉਤੇ ਟ੍ਰੇਨਾਂ ਚਲਾਉਣ ਦੀ ਪੂਰੀ ਜ਼ਿੰਮੇਦਾਰੀ ਨਿੱਜੀ ਕੰਪਨੀਆਂ ਦੇ ਹੱਥਾਂ ਵਿੱਚ ਸੌਂਪਣ ਦੀ ਯੋਜਨਾ ਬਣਾਈ ਹੈ ਅਤੇ ਇਸਦੇ ਲਈ ਟੈਂਡਰ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ। ਇਸ ਵਿੱਚ ਟ੍ਰੇਨਾਂ ਦੀ ਖ਼ਰੀਦ, ਉਸ ਦੇ ਲਈ ਪੈਸਾ ਜੁਟਾਉਣ, ਟ੍ਰੇਨਾਂ ਚਲਾਉਣ ਅਤੇ ਸੰਭਾਲ ਦੀ ਜ਼ਿੰਮੇਦਾਰੀ ਨਿੱਜੀ ਕੰਪਨੀ ਦੀ ਹੋਵੇਗੀ ਜਦੋਂ ਕਿ ਡਰਾਈਵਰ ਅਤੇ ਗਾਰਡ ਰੇਲਵੇ ਦੇ ਹੋਣਗੇ। ਸ਼ਰਤਾਂ ਮੁਤਾਬਕ ਟਰੇਨ ਚਲਾਉਣ ਵਾਲੀ ਕੰਪਨੀ ਆਪਣੀ ਆਮਦਨ ਵਿੱਚ ਰੇਲਵੇ ਨੂੰ ਹਿੱਸੇਦਾਰੀ ਦੇਵੇਗੀ। ਨਾਲ ਹੀ ਪਟਰੀ ਦੇ ਇਸਤੇਮ-ਾਲ ਦੇ ਲਈ ਭਾੜ੍ਹਾ ਅਤੇ ਉਪਯੋਗ ਦੇ ਆਧਾਰ 'ਤੇ ਬਿਜਲੀ ਦਾ ਖਰਚਾ ਵੀ ਉਹ ਰੇਲਵੇ ਨੂੰ ਦੇਵੇਗੀ। ਜਾਣਕਾਰ ਸੂਤਰਾਂ ਨੇ ਦੱਸਿਆ ਕਿ 12 ਕਲਸਟਰਾਂ ਵਿੱਚ 109 ਰੂਟਾਂ ਉਤੇ 'ਅਪ' ਅਤੇ 'ਡਾਊਨ' ਮਿਲਾ ਕੇ 218 ਟ੍ਰੇਨਾਂ ਦਾ ਚਲਾਉਣ ਦਾ ਕੰਮ ਨਿੱਜੀ ਕੰਪਨੀ ਨੂੰ ਮਿਲੇਗਾ। ਇਸ ਦੇ ਲਈ ਉਨ੍ਹਾਂ ਨੂੰ ਘੱਟੋ-ਘਟ 16 ਕੋਚ ਵਾਲੀ 151 ਆਧੁਨਿਕ ਟ੍ਰੇਨਾਂ ਖ਼ਰੀਦਣੀਆਂ ਹੋਣਗੀਆਂ। ਇਸ ਵਿੱਚ ਮੇਕ ਇਨ ਇੰਡੀਆ ਨੂੰ ਪਹਿਲ ਦੀ ਸ਼ਰਤ ਹੋਵੇਗੀ।

# ਚੀਨ ਨਾਲ ਵਪਾਰ ਨੀਤੀਆਂ ਦਾ ਖ਼ੁਲਾਸਾ ਕਰਨ ਲਈ ਸੁਪਰੀਮ ਕੋਰਟ 'ਚ ਪਟੀਸ਼ਨ ਦਾਇਰ

ਨਵੀਂ ਦਿੱਲੀ, 2 ਜੁਲਾਈ (ਪੋਸਟ ਬਿਊਰੋ)- ਭਾਰਤ ਤੇ ਚੀਨ ਵਿਚਾਲੇ ਤਲਖ਼ੀ ਦ ਮਾਹੌਲ ਦੌਰਾਨ ਸੁਪਰੀਮ ਕੋਰਟ 'ਚ ਇੱਕ ਪਟੀਸ਼ਨ ਦਾਇਰ ਕੀਤੀ ਗਈ ਹੈ, ਜਿਸ 'ਚ ਚੀਨ ਨਾਲ ਦੇਸ਼ ਦੀਆਂ ਵਪਾਰ ਨੀਤੀਆਂ ਦਾ ਖ਼ੁਲਾਸਾ ਕਰਨ ਲਈ ਭਾਰਤ ਸਰਕਾਰ ਨੂੰ ਨਿਰਦੇਸ਼ ਦੇਣ ਦੀ ਮੰਗ ਕੀਤੀ ਗਈ ਹੈ। ਇਸ ਤੋਂ ਇਲਾਵਾ ਪਟੀਸ਼ਨ 'ਚ ਅਡਾਨੀ ਗਰੁੱਪ, ਮਹਾਰਾਸ਼ਟਰ ਅਤੇ ਇੱਕ ਚੀਨੀ ਕੰਪਨੀ ਵਿਚਕਾਰ ਹੋਏ ਸਮਝੌਤੇ (ਐਮ ਓ ਯੂ) ਨੂੰ ਰੱਦ ਕਰਨ ਦੀ ਮੰਗ ਵੀ ਕੀਤੀ ਗਈ ਹੈ।

ਇਹ ਪਟੀਸ਼ਨ ਜੰਮੂ-ਕਸ਼ਮੀਰ ਦੀ ਐਡਵੋਕੇਟ ਸੁਪਰੀਆ ਪਾਠਕ ਨੇ ਸਰਬਉਚ ਅਦਾਲਤ 'ਚ ਦਾਇਰ ਕੀਤੀ ਹੈ ਤੇ ਇਸ ਵਿੱਚ ਉਸ ਨੇ ਅਡਾਨੀ ਗਰੁੱਪ, ਕੇਂਦਰ ਸਰਕਾਰ, ਮਹਾਰਾਸ਼ਟਰ ਤੇ ਗੁਜਰਾਤ ਸਰਕਾਰ ਨੂੰ ਵੀ ਧਿਰ ਬਣਾ ਕੇ ਮੰਗ ਕੀਤੀ ਹੈ ਕਿ ਚੀਨੀ ਕੰਪਨੀ ਨਾਲ ਕੀਤੇ ਗਏ ਵਪਾਰਕ 'ਕਰਾਰ' ਨੂੰ ਰੱਦ ਕਰਨ ਦਾ ਹੁਕਮ ਜਾਰੀ ਕੀਤਾ ਜਾਵੇ।


REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047



jobs! jobs! jobs! jobs! jobs!
DUNDAS·JAFINE
HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ
ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ
ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ
ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton
ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com



SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

## ਅੱਜ ਨਾਮਾ

ਜੰਮਿਆ ਜਿਹੜਾ ਵੀ, ਅੰਤ ਨੂੰ ਮਰੇਗਾ ਹੀ,
ਕੋਰੋਨਾ ਵਰਗਾ ਨਹੀਂ ਚਾਹੀਦਾ ਅੰਤ ਬੇਲੀ।
ਇਸ ਤੋਂ ਡਰੇ ਆ ਰੋਗਾਂ ਦੇ ਮਾਹਰ ਫਿਰਦੇ,
ਤ੍ਰਹਿਕਦੇ ਸੁਣਨ ਸਭ ਸਾਧ ਤੇ ਸੰਤ ਬੇਲੀ।
ਦਵਾਈ ਬਣੀ ਨਾ ਅਜੇ ਵੀ ਕੋਈ ਇਹਦੀ,
ਓਹੜ-ਪੋਹੜ ਜਿਹਾ ਸਿਰਫ ਚਲੰਤ ਬੇਲੀ।
ਹੋ ਜਾਏ ਮੌਤ ਤਾਂ ਕੋਲ ਨਾ ਕੋਈ ਆਉਂਦਾ,
ਦੂਰੋਂ ਈ ਖਿਸਕ ਜਾਵੇ ਜੀਆ-ਜੰਤ ਬੇਲੀ।
ਟੁੱਟਦਾ ਕਹਿਰ ਕੋਰੋਨਾ ਦਾ ਮਰਨ ਮਗਰੋਂ,
ਰੁਲਦੀ ਰਹਿੰਦੀ ਹੈ ਬੰਦੇ ਦੀ ਲਾਸ਼ ਬੇਲੀ।
ਓਦੋਂ ਕਈਆਂ ਦੇ ਮੂੰਹਾਂ ਤੋਂ ਨਿਕਲਦਾ ਈ,
ਮਰਨਾ ਏਦਾਂ ਦਾ ਹੋਵੇ ਨਹੀਂ ਕਾਸ਼ ਬੇਲੀ।

**ਤੀਸ ਮਾਰ ਖਾਂ**

# ਗੁਰਪਤਵੰਤ ਪੰਨੂੰ ਅਤੇ ਸਾਥੀਆਂ ਵਿਰੁੱਧ ਪੰਜਾਬ ਵਿੱਚ 2 ਕੇਸ ਦਰਜ

ਕਪੂਰਥਲਾ, 2 ਜੁਲਾਈ, (ਪੋਸਟ ਬਿਊਰੋ)- ਭਾਰਤ ਸਰਕਾਰ ਦੇ ਕੇਂਦਰੀ ਗ੍ਰਹਿ ਮੰਤਰਾਲੇ ਵੱਲੋਂ ਗੈਰ-ਕਾਨੂੰਨੀ ਸਰਗਰਮੀ (ਰੋਕਥਾਮ) ਐਕਟ ਹੇਠ ਸਿੱਖਸ ਫਾਰ ਜਸਟਿਸ (ਐੱਸ ਐੱਫ ਜੇ) ਦੇ ਗੁਰਪਤਵੰਤ ਸਿੰਘ ਪੰਨੂੰ ਨੂੰ ਅੱਤਵਾਦੀ ਐਲਾਨ ਕਰਨ ਤੋਂ ਇਕ ਦਿਨ ਬਾਅਦ ਪੰਜਾਬ ਪੁਲਸ ਨੇ ਅੱਜ ਵੀਰਵਾਰ ਉਸ ਦੇ ਖਿਲਾਫ ਅਤੇ ਉਸ ਦੇ ਸਹਿਯੋਗੀ ਅਤੇ ਐੱਸ ਐੱਫ ਜੇ ਦੇ ਐਕਟਿਵ ਮੈਂਬਰ ਜੋਗਿੰਦਰ ਸਿੰਘ ਗੁੱਜਰ ਦੇ ਖਿਲਾਫ ਅੰਮ੍ਰਿਤਸਰ ਅਤੇ ਕਪੂਰਥਲਾ ਵਿੱਚ 2 ਵੱਖ-ਵੱਖ ਕੇਸ ਦਰਜ ਕੀਤੇ ਹਨ। ਜੋਗਿੰਦਰ ਸਿੰਘ ਗੁੱਜਰ ਇਸ ਸਾਲ ਫਰਵਰੀ ਵਿੱਚ ਇਟਲੀ ਤੋਂ ਭਾਰਤ ਆਇਆ ਸੀ।

ਵਰਨਣ ਯੋਗ ਹੈ ਕਿ ਖਾਲਿਸਤਾਨ ਦੀ ਮੰਗ ਕਰਨ ਵਾਲਾ ਗੁਰਪਤਵੰਤ ਪੰਨੂੰ, ਜਿਸ ਬਾਰੇ ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਪਿੱਛੇ ਜਿਹੇ ਕਿਹਾ ਸੀ ਕਿ ਉਹ ਪੰਜਾਬ ਵਿੱਚ ਖਾੜਕੂਵਾਦ ਨੂੰ ਹਵਾ ਦੇਣ ਲਈ ਸਰਗਰਮ ਸੀ, ਨੂੰ ਭਾਰਤ ਦੇ ਗ੍ਰਹਿ ਮੰਤਰਾਲੇ ਨੇ ਖਾੜਕੂਆਂ ਵਜੋਂ ਨਾਮਜ਼ਦ ਕੀਤੇ ਨੌਂ ਜਣਿਆਂ ਵਿੱਚ ਸ਼ਾਮਲ ਕੀਤਾ ਹੈ। ਗ੍ਰਹਿ ਮੰਤਰਾਲੇ ਨੇ ਗੁਰਪਤਵੰਤ ਪੰਨੂੰ ਨੂੰ ਭਾਰਤ ਵਿਰੁੱਧ ਵੱਖਵਾਦੀ ਮੁਹਿੰਮ ਸਰਗਰਮੀ ਨਾਲ ਚਲਾਉਣ ਤੇ ਪੰਜਾਬ ਦੇ ਨੌਜਵਾਨਾਂ ਨੂੰ ਖਾੜਕੂ ਬਣਨ ਲਈ ਉਕਸਾਉਣ ਦੇ ਕਾਰਨ ਖਾੜਕੂਆਂ ਦੀ ਲਿਸਟ ਵਿੱਚ ਨਾਮਜ਼ਦ ਕੀਤਾ ਹੈ।

ਇਸ ਸੰਬੰਧ ਵਿੱਚ ਦਲਿਤ ਸੁਰੱਖਿਆ ਸੈਨਾ (ਡੀ ਐੱਸ ਐੱਸ) ਨੇ ਗੁਰਪਤਵੰਤ ਪੰਨੂੰ ਤੇ ਉਸ ਦੇ ਸਾਥੀਆਂ ਖਿਲਾਫ ਥਾਣਾ ਬੀ ਡਵੀਜ਼ਨ ਅੰਮ੍ਰਿਤਸਰ ਵਿਖੇ ਇੱਕ ਸ਼ਿਕਾਇਤ ਦਰਜ ਕਰਵਾਈ ਅਤੇ ਭਾਰਤ ਦਾ ਸੰਵਿਧਾਨ ਤੇ ਭਾਰਤ ਦਾ ਕੌਮੀ ਝੰਡਾ ਸਾੜਨ ਅਤੇ ਹੋਰਨਾਂ ਨੂੰ ਵੀ ਏਦਾਂ ਕਰਨ ਲਈ ਉਕਸਾਉਣ ਦਾ ਕੇਸ ਦਰਜ ਕਰਾਇਆ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਇਸ ਹਰਕਤ ਨਾਲ ਦੇਸ਼ ਦੇ ਦਲਿਤ ਭਾਈਚਾਰੇ ਦੀਆਂ ਭਾਵਨਾਵਾਂ ਨੂੰ ਠੇਸ ਪੁੱਜੀ ਸੀ। ਦਲਿਤ ਸੁਰੱਖਿਆ ਸੈਨਾ ਨੇ ਆਪਣੀ ਇਸ ਸ਼ਿਕਾਇਤ ਵਿੱਚ ਕਿਹਾ ਹੈ ਕਿ ਅਮਰੀਕਾ ਵਿੱਚੋਂ ਚੱਲਦੇ ਸਿੱਖਸ ਫਾਰ ਜਸਟਿਸ ਦੇ ਕਾਨੂੰਨੀ ਸਲਾਹਕਾਰ ਗੁਰਪਤਵੰਤ ਸਿੰਘ ਪੰਨੂੰ ਤੇ ਉਸ ਦੇ ਸਾਥੀ ਇਕ ਵੀਡੀਓ ਵਿਚ



'ਖਾਲਿਸਤਾਨ ਜਿੰਦਾਬਾਦ' ਦੇ ਨਾਅਰੇ ਲਾਉਂਦੇ ਤੇ ਭਾਰਤ ਦੇ ਸੰਵਿਧਾਨ ਅਤੇ ਝੰਡੇ ਨੂੰ ਅੱਗ ਲਾਉਂਦੇ ਵੇਖੇ ਗਏ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਗੁਰਪਤਵੰਤ ਪੰਨੂੰ ਨੂੰ ਸਾਰੀ ਸਿੱਖ ਕੌਮ ਨੂੰ ਭਾਰਤੀ ਸੰਵਿਧਾਨ ਵਿਰੁੱਧ ਅਤੇ ਰੈਫਰੈਂਡਮ 2020 ਦੇ ਹੱਕ ਵਿਚ ਭੜਕਾਉਂਦੇ ਵੇਖਿਆ ਗਿਆ ਸੀ।

ਪੰਜਾਬ ਪੁਲਸ ਦੇ ਬੁਲਾਰੇ ਨੇ ਦੱਸਿਆ ਕਿ ਇਸ ਸ਼ਿਕਾਇਤ ਬਾਰੇ ਤੁਰੰਤ ਕਾਰਵਾਈ ਕਰਨੀ ਜਰੂਰੀ ਸੀ, ਕਿਉਂਕਿ ਗੁਰਪਤਵੰਤ ਸਿੰਘ ਪੰਨੂੰ ਤੇ ਉਸ ਦੇ ਸਾਥੀ ਆਪਣੇ ਕੰਮਾਂ ਅਤੇ ਸ਼ਬਦਾਂ ਨਾਲ ਦੇਸ਼ ਧ੍ਰੋਹੀਆਂ ਵਿੱਚ ਸ਼ਾਮਲ ਪਾਏ ਗਏ ਹਨ ਤੇ ਇਸ ਤਰ੍ਹਾਂ ਫਿਰਕੂ ਫੁੱਟ ਪੈਦਾ ਕਰਨ ਦੇ ਨਾਲ ਕਾਨੂੰਨ ਵਲੋਂ ਸਥਾਪਤ ਸਰਕਾਰ ਪ੍ਰਤੀ ਭੜਕਾਉਣ ਦੀ ਕੋਸ਼ਿਸ਼ ਕਰਦੇ ਹਨ। ਇਸ ਕਾਰਨ ਇਕ ਪਾਬੰਦੀ ਸ਼ੁਦਾ ਸੰਗਠਨ ਦੇ ਮੈਂਬਰ ਵਜੋਂ ਗੁਰਪਤਵੰਤ ਸਿੰਘ ਪੰਨੂੰ ਤੇ ਉਸ ਦੇ ਸਹਿਯੋਗੀਆਂ ਦੇ ਖਿਲਾਫ ਅਪਰਾਧ ਰੋਕੂ ਐਕਟ 1971 ਦੀ ਧਾਰਾ 2, ਭਾਰਤੀ ਦੰਡਾਵਲੀ ਨਿਯਮ ਦੇ ਸੈਕਸ਼ਨ 504, 124-ਏ ਅਤੇ 153-ਏ, ਯੂ ਏ ਪੀ ਏ ਦੀ ਧਾਰਾ 10 (ਏ) ਅਤੇ 13 (1) ਅਤੇ ਐੱਸ ਸੀ/ ਐੱਸ ਟੀ ਐਕਟ ਦੀ ਧਾਰਾ 3 ਹੇਠ ਕਾਰਵਾਈ ਕਰਨ ਲਈ ਆਧਾਰ ਬਣਦਾ ਹੈ। ਪੁਲਸ ਦੇ ਬੁਲਾਰੇ ਨੇ ਦੱਸਿਆ ਕਿ ਦੂਸਰੀ ਸ਼ਿਕਾਇਤ ਭੁਲੱਥ ਜ਼ਿਲਾ ਕਪੂਰਥਲਾ ਵਿਖੇ ਦਰਜ ਹੋਈ ਹੈ, ਜਿਹੜੀ ਫਰਵਰੀ 2020 ਵਿੱਚ ਜੋਗਿੰਦਰ ਸਿੰਘ ਗੁੱਜਰ ਉਰਫ ਗੋਗਾ ਦੇ ਭਾਰਤ ਵਿੱਚ ਆਉਣ ਦੀ ਭਰੋਸੇ ਯੋਗ ਸੂਚਨਾ ਦੇ ਆਧਾਰ ਉੱਤੇ ਦਰਜ ਹੋਈ ਹੈ। ਇਸ ਕੇਸ ਵਿੱਚ ਵੀ ਗੁਰਪਤਵੰਤ ਸਿੰਘ ਪੰਨੂੰ ਅਤੇ ਉਸ ਦੇ ਸਾਥੀਆਂ ਉੱਤੇ ਦੇਸ਼ ਧ੍ਰੋਹ ਅਤੇ ਵੱਖਵਾਦੀ ਗਤੀਵਿਧੀਆਂ ਦਾ ਦੋਸ਼ ਲੱਗਾ ਹੈ। ਪੁਲਸ ਦੇ ਬੁਲਾਰੇ ਨੇ ਦੱਸਿਆ ਕਿ ਜੋਗਿੰਦਰ ਸਿੰਘ ਗੁੱਜਰ ਉਰਫ ਗੋਗਾ ਪੁੱਤਰ ਅਵਤਾਰ ਸਿੰਘ ਅਤੇ ਗੁਰਪਤਵੰਤ ਪੰਨੂੰ ਅਤੇ ਸਿੱਖਸ ਫਾਰ ਜਸਟਿਸ (ਐੱਸ ਐੱਫ ਜੇ) ਦੇ ਉਨ੍ਹਾਂ ਦੇ ਸਾਥੀਆਂ ਦੇ ਖਿਲਾਫ ਗੈਰ-ਕਾਨੂੰਨੀ ਗਤੀਵਿਧੀਆਂ (ਰੋਕੂ) ਐਕਟ 1967 ਦੀ ਧਾਰਾ 10 (ਏ) ਅਤੇ (ਬੀ), 11, 13 (1) ਅਤੇ 17 ਹੇਠ ਕੇਸ ਦਰਜ ਕੀਤਾ ਗਿਆ ਹੈ, ਕਿਉਂਕਿ ਗੁਰਪਤਵੰਤ ਪੰਨੂ ਨੇ ਆਡੀਓ ਜਾਰੀ ਕਰ ਕੇ ਕੇਂਦਰ ਸਰਕਾਰ ਨੂੰ ਧਮਕੀ ਦੇਂਦਿਆਂ ਕਿਹਾ ਹੈ ਕਿ 15 ਅਗਸਤ ਨੂੰ ਲਾਲ ਕਿਲ੍ਹੇ ਉੱਤੇ ਖਾਲਿਸਤਾਨ ਦਾ ਝੰਡਾ ਲਹਿਰਾਇਆ ਜਾਵੇਗਾ।

ਵਰਨਣ ਯੋਗ ਹੈ ਕਿ ਗੁਰਪਤਵੰਤ ਪੰਨੂੰ ਨੇ ਆਪਣੇ ਆਡੀਓ ਵਿੱਚ ਭਾਰਤ ਸਰਕਾਰ ਨੂੰ ਦਹਿਸ਼ਤਗਰਦ ਦੱਸਦੇ ਹੋਏ ਧਮਕੀ ਦਿੱਤੀ ਹੈ ਕਿ ਪਹਿਲਾਂ ਅਸੀਂ ਦਿੱਲੀ ਉੱਤੇ ਕਬਜ਼ਾ ਨਹੀਂ ਕਰਨਾ, ਪਰ ਹਾਲੇ ਸਰਕਾਰ ਦੋ ਤਰੀਕਾਂ 4 ਜੁਲਾਈ ਤੇ 15 ਅਗਸਤ ਯਾਦ ਰੱਖੇ, 4 ਜੁਲਾਈ ਨੂੰ ਰੈਫਰੈਂਡਮ-2020 ਲਈ ਵੋਟਰ ਰਜਿਸਟ੍ਰੇਸ਼ਨ ਸ਼ੁਰੂ ਕੀਤੀ ਜਾਵੇਗੀ ਤੇ 15 ਅਗਸਤ ਨੂੰ ਦਿੱਲੀ ਵਿੱਚ ਲਾਲ ਕਿਲ੍ਹੇ ਉੱਤੇ ਖਾਲਿਸਤਾਨ ਦਾ ਝੰਡਾ ਲਹਿਰਾਇਆ ਜਾਵੇਗਾ।

## ਸੁਮੇਧ ਸਿੰਘ ਸੈਣੀ ਦੇ ਖਿਲਾਫ ਚੱਲਦਾ ਸੰਗੀਨ ਕੇਸ ਦੂਸਰੀ ਅਦਾਲਤ ਵਿੱਚ ਤਬਦੀਲ

ਚੰਡੀਗੜ੍ਹ, 2 ਜੁਲਾਈ, (ਪੋਸਟ ਬਿਊਰੋ)- ਪੰਜਾਬ ਪੁਲਸ ਦੇ ਸਾਬਕਾ ਮੁਖੀ (ਡੀ ਜੀ ਪੀ ਸੁਮੇਧ ਸਿੰਘ ਸੈਣੀ ਦੇ ਵਿਰੁੱਧ ਬਲਵੰਤ ਸਿੰਘ ਮੁਲਤਾਨੀ ਦੇ ਲਾਪਤਾ ਹੋਣ ਬਾਰੇ ਚੱਲਦਾ ਕੇਸ ਅੱਜ ਰਜਨੀਸ਼ ਗਰਗ ਦੀ ਅਦਾਲਤ ਵਿੱਚ ਤਬਦੀਲ ਕਰ ਦਿੱਤਾ ਗਿਆ ਹੈ। ਪੰਜਾਬ ਸਰਕਾਰ ਨੇ ਇਸ ਬਾਰੇ ਅਰਜ਼ੀ ਦਾਖਲ ਕਰ ਕੇ ਅਦਾਲਤ ਤੋਂ ਮੰਗ ਕੀਤੀ ਸੀ ਕਿ ਇਸ ਕੇਸ ਨੂੰ ਕਿਸੇ ਹੋਰ ਅਦਾਲਤ ਵਿੱਚ ਤਬਦੀਲ ਕਰ ਦਿੱਤਾ ਜਾਵੇ।

ਵਰਨਣ ਯੋਗ ਹੈ ਕਿ ਪੰਜਾਬ ਦੇ ਸਾਬਕਾ ਆਈ ਏ ਐਸ ਅਫਸਰ ਦੇ ਪੁੱਤਰ ਅਤੇ ਚੰਡੀਗੜ੍ਹ ਟੂਰਿਜ਼ਮ ਦੇ ਜੂਨੀਅਰ ਇੰਜੀਨੀਅਰ ਬਲਵੰਤ ਸਿੰਘ ਮੁਲਤਾਨੀ ਨੂੰ 29 ਸਾਲ ਪਹਿਲਾਂ ਅਗਵਾ ਕਰਨ ਦੇ ਕੇਸ ਵਿੱਚ ਪੰਜਾਬ ਦੇ ਸਾਬਕਾ ਡੀ ਜੀ ਪੀ ਸੁਮੇਧ ਸਿੰਘ ਸੈਣੀ ਦੇ ਵਿਰੁੱਧ ਸੁਣਵਾਈ ਚੱਲ ਰਹੀ ਹੈ। ਪੀੜਤ ਪਰਿਵਾਰ ਨੇ ਪੰਜਾਬ ਦੇ ਸਾਬਕਾ ਡੀ ਜੀ ਪੀ ਸੁਮੇਧ ਸਿੰਘ ਦੇ ਖਿਲਾਫ ਕੇਸ ਕਿਸੇ ਹੋਰ ਅਦਾਲਤ ਵਿੱਚ ਤਬਦੀਲ ਕਰਨ ਦੀ ਮੰਗ ਕੀਤੀ ਹੋਈ ਸੀ। ਪੀੜਤ ਪਰਿਵਾਰ ਵੱਲੋਂ ਸ਼ਿਕਾਇਤ ਕਰਤਾ ਪਲਵਿੰਦਰ ਸਿੰਘ ਮੁਲਤਾਨੀ ਨੇ ਸਰਕਾਰੀ ਵਕੀਲ ਸੰਜੀਵ ਬੱਤਰਾ ਰਾਹੀਂ ਅਦਾਲਤ ਨੂੰ ਇਹ ਅਰਜ਼ੀ ਦਿੱਤੀ ਸੀ ਕਿ ਸੁਮੇਧ ਸੈਣੀ ਤੇ ਹੋਰਨਾਂ ਦੇ ਖ਼ਿਲਾਫ਼ ਦਰਜ ਕੇਸ ਦੀ ਸੁਣਵਾਈ ਕਿਸੇ ਹੋਰ ਅਦਾਲਤ ਵਿੱਚ ਤਬਦੀਲ ਕੀਤੀ ਜਾਵੇ।

## ਗੈਂਗਸਟਰ ਸ਼ੇਰਾ ਨੇ ਗੈਂਗ ਨਾਲ ਕੀਤੀ ਸੀ ਪੁਲਸ ਵਰਦੀ ਵਿੱਚ ਲੁੱਟ

ਅੰਮ੍ਰਿਤਸਰ, 2 ਜੁਲਾਈ (ਪੋਸਟ ਬਿਊਰੋ)- ਅਟਾਰੀ ਵਿੱਚ ਸੋਮਵਾਰ ਸਵੇਰੇ ਕੋਲਡ ਡ੍ਰਿੰਕਸ ਦੀ ਏਜੰਸੀ ਦੇ ਮਾਲਕ ਦੇ ਘਰ ਵਿੱਚ ਪੁਲਸ ਤੇ ਵਲੰਟੀਅਰਾਂ ਦੀ ਵਰਦੀ ਵਿੱਚ 15 ਲੱਖ ਦੀ ਲੁੱਟ ਦੇ ਕੇਸ ਵਿੱਚ ਪੁਲਸ ਨੇ ਗੈਂਗਸਟਰ ਸ਼ਮਸ਼ੇਰ ਸਿੰਘ ਉਰਫ ਸ਼ੇਰਾ ਨੂੰ ਨਾਮਜ਼ਦ ਕੀਤਾ ਹੈ। ਪਤਾ ਲੱਗਾ ਹੈ ਕਿ ਸ਼ੇਰਾ ਨੇ ਆਪਣੇ ਸਾਥੀਆਂ ਦੇ ਨਾਲ ਮਿਲ ਕੇ ਇਹ ਵਾਰਦਾਤ ਕੀਤੀ ਸੀ। ਪੁਲਸ ਨੂੰ ਪਿਛਲੇ ਤਿੰਨ ਸਾਲ ਤੋਂ ਸ਼ੇਰਾ ਅਤੇ ਉਸ ਦੇ ਗੈਂਗ ਦੀ ਤਲਾਸ਼ ਹੈ।

ਵਰਨਣ ਯੋਗ ਹੈ ਕਿ ਸ਼ੇਰਾ ਨੇ ਮਈ 2017 ਵਿੱਚ ਰਣਜੀਤ ਐਵੇਨਿਊ ਦੇ ਵਸਨੀਕ ਡਾਕਟਰ ਮਨੀਸ਼ ਨੂੰ ਅਗਵਾ ਕੀਤਾ ਸੀ ਅਤੇ ਉਨ੍ਹਾਂ ਨੂੰ ਛੱਡਣ ਦੇ ਲਈ 25 ਲੱਖ ਫਿਰੌਤੀ ਵਸੂਲੀ ਸੀ। ਇਸ ਮਾਮਲੇ ਵਿੱਚ ਸ਼ਮਸ਼ੇਰ ਸਿੰਘ ਉਰਫ ਸ਼ੇਰਾ ਅਤੇ ਰੂਬਲਜੀਤ ਸਿੰਘ ਦਾ ਨਾਂਅ ਆਉਂਦੇ ਸਾਰ ਪੁਲਸ ਦਾ ਖੁਫੀਆ ਵਿਭਾਗ ਐਕਟਿਵ ਹੋ ਗਿਆ ਹੈ। ਦੋਸ਼ੀ ਏਅਰਪੋਰਟ ਰੋਡ ਉੱਤੇ ਮੀਰਾਂਕੋਟ ਚੌਕ ਦੇ ਵਾਸੀ ਹਨ।

## ਇਟਲੀ ਦੇ ਸਮੁੰਦਰੀ ਗਾਰਡਾਂ ਦੇ ਮਾਮਲੇ ਵਿਚ ਕੌਮਾਂਤਰੀ ਟ੍ਰਿਬਿਊਨਲ ਨੇ ਭਾਰਤ ਸਰਕਾਰ ਦਾ ਪੱਖ ਠੀਕ ਮੰਨਿਆ



ਮੁਲਜ਼ਮਾਂ ਦੀ ਫਾਇਲ ਫੋਟੋ।

ਨਵੀਂ ਦਿੱਲੀ, 2 ਜੁਲਾਈ, (ਪੋਸਟ ਬਿਊਰੋ)- ਸਾਲ 2012 ਵਿੱਚ ਇਟਲੀ ਦੇ ਸਮੁੰਦਰੀ ਗਾਰਡਾਂ ਮੈਸੀ ਮਿਲੀਆਨੋ ਲਟੋਰੇ ਅਤੇ ਸਾਲਵਾਟੋਰੇ ਗਿਰੋਨੇ ਵੱਲੋਂ ਦੋ ਭਾਰਤੀ ਮਛੇਰਿਆਂ ਨੂੰ ਗੋਲੀ ਮਾਰ ਕੇ ਮਾਰ ਦੇਣ ਦੇ ਕੇਸ ਦੀ ਸੁਣਵਾਈ ਵਾਲੇ ਕੌਮਾਂਤਰੀ ਟ੍ਰਿਬਿਊਨਲ ਨੇ ਇਸ ਵਿੱਚ ਭਾਰਤ ਦੀ ਕਾਰਵਾਈ ਨੂੰ ਸਹੀ ਮੰਨਿਆ ਅਤੇ ਕਿਹਾ ਹੈ ਕਿ ਇਟਲੀ ਦੇ ਸਮੁੰਦਰੀ ਗਾਰਡਾਂ ਦੇ ਖ਼ਿਲਾਫ਼ ਕਾਰਵਾਈ ਲਈ ਭਾਰਤ ਕੋਲ ਜਾਇਜ਼ ਕਾਨੂੰਨੀ ਆਧਾਰ ਹੈ। ਇਸ ਦੇ ਨਾਲ ਇਨ੍ਹਾਂ ਸਮੁੰਦਰੀ ਫ਼ੌਜੀਆਂ ਨੂੰ ਭਾਰਤ ਵਿੱਚ ਹਿਰਾਸਤ ਵਿੱਚ ਰੱਖਣ ਲਈ ਮੁਆਵਜ਼ੇ ਦਾ ਇਟਲੀ ਦਾ ਦਾਅਵਾ ਰੱਦ ਕਰ ਦਿੱਤਾ ਹੈ।

ਭਾਰਤ ਦੇ ਵਿਦੇਸ਼ੀ ਮੰਤਰਾਲੇ ਦੇ ਬੁਲਾਰੇ ਅਨੁਰਾਗ ਸ੍ਰੀਵਾਸਤਵ ਨੇ ਅੱਜ ਵੀਰਵਾਰ ਨੂੰ ਦੱਸਿਆ ਕਿ ਟ੍ਰਿਬਿਊਨਲ ਨੇ ਯੂ ਐੱਨ ਸੀ ਐੱਲ ਓ ਐੱਸ (ਸਮੁੰਦਰ ਬਾਰੇ ਕਾਨੂੰਨ ਉੱਤੇ ਯੂ ਐੱਨ ਐਗਰੀਮੈਂਟ) ਦੀਆਂ ਤਜਵੀਜ਼ਾਂ ਹੇਠ ਭਾਰਤ ਸਰਕਾਰ ਦੇ ਅਧਿਕਾਰੀਆਂ ਦਾ ਵਿਹਾਰ ਸਹੀ ਪਾਇਆ ਗਿਆ ਹੈ। ਭਾਰਤ ਨੇ 15 ਫਰਵਰੀ 2012 ਨੂੰ ਕੇਰਲਾ ਦੇ ਸਮੁੰਦਰੀ ਤੱਟ ਨੇੜੇ ਦੋ ਭਾਰਤੀ ਮਛੇਰਿਆਂ ਨੂੰ ਗੋਲੀ ਮਾਰ ਕੇ ਮਾਰ ਦੇਣ ਦੇ ਕੇਸ ਵਿੱਚ ਇਟਲੀ ਦੇ ਤੇਲ ਟੈਂਕਰ ਐੱਮ ਵੀ ਐਨਰਿਕਾ ਲੈਕਸੀ ਦੇ ਦੋ ਇਟਾਲੀਅਨ ਸਮੁੰਦਰੀ ਗਾਰਡਾਂ ਉੱਤੇ ਦੋਸ਼ ਲਾਇਆ ਸੀ। ਇਸ ਬਾਰੇ ਇਟਲੀ ਦੀ ਅਪੀਲ ਉੱਤੇ 26 ਜੂਨ 2015 ਨੂੰ ਯੂ ਐੱਨ ਸੀ ਐੱਲ ਓ ਐੱਸ ਦੀਆਂ ਧਾਰਾਵਾਂ ਹੇਠ ਟ੍ਰਿਬਿਊਨਲ ਬਣਾਇਆ ਗਿਆ ਸੀ। ਟ੍ਰਿਬਿਊਨਲ ਨੇ ਆਪਣੇ ਫ਼ੈਸਲੇ ਵਿੱਚ ਕਿਹਾ ਹੈ ਕਿ ਇਟਾਲੀਅਨ ਗਾਰਡਾਂ ਦੀ ਹਰਕਤ ਨਾਲ ਯੂ ਐੱਨ ਸੀ ਐੱਲ ਓ ਐੱਸ ਦੀਆਂ ਵੱਖ-ਵੱਖ ਧਾਰਾਵਾਂ ਹੇਠ ਭਾਰਤ ਦੀ ਫਰੀਡਮ ਆਫ ਨੇਵੀਗੇਸ਼ਨ ਦੀ ਉਲੰਘਣਾ ਹੋਈ ਹੈ। ਸ੍ਰੀਵਾਸਤਵ ਨੇ ਆਨਲਾਈਨ ਮੀਡੀਆ ਬ੍ਰੀਫਿੰਗ ਦੌਰਾਨ ਕਿਹਾ ਕਿ 'ਟ੍ਰਿਬਿਊਨਲ ਨੇ ਪਾਇਆ ਕਿ ਇਸ ਘਟਨਾ ਦੇ ਸੰਬੰਧ ਵਿੱਚ ਭਾਰਤ ਤੇ ਇਟਲੀ ਵਿਚਾਲੇ ਸਮਵਰਤੀ ਅਧਿਕਾਰ ਖੇਤਰ ਹੈ ਤੇ ਸਮੁੰਦਰੀ ਗਾਰਡਾਂ ਦੇ ਖ਼ਿਲਾਫ ਅਪਰਾਧਿਕ ਕਾਰਵਾਈ ਦਾ ਜਾਇਜ਼ ਕਾਨੂੰਨੀ ਆਧਾਰ ਹੈ।' ਉਨ੍ਹਾਂ ਕਿਹਾ ਕਿ ਟ੍ਰਿਬਿਊਨਲ ਨੇ ਸਮੁੰਦਰੀ ਗਾਰਡਾਂ ਨੂੰ ਹਿਰਾਸਤ ਵਿੱਚ ਰੱਖਣ ਲਈ ਮੁਆਵਜ਼ੇ ਦਾ ਇਟਲੀ ਦਾ ਦਾਅਵਾ ਰੱਦ ਕਰ ਦਿੱਤਾ ਹੈ।

### ਅਦਾਲਤੀ ਦਸਤਾਵੇਜ਼ਾਂ ਤੋਂ ਖੁਲਾਸਾ

## ਬ੍ਰਿਟੇਨ ਦੇ ਰਾਜ ਪਰਵਾਰ ਦੀ ਨੂੰਹ ਮਰਕੇਲ ਖੁਦ ਨੂੰ ਸੁਰੱਖਿਅਤ ਨਹੀਂ ਸੀ ਮਹਿਸੂਸ ਕਰਦੀ

ਲੰਡਨ, 2 ਜੁਲਾਈ, (ਪੋਸਟ ਬਿਊਰੋ)- ਬ੍ਰਿਟੇਨ ਦੇ ਹਾਈ ਕੋਰਟ ਦੇ ਦਸਤਾਵੇਜ਼ਾਂ ਤੋਂ ਇਹ ਭੇਦ ਖੁੱਲ੍ਹਾ ਹੈ ਕਿ ਉਸ ਦੇਸ਼ ਦੇ ਮੀਡੀਆ ਵਿਚ ਰਾਜ ਪਰਵਾਰ ਦੀ ਨੂੰਹ 'ਡੱਚੇਸ ਆਫ ਸਸੈਕਸ' ਮੇਘਨ ਮਰਕੇਲ ਦੇ ਬਾਰੇ ਛਪੇ ਭਾਵਨਾਤਮਕ ਤੌਰ ਉੱਤੇ ਲਿਖੇ ਲੇਖਾਂ ਤੋਂ ਪ੍ਰਿੰਸੇਸ ਮਰਕੇਲ ਖੁਦ ਨੂੰ ਸੁਰੱਖਿਅਤ ਨਹੀਂ ਸੀ ਮਹਿਸੂਸ ਕਰਦੀ।



ਵਰਨਣ ਯੋਗ ਹੈ ਕਿ 'ਡਿਊਕ ਆਫ ਸਸੈਕਸ' ਪ੍ਰਿੰਸ ਹੈਰੀ ਦੀ ਪਤਨੀ ਅਤੇ ਅਮਰੀਕੀ ਫਿਲਮ ਜਗਤ ਦੀ ਸਾਬਕਾ ਅਭਿਨੇਤਰੀ ਮੇਘਨ (38 ਸਾਲ) ਨੇ ਪ੍ਰਾਈਵੇਸੀ ਦਾ ਉਲੰਘਣ ਕਰਨ ਦੇ ਦੋਸ਼ ਵਿਚ 'ਦ ਮੇਲ ਆਨ ਸੰਡੇ' ਅਖਬਾਰ ਤੇ ਉਸ ਦੇ ਮਾਲਕ ਐਸੋਸੀਏਟਡ ਨਿਊਜ਼ਪੇਪਰ ਲਿਮਟਿਡ ਦੇ ਖਿਲਾਫ ਇੱਕ ਕਾਨੂੰਨੀ ਕੇਸ ਦਾਇਰ ਕੀਤਾ ਸੀ। ਮੇਘਨ ਦਾ ਦੋਸ਼ ਹੈ ਕਿ ਅਗਸਤ 2018 ਵਿੱਚ ਉਨ੍ਹਾਂ ਵਲੋਂ ਆਪਣੇ ਪਿਤਾ ਥਾਮਸ ਮਰਕੇਲ ਨੂੰ ਹੱਥੀਂ ਲਿਖੇ ਇਕ ਪੱਤਰ ਦੇ ਕੁਝ ਹਿੱਸੇ ਅਖਬਾਰ ਨੇ ਬਿਨਾਂ ਅਗਿਆ ਤੋਂ ਛਾਪੇ ਸਨ। ਪ੍ਰਕਾਸ਼ਕ ਨੇ ਮੇਘਨ ਦੇ ਇਨ੍ਹਾਂ ਦੋਸ਼ਾਂ ਦਾ ਖੰਡਨ ਕੀਤਾ ਸੀ। ਇਸ ਕੇਸ ਦੀ ਸੁਣਵਾਈ ਦੀ ਤਰੀਖ ਅਜੇ ਤੈਅ ਨਹੀਂ ਹੋਈ, ਪਰ ਦੋਵਾਂ ਧਿਰਾਂ ਵਿਚਾਲੇ ਕਾਨੂੰਨੀ ਸਮਝੌਤਿਆਂ ਬਾਰੇ ਗੱਲ ਸੁਣੀ ਜਾ ਰਹੀ ਹੈ। ਬੀ ਬੀ ਸੀ ਵਲੋਂ ਇਸ ਹਫਤੇ ਦੇਖੇ ਗਏ ਅਦਾਲਤੀ ਦਸਤਾਵੇਜ਼ਾਂ ਤੋਂ ਭੇਦ ਖੁੱਲ੍ਹਾ ਹੈ ਕਿ ਮਰਕੇਲ ਦਾ ਇਹ ਕਹਿਣਾ ਹੈ ਕਿ ਪ੍ਰੈਗਨੈਂਸੀ ਦੇ ਦੌਰਾਨ ਜਦੋਂ ਉਨ੍ਹਾਂ ਬਾਰੇ ਪ੍ਰੈੱਸ ਵਿਚ ਗਲਤ ਸੋਚ ਵਾਲੇ ਕਈ ਲੇਖ ਛਪ ਰਹੇ ਸਨ ਤਾਂ ਉਨ੍ਹਾਂ ਵਿਚ ਲੱਗੇ ਦੋਸ਼ਾਂ ਤੋਂ ਉਨ੍ਹਾਂ ਦਾ ਬਚਾਅ ਕਰਨ ਵਿਚ ਬ੍ਰਿਟਿਸ਼ ਸ਼ਾਹੀ ਪਰਿਵਾਰ ਦੀ ਸੰਸਥਾ ਸਫਲ ਨਹੀਂ ਰਹੀ। ਦਸਤਾਵੇਜ਼ਾਂ ਮੁਤਾਬਕ ਇਸ ਨਾਲ ਮਰਕੇਲ ਨੂੰ ਗਹਿਰਾ ਜਜ਼ਬਾਤੀ ਝਟਕਾ ਲੱਗਾ ਤੇ ਉਨ੍ਹਾਂ ਦੀ ਮਾਨਸਿਕ ਸਿਹਤ ਖਰਾਬ ਹੋ ਗਈ ਸੀ। ਇਸ ਸੰਬੰਧ ਵਿੱਚ ਬੀ ਬੀ ਸੀ ਨੂੰ ਮਿਲੇ ਦਸਤਾਵੇਜ਼ਾਂ ਮੁਤਾਬਕ ਪ੍ਰਿੰਸੇਸ ਮਰਕੇਲ ਦੇ ਦੋਸਤਾਂ ਨੇ ਓਦੋਂ ਪਹਿਲਾਂ ਉਨ੍ਹਾਂ ਨੂੰ ਅਜਿਹੀ ਹਾਲਤ ਵਿਚ ਕਦੇ ਨਹੀਂ ਦੇਖੀ ਸੀ। ਉਸ ਦੇ ਪ੍ਰੈਗਨੈਂਸੀ ਦੌਰਾਨ ਇਸ ਹਾਲਤ ਵਿੱਚ ਹੋਣ ਕਾਰਨ ਇਹ ਦੋਸਤ ਵੀ ਚਿੰਤਤ ਸਨ, ਪਰ ਰਾਜ ਪਰਵਾਰ ਦੀ ਸੰਸਥਾ ਨੇ ਉਨ੍ਹਾਂ ਦਾ ਬਚਾਅ ਨਹੀਂ ਕੀਤਾ ਅਤੇ ਉਨ੍ਹਾਂ ਨੂੰ ਆਪਣਾ ਬਚਾਅ ਕਰਨ ਤੋਂ ਮਨ੍ਹਾ ਕੀਤਾ ਸੀ। ਅਖਬਾਰ ਦਾ ਦਾਅਵਾ ਹੈ ਕਿ ਉਸ ਨੇ ਇਹ ਪੱਤਰ ਸਿਰਫ ਇਸ ਲਈ ਛਾਪਿਆ ਕਿ ਅਮਰੀਕੀ ਮੈਗਜ਼ੀਨ 'ਪੀਪਲ' ਵਿਚ ਛਪੇ ਇੰਟਰਵਿਊ ਵਿਚ ਮੇਘਨ ਦੇ ਦੋਸਤਾਂ ਨੇ ਉਸ ਪੱਤਰ ਦਾ ਜ਼ਿਕਰ ਕੀਤਾ ਹੋਇਆ ਸੀ।

Paramjit Deol
Broker
CELL: 416-993-7378
7071 Airport Rd, Suit 201, Mississauga, ON

1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage*
Independently Owned and Operated.
Tel:905-405-8484
www.paramjitdeol.com
Email: pdeol3@yahoo.ca



"Your neighborhood broker, Call Paramjit Deol Today"

**Mississauga $749,000**

**7089 Torbram Rd:** Well Established Banquet Hall Business For Sale Over 20 Years In Business, One Of Kind And Hall In High Demand Area Close To The Airport Ideal For Wedding Reception, Anniversary, Birthday Celebrations. Thousands Spent On Upgrades.

**Vaughan $499,000**

**3210 Highway 7 Rd 5511:** Location, Location! Spacious Layout With Large Balcony Condo For Sale, High Floor. A Place To Live, Work, Sleep & Play. Minutes To Highway 400,401, 407 & Walking Distance To Transit & Subway.

**Kitchener $599,000**

**Westmount/Blockline Rd:** Fabulous Detached Home In Kitchener, 3+1 Bedroom In-Law Suite Finished Bsmt W/Separate Entrance, This Home Offers Great Size Living & Dining Area, Family Size Kitchen W/Breakfast Area, 3 Generous Size Br, Gleaming Wood Floors Throughout The Home.

**Brampton $699,000**

**39 Shiff Cres:** This Is Your Chance 3+1 Bedrooms 3 Storey Townhouse Corner End Unit Feels Like A Semi, Lots Of Sunlight, Double Door Entry. Open Concept, 9Ft Ceiling, Bedroom On Main Floor Back Door Entry Through Backyard,Entrance Garage From Inside.

**MISSISSAUGA $299,000**
Photo Not Available
**7885 Tranmere Dr:** Turn Key Operation, Banquet Hall/ Restaurant Business For Sale, Located In Desirable Area W/ High Density Of Industrial & Commercial Business. Full Size Commercial Kitchen, Thousands Spent On Upgrades. Newer Floors, Bar, Equipment. Very Low rent.

**Misissisauga $749,000**

**7089 Torbram Rd :** Well Established Banquet Hall Business For Sale Over 20 Years In Business, One Of Kind And Hall In High Demand Area Close To The Airport Ideal For Wedding Reception, Anniversary, Birthday Celebrations, Corporate Events & Much More.

**Blandford $349,000**
Photo Not Available
**23 Wilmot St:** Sale Of Business With Property Gas Stations in Blandform-Blenheim Oxford area. For more information Call Paramjit Deol at 905-405-8484.

**Oshawa $659,000**
Photo Not Available
**Simcoe St/Highway 407:** Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To all amenities.

**Brampton $1,900,000**
Photo Not Available
**115 Orenda Dr:** Well Established Business For Sale!! Truck & Trailer Repair Shop, Many Year In Business, Great Reputable Clientele, 8 Drive Indoors, Shop Can Hold Up To 10 Trucks At A Time, Approx 15,000 Sqft, Sales Are $1.5 Million Per Year As Per Seller. Huge Parking Lot That Holds Up To 35 Trucks,Very Low Rent,Tons Of Inventory.

**Brampton $749,000**

**Mississauga Rd/Sandalwood Pkwy :** 3 Bedroom Townhouse End Unit With Finished Walk Out Basement For Sale. Fully Upgraded Home. 9 Ft Ceiling At Main Level. Hardwood Stairs. Granite Counter Top In Main Kitchen. Upgraded Washrooms. Hardwood On The Main Floor. Lots Of Natural Sun Lights.

**Barrie $769,000**

**Ferndale & Edgehill :** Fully Upgraded Top To Bottom Duplex Over $150,000 Spent On Upgrades With 1st Unit Rental For $2600 & Bottom Unit $1800 Seprate Utility Meters For Each Unit,13 Feet High Ceiling In Dining Room Situated On A Ravine Backing With An Extra Deep Lot.

**Oshawa $659,000**
Photo Not Available
**150 Windfields Farm Dr 86:** Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To 407...

**Brampton $789,000**

**124 Cornwall Rd:** Move In Ready Designer Concept,Totally Renovated From Top To Bottom On A Prime 50 Foot Lot With Huge Backyard In A Quiet Mature Neighborhood. This Home Must Be Seen To Appreciate The Quality /Design /Layout & Level Of Finishes. Close To All Amenities.

**Toronto $959,500**

**Queen St/Logan Ave:** Brand New Condo Apartment, 1 Bedroom + Den, 9 Ft Ceiling, Plenty Of Natural Light Approx 784 Sq Ft. **Location, Location 24 Hrs Street Car At Your Door, Nearby Restaurants, Cafes, Shops & All Amenities Don't Miss This Opportunity **** Tenant Willing To Stay Or Vacate.

**New Tecumseth $978,888**

**King St/Industry:** Home With Custom Design Changes, Butlers Pantry, Main Floor Laundry And Added Square Footage! 9' +/- Main Floor Ceilings, Undermount Kitchen Sink, Wall Mount Pot Filler, Entrance To Garage From Home, Hardwood Flooring, Jack And Jill (4Pc Twin Bath) For Bedroom 3 And 4.

**Mississauga $715,000**

**Derry And Mclaughlin:** One Of The Best Investment For 1st-Time Buyers/Investors In Mississauga! Monthly Rent 2500 +.Well Appreciated During Recent Years. Finished Basement.

*Canadian punjabi post assumes no responsibility for the accuracy of any information shown. Copyright Ppost 2019

# ਭਾਰਤ ਵਿੱਚ ਕੋਰੋਨਾ ਕੇਸ ਸਵਾ ਛੇ ਲੱਖ ਤੋਂ ਟੱਪੇ

*** ਦਿੱਲੀ ਵਿੱਚ ਕੋਰੋਨਾ ਵਾਇਰਸ ਦੇ ਇਲਾਜ ਲਈ ਪਲਾਜ਼ਮਾ ਬੈਂਕ ਸ਼ੁਰੂ**

ਨਵੀਂ ਦਿੱਲੀ, 3 ਜੁਲਾਈ, (ਪੋਸਟ ਬਿਊਰੋ)- ਭਾਰਤ ਵਿੱਚ ਕੋਰੋਨਾ ਵਾਇਰਸ ਨਾਲ ਪੀੜਤਾਂ ਦੇ ਕੇਸਾਂ ਦੀ ਗਿਣਤੀ ਵਧਦੀ ਹੋਈ ਸਵਾ ਛੇ ਲੱਖ ਨੂੰ ਟੱਪ ਕੇ ਅੱਜ ਸ਼ੁੱਕਰਵਾਰ ਦੀ ਸਵੇਰ ਹੋਣ ਤੱਕ 6,27,168 ਹੋ ਗਈ ਹੈ ਅਤੇ ਇਸ ਦੌਰਾਨ ਮੌਤਾਂ ਦੀ ਗਿਣਤੀ ਵੀ 18,225 ਨੂੰ ਜਾ ਪਹੁੰਚੀ ਹੈ। ਮਹਾਮਾਰੀ ਦੀ ਰੋਕਥਾਮ ਲਈ ਭਾਰਤ ਵਿੱਚ ਅੱਜ ਤਕ ਕੀਤੇ ਗਏ ਟੈੱਸਟਾਂ ਦੀ ਗਿਣਤੀ 90 ਲੱਖ ਤੋਂ ਵਧ ਗਈ ਹੈ, ਪਰ ਮਹਾਰਾਸ਼ਟਰ ਤੇ ਦਿੱਲੀ ਵਿੱਚ ਮਹਾਮਾਰੀ ਦਾ ਕਹਿਰ ਜਾਰੀ ਹੈ।

ਅੱਜ ਏਥੇ ਇੰਡੀਅਨ ਕੌਂਸਲ ਆਫ ਮੈਡੀਕਲ ਰਿਸਰਚ (ਆਈ ਸੀ ਐੱਮ ਆਰ) ਦੇ ਅਧਿਕਾਰੀਆਂ ਨੇ ਦੱਸਿਆ ਕਿ ਭਾਰਤ ਵਿੱਚ ਕੋਰੋਨਾ ਦੇ ਸੈਂਪਲਾਂ ਦੀ ਜਾਂਚ ਲਈ ਇਸ ਵਕਤ ਚੱਲ ਰਹੀਆਂ 1,065 ਲੈਬ ਵਿਚੋਂ 768 ਸਰਕਾਰੀ ਤੇ 297 ਪ੍ਰਾਈਵੇਟ ਖੇਤਰ ਵਿੱਚ ਕੰਮ ਕਰ ਰਹੀਆਂ ਹਨ। ਪਿਛਲੇ ਬੁੱਧਵਾਰ ਦੇ ਇੱਕੋ ਦਿਨ ਵਿੱਚ 2,29,588 ਟੈੱਸਟ ਕੀਤੇ ਜਾਣ ਦੇ ਨਾਲ ਕੁੱਲ ਟੈੱਸਟਾਂ ਦੀ ਗਿਣਤੀ 90,56,173 ਹੋ ਗਈ ਹੈ।

ਇਸ ਦੌਰਾਨ ਅੱਜ ਸ਼ੁੱਕਰਵਾਰ ਦੀ ਸਵੇਰ ਹੋਣ ਤੱਕ ਭਾਰਤ ਵਿੱਚ ਕੁੱਲ ਕੇਸਾਂ ਦੀ ਗਿਣਤੀ 6,27,168 ਅਤੇ ਮੌਤਾਂ ਦੀ ਗਿਣਤੀ 18,225 ਹੋ ਗਈ ਹੈ, ਜਿਸ ਵਿੱਚੋਂ ਮਹਾਰਾਸ਼ਟਰ ਵਿੱਚ ਸਭ ਤੋਂ ਵੱਧ 8053 ਮੌਤਾਂ ਹੋਈਆਂ ਹਨ। ਦੇਸ਼ ਦੀ ਰਾਜਧਾਨੀ ਦਿੱਲੀ ਵਿੱਚ ਇਸ ਸਮੇਂ ਦੌਰਾਨ 2803, ਗੁਜਰਾਤ ਵਿੱਚ 1867, ਤਾਮਿਲ ਨਾਡੂ ਵਿੱਚ 1264, ਉੱਤਰ ਪ੍ਰਦੇਸ਼ ਵਿੱਚ 718 ਅਤੇ ਪੱਛਮੀ ਬੰਗਾਲ ਵਿੱਚ 683 ਮੌਤਾਂ ਹੋਈਆਂ ਹਨ। ਪੰਜਾਬ ਵਿੱਚ ਵੀ ਮੌਤਾਂ ਦੀ ਗਿਣਤੀ ਕੱਲ੍ਹ ਵੀਰਵਾਰ ਦੇ ਦਿਨ ਇੱਕ ਸੌ ਪੰਜਾਹ ਤੋਂ ਟੱਪ ਗਈ ਹੈ ਅਤੇ ਕੁੱਲ ਕੇਸਾਂ ਦੀ ਗਿਣਤੀ 5668 ਦੱਸੀ ਜਾ ਰਹੀ ਹੈ।

ਸੰਸਾਰ ਭਰ ਵਿੱਚ ਕੁੱਲ ਕੇਸਾਂ ਦੀ ਗਿਣਤੀ ਅੱਜ ਸ਼ੁੱਕਰਵਾਰ ਦੀ ਸਵੇਰ ਹੋਣ ਤੱਕ ਇੱਕ ਕਰੋੜ ਨੌਂ ਲੱਖ 69 ਹਜ਼ਾਰ 143 ਦੱਸੀ ਗਈ ਹੈ, ਜਦ ਕਿ ਮੌਤਾਂ ਦੀ ਗਿਣਤੀ 5,23,138 ਹੋ ਚੁੱਕੀ ਹੈ। ਇਕੱਲੇ ਅਮਰੀਕਾ ਵਿੱਚ 1,31,403 ਮੌਤਾਂ ਹੋਈਆਂ ਹਨ। ਬਰਾਜ਼ੀਲ ਵਿੱਚ ਮੌਤਾਂ ਦੀ ਗਿਣਤੀ 61,990, ਬ੍ਰਿਟੇਨ ਵਿੱਚ 43,995, ਇਟਲੀ ਵਿੱਚ 34,818, ਫਰਾਂਸ ਵਿੱਚ 29,875, ਮੈਕਸੀਕੋ ਵਿੱਚ 28,519 ਅਤੇ ਸਪੇਨ ਵਿੱਚ 28,368 ਹੋਈ ਦੱਸੀ ਗਈ ਹੈ। ਪਾਕਿਸਤਾਨ ਵਿੱਚ ਕੁੱਲ 2,17,809 ਕੇਸਾਂ ਦੇ ਨਾਲ 4473 ਮੌਤਾਂ ਹੋ ਚੁੱਕੀਆਂ ਹਨ।

ਕੋਰੋਨਾ ਦੇ ਇਲਾਜ ਲਈ ਪਲਾਜ਼ਮਾ ਦੀ ਵਰਤੋਂ ਦੇ ਚੰਗੇ ਨਤੀਜੇ ਵੇਖ ਕੇ ਅੱਜ ਦਿੱਲੀ ਵਿੱਚ ਪਲਾਜ਼ਮਾ ਬੈਂਕ ਕਾਇਮ ਕਰ ਦਿੱਤਾ ਗਿਆ ਹੈ। ਇਸ ਬੈਂਕ ਦੀ ਸ਼ੁਰੂਆਤ ਕਰਦੇ ਹੋਏ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਦੱਸਿਆ ਹੈ ਕਿ ਇਸ ਬੈਂਕ ਲਈ ਪਲਾਜ਼ਮਾ ਡੋਨੇਟ ਕਰਨ ਵਾਲੇ ਵਿਅਕਤੀਆਂ ਨੂੰ ਲਿਆਉਣ ਅਤੇ ਲਿਜਾਣ ਦੀ ਸਾਰੀ ਜ਼ਿਮੇਵਾਰੀ ਦਿੱਲੀ ਦੇ ਸਿਹਤ ਵਿਭਾਗ ਅਤੇ ਪ੍ਰਸ਼ਾਸਨ ਦੀ ਹੋਵੇਗੀ ਅਤੇ ਇਸ ਦੇ ਹੋਰ ਚੰਗੇ ਨਤੀਜੇ ਆਉਣ ਦੀ ਸੰਭਾਵਨਾ ਹੈ।

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ



Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration

We do appeal for Refusal cases also
Sponsor Your Family
MacroGlobal Immigration Services Ltd.
Seema Bhayana
iccrc



Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

# ਕੈਨੇਡਾ ਸਮੇਤ 14 ਦੇਸ਼ਾਂ ਲਈ ਯੂਰਪੀਅਨ ਯੂਨੀਅਨ ਨੇ ਖੋਲ੍ਹੇ ਆਪਣੇ ਦਰਵਾਜ਼ੇ



ਬਰਸਲਜ਼, 2 ਜੁਲਾਈ (ਪੋਸਟ ਬਿਊਰੋ) : ਯੂਰਪੀਅਨ ਯੂਨੀਅਨ ਨੇ ਮੰਗਲਵਾਰ ਨੂੰ ਐਲਾਨ ਕੀਤਾ ਕਿ ਉਹ 14 ਦੇਸ਼ਾਂ ਦੇ ਯਾਤਰੀਆਂ ਲਈ ਆਪਣੀ ਸਰਹੱਦ ਖੋਲ੍ਹਣ ਜਾ ਰਹੀ ਹੈ।

ਇਸ ਸੂਚੀ ਵਿੱਚ ਕੈਨੇਡੀਅਨ ਵੀ ਸ਼ਾਮਲ ਹਨ ਪਰ ਕਰੋਨਾਵਾਇਰਸ ਦੇ ਹੱਦੋਂ ਵੱਧ ਮਾਮਲਿਆਂ ਕਾਰਨ ਅਜੇ ਦੋ ਹੋਰ ਹਫਤਿਆਂ ਲਈ ਅਮਰੀਕੀ ਨਾਗਰਿਕਾਂ ਨੂੰ ਯੂਰਪੀ ਦੇਸ਼ਾਂ ਵਿੱਚ ਦਾਖਲ ਨਹੀਂ ਹੋਣ ਦਿੱਤਾ ਜਾਵੇਗਾ। ਇਸ ਤੋਂ ਇਲਾਵਾ ਰੂਸ, ਬ੍ਰਾਜ਼ੀਲ ਤੇ ਭਾਰਤ ਤੋਂ ਆਉਣ ਵਾਲੇ ਯਾਤਰੀਆਂ ਨੂੰ ਵੀ ਯੂਰਪੀ ਦੇਸ਼ਾਂ ਵਿੱਚ ਦਾਖਲ ਹੋਣ ਦੀ ਇਜਾਜ਼ਤ ਨਹੀਂ ਹੋਵੇਗੀ।

ਕਰੋਨਾਵਾਇਰਸ ਤੋਂ ਝੰਬੇ ਹੋਏ ਯੂਰਪ ਦੇ ਅਰਥਚਾਰੇ ਨੂੰ ਮੁੜ ਪੈਰਾਂ ਸਿਰ ਕਰਨ ਲਈ ਗ੍ਰੀਸ, ਇਟਲੀ ਤੇ ਸਪੇਨ ਵਰਗੇ ਦੇਸ਼ ਆਪਣੀ ਟੂਰਿਜ਼ਮ ਇੰਡਸਟਰੀ ਵਿੱਚ ਰੂਹ ਫੂਕਣ ਲਈ ਪੱਬਾਂ ਭਾਰ ਹੋਏ ਪਏ ਹਨ। ਇਕ ਅੰਦਾਜ਼ੇ ਮੁਤਾ-ਬਕ ਹਰ ਸਾਲ ਯੂਰਪ ਵਿੱਚ 15 ਮਿਲੀਅਨ ਅਮਰੀਕੀ ਟਰੈਵਲ ਕਰਦੇ ਹਨ ਜਦਕਿ 10 ਮਿਲੀਅਨ ਯੂਰਪੀਅਨ ਹੋਰਨਾਂ ਦੇਸ਼ਾਂ ਵਿੱਚ ਘੁੰਮਣ ਜਾਂਦੇ ਹਨ।

ਯੂਰਪੀਅਨ ਯੂਨੀਅਨ ਦੇ 27 ਮੈਂਬਰ ਮੁਲਕਾਂ ਵਿੱਚ ਅੱਗੇ ਦੱਸੇ ਜਾ ਰਹੇ ਦੇਸ਼ਾਂ ਦੇ ਨਾਗਰਿਕਾਂ ਨੂੰ ਘੁੰਮਣ ਫਿਰਨ ਦੀ ਇਜਾਜ਼ਤ ਹੋਵੇਗੀ : ਅਲਜ਼ੀਰੀਆ, ਆਸਟਰੇਲੀਆ, ਕੈਨੇਡਾ, ਜਾਰਜੀਆ, ਜਾਪਾਨ, ਮੌਂਟੇਨੈਗਰੋ, ਮੋਰੌਕੋ, ਨਿਊਜ਼ੀਲੈਂਡ, ਰਵਾਂਡਾ, ਸਰਬੀਆ, ਸਾਊਥ ਕੋਰੀਆ, ਥਾਈਲੈਂਡ, ਟਿਊਨੇਸ਼ੀਆ ਤੇ ਉਰੂਗੁਏ।

ਯੂਰਪੀਅਨ ਯੂਨੀਅਨ ਦਾ ਕਹਿਣਾ ਹੈ ਕਿ ਚੀਨ ਦੇ ਨਾਗਰਿਕਾਂ ਨੂੰ ਇਸ ਸ਼ਰਤ ਉੱਤੇ ਹੀ ਯੂਰਪੀਅਨ ਦੇਸ਼ਾਂ ਵਿੱਚ ਦਾਖਲ ਹੋਣ ਦੀ ਇਜਾਜ਼ਤ ਹੋਵੇਗੀ ਜੇ ਉਹ ਯੂਰਪੀਅਨ ਨਾਗਰਿਕਾਂ ਨੂੰ ਉੱਥੇ ਦਾਖਲ ਹੋਣ ਦੀ ਇਜਾਜ਼ਤ ਦੇਵੇਗਾ। ਇਸ ਸੂਚੀ ਨੂੰ ਹਰ 14 ਦਿਨਾਂ ਬਾਅਦ ਅਪਡੇਟ ਕੀਤਾ ਜਾਵੇਗਾ। ਮਹਾਂਮਾਰੀ ਨੂੰ ਕਾਬੂ ਵਿੱਚ ਰੱਖਣ ਦੇ ਆਧਾਰ ਉੱਤੇ ਇਸ ਵਿੱਚ ਕੁੱਝ ਨਵੇਂ ਦੇਸ਼ ਜੋੜੇ ਜਾ ਸਕਦੇ ਹਨ ਤੇ ਕੁੱਝ ਕੱਢੇ ਵੀ ਜਾ ਸਕਦੇ ਹਨ।

# ਅਪ੍ਰੈਲ ਵਿੱਚ ਅਰਥਚਾਰੇ ਨੇ ਖਾਧਾ 116 ਫੀ ਸਦੀ ਦਾ ਗੋਤਾ : ਸਟੈਟੇਸਟਿਕਸ ਕੈਨੇਡਾ




ਓਟਵਾ, 2 ਜੁਲਾਈ (ਪੋਸਟ ਬਿਊਰੋ) : ਸਟੈਟੇਸਟਿਕਸ ਕੈਨੇਡਾ ਦਾ ਕਹਿਣਾ ਹੈ ਕਿ ਅਪਰੈਲ ਦੇ ਮਹੀਨੇ ਅਰਥਚਾਰੇ ਵਿੱਚ ਸੱਭ ਤੋਂ ਵੱਧ ਗਿਰਾਵਟ ਦਰਜ ਕੀਤੀ ਗਈ। ਮਹਾਂਮਾਰੀ ਕਾਰਨ ਅਰਥਚਾਰੇ ਵਿੱਚ ਇੱਕ ਤਰ੍ਹਾਂ ਖੜੋਤ ਆਈ ਹੋਈ ਸੀ। ਮਈ ਵਿੱਚ ਕਾਰੋਬਾਰ ਮੁੜ ਖੁੱਲ੍ਹਣ ਕਾਰਨ ਸਥਿਤੀ ਥੋੜ੍ਹੀ ਸੰਭਲਣ ਲੱਗੀ।

ਮੰਗਲਵਾਰ ਨੂੰ ਏਜੰਸੀ ਨੇ ਆਖਿਆ ਕਿ ਮਾਰਚ ਵਿੱਚ 7.5 ਫੀ ਸਦੀ ਗਿਰਾਵਟ ਨਾਲ ਗੈਰ ਜ਼ਰੂਰੀ ਕਾਰੋਬਾਰਾਂ ਦੇ ਬੰਦ ਹੋਣ ਨਾਲ ਕੁੱਲ ਘਰੇਲੂ ਉਤਪਾਦ (ਜੀਡੀਪੀ) ਅਪਰੈਲ ਵਿੱਚ 11.6 ਫੀ ਸਦੀ ਤੱਕ ਡਿੱਗ ਗਿਆ। ਸਟੈਟੇਸਟਿਕਸ ਕੈਨੇਡਾ ਨੇ ਆਖਿਆ ਕਿ ਉਨ੍ਹਾਂ ਦੇ ਅੰਦਾਜ਼ੇ ਮੁਤਾਬਕ ਮਈ ਵਿੱਚ ਤਿੰਨ ਫੀ ਸਦੀ ਵਿਕਾਸ ਦਰ ਹੋਣੀ ਚਾਹੀਦੀ ਸੀ। ਇਸ ਅੰਦਾਜ਼ੇ ਨੂੰ ਹੁਣ ਜੁਲਾਈ ਦੇ ਅੰਤ ਵਿੱਚ ਮੁੜ ਵਿਚਾਰਿਆ ਜਾਵੇਗਾ।

ਵਿੱਤ ਮਾਰਕਿਟ ਦੀ ਡਾਟਾ ਫਰਮ ਰੀਫਿਨਿਟਿਵ ਅਨੁਸਾਰ ਅਪਰੈਲ ਦੇ ਮਹੀਨੇ ਲਈ ਅਰਥਸ਼ਾਸਤਰੀਆਂ ਵੱਲੋਂ ਔਸਤ 13 ਫੀ ਸਦੀ ਦੀ ਗਿਰਾਵਟ ਦਾ ਅੰਦਾਜ਼ਾ ਲਾਇਆ ਗਿਆ ਸੀ। ਅਪਰੈਲ ਵਿੱਚ ਕਈ ਫੈਕਟਰੀਆਂ ਦੇ ਬੰਦ ਹੋਣ ਜਾਂ ਕੋਵਿਡ-19 ਦੇ ਪਸਾਰ ਨੂੰ ਰੋਕਣ ਲਈ ਕਈ ਫੈਕਟਰੀਆਂ ਵੱਲੋਂ ਆਪਣੀ ਸਮਰੱਥਾ ਘਟਾਏ ਜਾਣ ਕਾਰਨ ਉਤਪਾਦਨ 22.5 ਫੀ ਸਦੀ ਘੱਟ ਗਿਆ ਸੀ। ਇਸ ਕਦਮ ਨਾਲ ਆਟੋ-ਮੋਟਿਵ ਸੈਕਟਰ ਨੂੰ ਵੀ ਵੱਡੀ ਢਾਹ ਲੱਗੀ। ਮੋਟਰ ਵ੍ਹੀਕਲ ਦੇ ਕਾਰੋਬਾਰ ਵਿੱਚ ਵੀ 97.7 ਫੀ ਸਦੀ ਕਮੀ ਦਰਜ ਕੀਤੀ ਗਈ।

ਇਥੋਂ ਤੱਕ ਕਿ ਮਾਰਚ ਵਿੱਚ ਜਿਨ੍ਹਾਂ ਸੈਕਟਰਜ਼ ਨੂੰ ਕੋਈ ਨੁਕਸਾਨ ਨਹੀਂ ਸੀ ਪਹੁੰਚਿਆ ਅਪਰੈਲ ਵਿੱਚ ਉਹ ਵੀ ਨਹੀਂ ਬਚੇ ਜਿਵੇਂ ਕਿ ਫੂਡ ਉਤਪਾਦਨ, ਜਿਸ ਵਿੱਚ 12.8 ਫੀ ਸਦੀ ਦੀ ਗਿਰਾਵਟ ਅਪਰੈਲ ਵਿੱਚ ਰਿਕਾਰਡ ਕੀਤੀ ਗਈ। ਇਸ ਦੌਰਾਨ ਮੀਟ ਪ੍ਰੋਸੈਸਿੰਗ ਪਲਾਂਟਸ ਵਿੱਚ ਆਊਟਬ੍ਰੇਕਸ ਕਾਰਨ ਇਨ੍ਹਾਂ ਨੂੰ ਬੰਦ ਕਰਨਾ ਪਿਆ। ਅਕਮੋਡੇਸ਼ਨ ਤੇ ਫੂਡ ਸਰਵਿਸ ਸੈਕਟਰ ਵਿੱਚ 42.4 ਫੀ ਸਦੀ ਦੀ ਗਿਰਾਵਟ ਅਪਰੈਲ ਵਿੱਚ ਦਰਜ ਕੀਤੀ ਗਈ। ਲੋਕਾਂ ਨੇ ਘਰਾਂ ਵਿੱਚ ਰਹਿਣਾ ਸ਼ੁਰੂ ਕਰ ਦਿੱਤਾ ਤੇ ਬਾਹਰ ਖਾਣਾ ਖਾਣਾ ਬੰਦ ਕਰ ਦਿੱਤਾ ਗਿਆ। ਇਸ ਲਈ ਇਸ ਸੈਕਟਰ ਵਿੱਚ ਮਾਰਚ ਦੇ ਮਹੀਨੇ 37.1 ਫੀ ਸਦੀ ਦੀ ਕਮੀ ਰਿਕਾਰਡ ਕੀਤੀ ਗਈ।

ਬਾਰਜ਼ ਤੇ ਰੈਸਟੋਰੈਂਟ ਦੇ ਕਾਰੋਬਾਰ ਨੇ 40.8 ਫੀ ਸਦੀ ਗੋਤਾ ਖਾਧਾ ਤੇ ਅਕਮੋਡੇਸ਼ਨ ਦੇ ਕੰਮ ਵਿੱਚ 45.7 ਫੀ ਸਦੀ ਨਿਘਾਰ ਆਇਆ। ਖੇਡਾਂ ਦੇ ਖੇਤਰ ਨੂੰ ਵੀ ਢਾਹ ਲੱਗੀ, ਨੈਸ਼ਨਲ ਹਾਕੀ ਲੀਗ ਦਾ ਪੂਰਾ ਸੀਜ਼ਨ, ਨੈਸ਼ਨਲ ਬਾਸਕਿਟਬਾਲ ਐਸੋਸਿਏਸ਼ਨ, ਮੇਜਰ ਲੀਗ ਬੇਸਬਾਲ ਤੇ ਮੇਜਰ ਲੀਗ ਸੌਕਰ, ਗੱਲ ਕੀ ਸਾਰੀਆਂ ਖੇਡਾਂ ਠੱਪ ਪੈ ਗਈਆਂ। ਮਨੋਰੰਜਨ ਦੇ ਖੇਤਰ ਵਿੱਚ 25.6 ਫੀ ਸਦੀ ਦੀ ਕਮੀ ਦਰਜ ਕੀਤੀ ਗਈ। ਕੰਸਟ੍ਰਕਸ਼ਨ ਦਾ ਕੰਮ ਵੀ 22.9 ਫੀ ਸਦੀ ਨਾਲ ਪ੍ਰਭਾਵਿਤ ਹੋਇਆ। ਹੁਣ ਅਰਥਸ਼ਾਸਤਰੀਆਂ ਨੂੰ ਜੂਨ ਵਿੱਚ ਹੋਰ ਕਾਰੋਬਾਰ ਖੁੱਲ੍ਹਣ ਨਾਲ ਸਥਿਤੀ ਸੰਭਲਣ ਦੀ ਕੁੱਝ ਆਸ ਬੱਝੀ ਹੈ।

# ਆਪਣੇ 30 ਘਰੇਲੂ ਰੂਟਾਂ ਉੱਤੇ ਸੇਵਾਵਾਂ ਮੁਲਤਵੀ ਕਰੇਗੀ ਏਅਰ ਕੈਨੇਡਾ




ਓਨਟਾਰੀਓ, 2 ਜੁਲਾਈ (ਪੋਸਟ ਬਿਊਰੋ) : ਏਅਰ ਕੈਨੇਡਾ ਵੱਲੋਂ ਅਣਮਿਥੇ ਸਮੇਂ ਲਈ ਆਪਣੇ 30 ਘਰੇਲੂ ਰੂਟਾਂ ਉੱਤੇ ਸੇਵਾਵਾਂ ਮੁਲਤਵੀ ਕਰਨ ਦਾ ਫੈਸਲਾ ਕੀਤਾ ਗਿਆ ਹੈ। ਇਸ ਦੇ ਨਾਲ ਹੀ ਰੀਜਨਲ ਏਅਰਪੋਰਟਸ ਉੱਤੇ ਅੱਠ ਸਟੇਸ਼ਨ ਵੀ ਬੰਦ ਕੀਤੇ ਜਾ ਰਹੇ ਹਨ।

ਏਅਰਲਾਈਨ ਨੇ ਆਖਿਆ ਕਿ ਇਹ ਕਟੌਤੀਆਂ ਮਹਾਂਮਾਰੀ ਕਾਰਨ ਟਰੈਵਲ ਉੱਤੇ ਲੱਗੀਆਂ ਪਾਬੰਦੀਆ ਤੇ ਸਰਹੱਦਾਂ ਬੰਦ ਹੋਣ ਕਾਰਨ ਦੋਵਾਂ ਕਾਰੋਬਾਰਾਂ ਦੀ ਘੱਟ ਰਹੀ ਮੰਗ ਦੇ ਮੱਦੇਨਜ਼ਰ ਕੀਤੀਆਂ ਜਾ ਰਹੀਆਂ ਹਨ। ਏਅਰ ਕੈਨੇਡਾ ਜਿਨ੍ਹਾਂ ਰੀਜਨਲ ਏਅਰਪੋਰਟਸ ਉੱਤੇ ਆਪਣੇ ਸਟੇਸ਼ਨ ਬੰਦ ਕਰ ਰਹੀ ਹੈ ਉਨ੍ਹਾਂ ਵਿੱਚ ਕਿਊਬਿਕ ਵਿੱਚ ਚਾਰ, ਓਨਟਾਰੀਓ ਵਿੱਚ ਦੋ ਤੇ ਨਿਊ ਬਰੰਜ਼ਵਿੱਕ ਤੇ ਨਿਊਫਾਊਂਡਲੈਂਡ ਐਂਡ ਲੈਬਰਾਡੋਰ ਵਿੱਚ ਇੱਕ ਇੱਕ ਸ਼ਾਮਲ ਹਨ।

ਓਨਟਾਰੀਓ ਵਿੱਚ ਪ੍ਰਭਾਵਿਤ ਹੋਣ ਵਾਲੇ ਏਅਰਪੋਰਟਸ ਵਿੱਚ ਨੌਰਥ ਬੇਅ ਤੇ ਕਿੰਗਸਟਨ ਸ਼ਾਮਲ ਹਨ। ਏਅਰ ਕੈਨੇਡਾ ਦਾ ਇਹ ਵੀ ਕਹਿਣਾ ਹੈ ਕਿ ਆਪਣੇ ਨੈੱਟਵਰਕ ਤੇ ਸ਼ਡਿਊਲ ਵਿੱਚ ਕਿਸੇ ਤਰ੍ਹਾਂ ਦੀ ਹੋਰ ਤਬਦੀਲੀ ਬਾਰੇ ਆਉਣ ਵਾਲੇ ਹਫਤਿਆਂ ਵਿੱਚ ਫੈਸਲਾ ਕੀਤਾ ਜਾਵੇਗਾ। ਜ਼ਿਕਰਯੋਗ ਹੈ ਕਿ ਇਸ ਸਾਲ ਦੇ ਸ਼ੁਰੂ ਵਿੱਚ ਏਅਰਲਾਈਨ ਵੱਲੋਂ ਆਪਣੇ 20,000 ਕਰਮਚਾਰੀਆਂ ਦੀ ਛਾਂਗੀ ਕਰਨ ਦਾ ਐਲਾਨ ਕੀਤਾ ਗਿਆ ਸੀ।

# ਵਿਦੇਸ਼ੀ ਟਰੈਵਲਰਜ਼ ਦੇ ਕੈਨੇਡਾ ਦਾਖਲ ਹੋਣ ਉੱਤੇ ਲੱਗੀ ਪਾਬੰਦੀ 31 ਜੁਲਾਈ ਤੱਕ ਵਧੀ



ਓਟਵਾ, 2 ਜੁਲਾਈ (ਪੋਸਟ ਬਿਊਰੋ) : ਕੋਵਿਡ-19 ਮਹਾਂਮਾਰੀ ਨੂੰ ਅੱਗੇ ਫੈਲਣ ਤੋਂ ਰੋਕਣ ਲਈ ਫੈਡਰਲ ਸਰਕਾਰ ਵੱਲੋਂ ਵਿਦੇਸ਼ੀ ਟਰੈਵਲਰਜ਼ ਨੂੰ ਕੈਨੇਡਾ ਦਾਖਲ ਹੋਣ ਤੋਂ ਰੋਕਣ ਲਈ ਲਾਈਆਂ ਗਈਆਂ ਪਾਬੰਦੀਆਂ ਵਿੱਚ ਜੁਲਾਈ ਦੇ ਅੰਤ ਤੱਕ ਹੋਰ ਵਾਧਾ ਕਰ ਦਿੱਤਾ ਗਿਆ ਹੈ।

ਇਹ ਪਾਬੰਦੀਆਂ ਸਿਰਫ ਕੈਨੇਡੀਅਨ ਨਾਗਰਿਕਾਂ ਤੇ ਪਰਮਾਨੈਂਟ ਰੈਜ਼ੀਡੈਂਟਸ ਨੂੰ ਛੱਡ ਕੇ ਹੋਰਨਾਂ ਸਾਰਿਆਂ ਉੱਤੇ ਲਾਗੂ ਹੋਣਗੀਆਂ। ਜ਼ਰੂਰੀ ਕਾਰਨਾਂ ਕਰਕੇ ਕੈਨੇਡਾ ਵਿੱਚ ਦਾਖਲ ਹੋਣ ਵਾਲੇ ਅਮੈਰੀਕਨਜ਼ ਨੂੰ ਦਿੱਤੀਆਂ ਗਈਆਂ ਰਿਆਇਤਾਂ ਵੀ ਅੱਜ ਰਾਤ ਖ਼ਤਮ ਹੋਣ ਜਾ ਰਹੀਆਂ ਹਨ। ਇਹ ਹੁਕਮ ਸ਼ੁਰੂ ਵਿੱਚ ਮਾਰਚ ਵਿੱਚ ਲਾਗੂ ਕੀਤੇ ਗਏ ਸਨ ਤੇ ਹੁਣ ਇਹ 31 ਜੁਲਾਈ ਤੱਕ ਲਾਗੂ ਰਹਿਣਗੇ।

ਕੈਨੇਡੀਅਨ ਨਾਗਰਿਕਾਂ ਜਾਂ ਪਰਮਾਨੈਂਟ ਰੈਜ਼ੀਡੈਂਟਸ ਦੇ ਪਰਿਵਾਰਾਂ ਤੇ ਫਲਾਈਟ ਅਮਲੇ ਲਈ ਇਨ੍ਹਾਂ ਨਿਯਮਾਂ ਤੋਂ ਛੋਟ ਵੀ ਰੱਖੀ ਗਈ ਹੈ। ਅਮਰੀਕਾ ਤੇ ਕੈਨੇਡਾ ਦਰਮਿਆਨ ਗੈਰ-ਜ਼ਰੂਰੀ ਆਵਾਜਾਈ ਉੱਤੇ ਪਾਬੰਦੀ ਲਈ ਵੱਖਰੇ ਹੁਕਮ ਲਾਗੂ ਹਨ ਤੇ ਇਹ 21 ਜੁਲਾਈ ਤੱਕ ਪ੍ਰਭਾਵੀ ਰਹਿਣਗੇ। ਇਨ੍ਹਾਂ ਵਿੱਚ ਤਿੰਨ ਵਾਰੀ ਵਾਧਾ ਕੀਤਾ ਜਾ ਚੁੱਕਿਆ ਹੈ।

# 2036 ਤੱਕ ਪੁਤਿਨ ਬਣੇ ਰਹਿਣਗੇ ਰਾਸ਼ਟਰਪਤੀ!



ਮਾਸਕੋ, 2 ਜੁਲਾਈ (ਪੋਸਟ ਬਿਊਰੋ) : ਰੂਸ ਦੇ ਵੋਟਰਾਂ ਨੇ ਉਨ੍ਹਾਂ ਸੰਵਿਧਾਨਕ ਤਬਦੀਲੀਆਂ ਨੂੰ ਮਨਜ਼ੂਰੀ ਦੇ ਦਿੱਤੀ ਹੈ ਜਿਸ ਰਾਹੀਂ 2036 ਤੱਕ ਵਲਾਦੀਮੀਰ ਪੁਤਿਨ ਰਾਸ਼ਟਰਪਤੀ ਬਣੇ ਰਹਿਣਗੇ। ਪਰ ਬੁੱਧਵਾਰ ਨੂੰ ਮੁੱਕੇ ਤੇ ਇੱਕ ਹਫਤੇ ਤੱਕ ਚਲੇ ਜਨਮਤ ਬਾਰੇ ਇਹ ਰਿਪੋਰਟਾਂ ਮਿਲੀਆਂ ਹਨ ਕਿ ਵੋਟਰਾਂ ਉੱਤੇ ਦਬਾਅ ਪਾਇਆ ਗਿਆ ਤੇ ਹੋਰ ਵੀ ਕਈ ਕਿਸਮ ਦੀਆਂ ਬੇਨਿਯਮੀਆਂ ਹੋਈਆਂ।

ਚੋਣ ਅਧਿਕਾਰੀਆਂ ਅਨੁਸਾਰ 77.6 ਫੀ ਸਦੀ ਲੋਕਾਂ ਨੇ ਸੰਵਿਧਾਨਕ ਤਬਦੀਲੀਆਂ ਦੇ ਹੱਕ ਵਿੱਚ ਵੋਟ ਪਾਈ। ਰੂਸ ਵਿੱਚ ਪਹਿਲੀ ਵਾਰੀ ਇੱਕ ਹਫਤੇ ਲਈ ਚੋਣ ਪ੍ਰਕਿਰਿਆ ਚੱਲੀ। ਇਹ ਵੀ ਮੰਨਿਆ ਜਾ ਰਿਹਾ ਹੈ ਕਿ ਕਰੋਨਾਵਾਇਰਸ ਮਹਾਂਮਾਰੀ ਕਾਰਨ ਚੋਣ ਬੂਥ ਉੱਤੇ ਭੀੜ ਤੋਂ ਟਲਣ ਲਈ ਇਹ ਫੈਸਲਾ ਲਿਆ ਗਿਆ। ਆਲੋਚਕਾਂ ਦਾ ਕਹਿਣਾ ਹੈ ਕਿ ਇਹ ਸੱਭ ਨਤੀਜਿਆਂ ਨੂੰ ਇੱਛਾ ਮੁਤਾਬਕ ਢਾਲਣ ਦੀ ਹੀ ਕਵਾਇਦ ਸੀ।

ਜ਼ੋਰ-ਸ਼ੋਰ ਨਾਲ ਕੀਤੇ ਗਏ ਪ੍ਰਚਾਰ ਤੇ ਵਿਰੋਧੀ ਧਿਰ ਵੱਲੋਂ ਕੋਈ ਵੱਡੀ ਚੁਣੌਤੀ ਪੇਸ਼ ਨਾ ਕਰਨ ਕਾਰਨ ਹੀ ਪੁਤਿਨ ਇੱਛਾ ਮੁਤਾਬਕ ਨਤੀਜੇ ਹਾਸਲ ਕਰ ਸਕਣ ਵਿੱਚ ਕਾਮਯਾਬ ਰਹੇ। ਪਰ ਜਨਮਤ ਲਈ ਗੈਰਸੰਵਿਧਾਨਕ ਤਰੀਕਿਆਂ ਦੀ ਕੀਤੀ ਗਈ ਵਰਤੋਂ ਨਾਲ ਪੁਤਿਨ ਦੇ ਅਕਸ ਨੂੰ ਢਾਹ ਵੀ ਲੱਗ ਸਕਦੀ ਹੈ। ਇੱਥੇ ਦੱਸਣਾ ਬਣਦਾ ਹੈ ਕਿ ਇਨ੍ਹਾਂ ਸੋਧਾਂ ਨਾਲ ਹੁਣ ਪੁਤਿਨ 2024 ਤੇ 2030 ਵਿੱਚ ਛੇ-ਛੇ ਸਾਲ ਦੇ ਕਾਰ-ਜਕਾਲ ਲਈ ਚੋਣਾਂ ਲੜਨ ਦੇ ਯੋਗ ਹੋ ਗਏ ਹਨ। ਇਨ੍ਹਾਂ ਤਬਦੀਲੀਆਂ ਤਹਿਤ ਸਮਲਿੰਗੀ ਵਿਆਹਾਂ ਨੂੰ ਨਿਯਮ ਵਿਰੋਧੀ ਦੱਸਿਆ ਗਿਆ ਅਤੇ ਕੌਮਾਂਤਰੀ ਨਿਯਮਾਂ ਤੋਂ ਰੂਸੀ ਕਾਨੂੰਨ ਨੂੰ ਅਹਿਮੀਅਤ ਉੱਤੇ ਜ਼ੋਰ ਦਿੱਤਾ ਗਿਆ।

# ਸਿਟੀ ਵੱਲੋਂ ਚਲਾਏ ਜਾਣ ਵਾਲੇ ਕੁੱਝ ਚਾਈਲਡ ਕੇਅਰ ਸੈਂਟਰ ਖੋਲ੍ਹੇ ਗਏ

ਟੋਰਾਂਟੋ, 2 ਜੁਲਾਈ (ਪੋਸਟ ਬਿਊਰੋ) : ਟੋਰਾਂਟੋ ਭਰ ਵਿੱਚ ਸਿਟੀ ਵੱਲੋਂ ਚਲਾਏ ਜਾਣ ਵਾਲੇ ਚਾਈਲਡ ਕੇਅਰ ਸੈਂਟਰ ਖੋਲ੍ਹ ਦਿੱਤੇ ਗਏ।

ਪ੍ਰੋਵਿੰਸ ਵੱਲੋਂ ਲਾਇਸੰਸਸ਼ੁਦਾ ਚਾਈਲਡ ਕੇਅਰ ਸਰਵਿਸਿਜ਼ ਨੂੰ ਜਾਰੀ ਰੱਖਣ ਸਬੰਧੀ ਕੀਤੇ ਗਏ ਐਲਾਨ ਤੋਂ ਦੋ ਹਫਤੇ ਬਾਅਦ 47 ਸੈਂਟਰਾਂ ਵਿੱਚੋਂ 11 ਨੂੰ ਸੋਮਵਾਰ ਤੋਂ ਖੋਲ੍ਹਿਆ ਜਾ ਰਿਹਾ ਹੈ। ਪਰ ਇਸ ਵਾਰੀ ਹਾਲਾਤ ਕੁੱਝ ਵੱਖਰੇ ਨਜ਼ਰ ਆ ਰਹੇ ਹਨ। ਮਹਾਂਮਾਰੀ ਅਜੇ ਵੀ ਜਾਰੀ ਰਹਿਣ ਕਾਰਨ ਸਿਟੀ ਵੱਲੋਂ ਬੱਚਿਆਂ ਤੇ ਸਟਾਫ ਨੂੰ ਸੇਫ ਰੱਖਣ ਲਈ ਕਈ ਤਰ੍ਹਾਂ ਦੀਆਂ ਤਬਦੀਲੀਆਂ ਲਾਗੂ ਕੀਤੀਆਂ ਗਈਆਂ ਹਨ।

ਸੈਂਟਰ ਵਿੱਚ ਦਾਖਲ ਹੋਣ ਤੋਂ ਪਹਿਲਾਂ ਸਟਾਫ ਤੇ ਬੱਚਿਆਂ ਦੀ ਕੋਵਿਡ-19 ਦੇ ਲੱਛਣਾਂ ਸਬੰਧੀ ਜਾਂਚ ਕੀਤੀ ਜਾਵੇਗੀ। ਫੈਸਿਲਿਟੀ ਦੇ ਅੰਦਰ ਵਿਜ਼ਿਟਰਜ਼ ਨੂੰ ਆਉਣ ਦੀ ਇਜਾਜ਼ਤ ਨਹੀ ਹੋਵੇਗੀ ਤੇ ਇੱਕ ਕਮਰੇ ਵਿੱਚ ਵੱਧ ਤੋਂ ਵੱਧ 10 ਲੋਕ ਹੀ ਇੱਕਠੇ ਹੋ ਸਕਣਗੇ, ਇਨ੍ਹਾਂ ਵਿੱਚ ਸਟਾਫ ਤੇ ਬੱਚੇ ਸ਼ਾਮਲ ਹਨ।

ਹਰੇਕ ਚਾਈਲਡ ਕੇਅਰ ਸੈਂਟਰ ਉੱਤੇ ਸਾਫ ਸਫਾਈ ਤੇ ਸੈਨੇਟਾਈਜ਼ੇਸ਼ਨ ਦਾ ਖਾਸ ਖਿਆਲ ਰੱਖਿਆ ਜਾਵੇਗਾ। ਫਿਜ਼ੀਕਲ ਡਿਸਟੈਂਸਿੰਗ ਲਈ ਪਿੱਕ ਅੱਪ ਤੇ ਡਰੌਪ ਆਫ ਪ੍ਰੋਟੋਕਾਲਜ਼ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਸਿਟੀ ਵੱਲੋਂ ਜੁਲਾਈ ਤੇ ਅਗਸਤ ਵਿੱਚ ਹੌਲੀ ਹੌਲੀ ਆਪਣੇ ਚਾਈਲਡ ਕੇਅਰ ਸੈਂਟਰ ਮੁੜ ਖੋਲ੍ਹੇ ਜਾਣਗੇ। ਆਪਣੇ ਚਾਈਲਡ ਕੇਅਰ ਸੈਂਟਰ ਨਾਲ ਰਾਬਤਾ ਕਾਇਮ ਕਰਕੇ ਪਰਿਵਾਰ ਉਨ੍ਹਾਂ ਦੇ ਮੁੜ ਖੁੱਲ੍ਹਣ ਦਾ

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates



ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ

ਅਸੀਂ ਪੇਂਟ ਵੀ ਕਰਦੇ ਹਾਂ

24 ਘੰਟੇ ਤੁਹਾਡੀ ਸੇਵਾ ਵਿੱਚ

CANADIAN GLASS AND WINDOW

SINGH (TOCHI)

416-454-3031

647-784-8240

Email: tochisangha1@hotmail.com

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ




Join and Represent Us

- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512

905-707-1513

Molly@jfgroup.ca

Toronto Head Office: 15 wertheim court # 501 Richmond Hill, ON L4B 3H7

Steinmetz & Associates

PERSONAL INJURY LAWYERS



Harry Steinmetz
Certified as Specialist by the Law Society of Ontario in Civil Litigation
(with over 27yrs. of experience)



BOBBY SIDHU
partner
(Serving the Community for Over 16 yrs.)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?

ਮੁਫ਼ਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋਂ ਬਾਅਦ

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cyclist ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ। ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims

Protect yourself, Protect your family, Know your rights.

For exceptional service, benefits you are entitled to and a settlement you deserve, call the name you trust

You only pay upon settlement

GURSHARAN BOBBY SIDHU

647.539.3020

1450 Meyerside Drive, Suite 308, Mississauga | 2 OFFICES TO SERVE YOU | 55 St. Clair Ave., West, Toronto

email: bsidhu@steinmetzlawyers.ca website: www.steinmetzlawyers.ca



# ਸੰਪਾਦਕੀ

## ਟਾਲਣਯੋਗ ਸੀ 900 ਮਿਲੀਅਨ ਡਾਲਰ WE ਚੈਰਟੀ ਵਿਵਾਦ

ਫੈਡਰਲ ਸਰਕਾਰ ਵੱਲੋਂ ਇੱਕ ਸਮਾਜਕ ਸੰਸਥਾ WE ਚੈਰਟੀ ਨੂੰ 900 ਮਿਲੀਅਨ ਡਾਲਰ ਦਾ ਠੇਕਾ ਦਿੱਤਾ ਗਿਆ ਹੈ ਕਿ ਉਹ ਕੋਰੋਨਾ ਵਾਇਰਸ ਵਿੱਚ ਵਿੱਦਿਆਰਥੀਆਂ ਨੂੰ ਕੈਨੇਡਾ ਸਟੂਡੈਂਟ ਸਰਵਿਸ ਗਰਾਂਟ ਪ੍ਰੋਗਰਾਮ ਲਈ ਦਿੱਤੇ ਜਾਣ ਵਾਲੇ ਫੰਡ ਦੀ ਵੰਡ ਕਰੇ। ਇਹ ਉਸ ਸੰਸਥਾ ਹੈ ਜਿਸਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਅਤੇ ਉਹਨਾਂ ਦੀ ਪਤਨੀ ਨਾਲ ਸਿੱਧੇ ਸਬੰਧ ਹਨ। ਇਸ ਚੈਰਟੀ ਦੇ ਇੱਕ ਸੰਸਥਾਪਕ ਮਾਰਕ ਕੀਲਬਰਗਰ (Marc Kielburger) ਨੇ ਥੋੜੇ ਦਿਨ ਪਹਿਲਾਂ ਦਾਅਵਾ ਕੀਤਾ ਸੀ ਕਿ ਪ੍ਰਧਾਨ ਮੰਤਰੀ ਟਰੂਡੋ ਨੇ ਖੁਦ ਫੋਨ ਕਰਕੇ ਕਿਹਾ ਕਿ ਅਸੀਂ ਇਹ ਠੇਕਾ ਤੁਹਾਨੂੰ ਦੇਣ ਜਾ ਰਹੇ ਹਾਂ। ਬਾਅਦ ਵਿੱਚ ਉਹ ਆਪਣੇ ਬਿਆਨ ਤੋਂ ਇਹ ਆਖ ਕੇ ਬਦਲ ਗਿਆ ਕਿ ਫੋਨ ਇੱਕ ਉੱਚ ਅਧਿਕਾਰੀ ਦਾ ਆਇਆ ਸੀ। 900 ਮਿਲੀਅਨ ਡਾਲਰ ਦੇ ਇਸ ਪ੍ਰੋਗਰਾਮ ਨੂੰ ਲਾਗੂ ਕਰਨ ਲਈ ਸਰਕਾਰ ਵੱਲੋਂ ਸੰਸਥਾ ਨੂੰ 19.5 ਮਿਲੀਅਨ ਡਾਲਰ ਫੀਸ ਅਦਾ ਕੀਤੀ ਜਾਵੇਗੀ।

ਮਜ਼ੇਦਾਰ ਗੱਲ ਇਹ ਕਿ ਅਜਿਹੇ ਫੰਡ ਅਕਸਰ ਫੈਡਰਲ ਸਰਕਾਰ ਵੱਲੋਂ ਆਪਣੇ ਮੁਲਾਜ਼ਮਾਂ ਰਾਹੀਂ ਲਾਗੂ ਕੀਤੇ ਜਾਂਦੇ ਹਨ ਪਰ ਇਸ ਕੇਸ ਵਿੱਚ ਇੱਕ ਚੈਰਟੀ ਨੂੰ ਚੁਣਨਾ ਕਈ ਸੁਆਲ ਖੜੇ ਕਰਦਾ ਹੈ? 1 ਲੱਖ 40 ਹਜ਼ਾਰ ਤੋਂ ਵੱਧ ਫੈਡਰਲ ਮੁਲਾਜ਼ਮਾਂ ਦੀ ਯੂਨੀਅਨ 'ਪਬਲਿਕ ਸਰਵਿਸ ਅਲਾਇੰਸ ਆਫ ਕੈਨੇਡਾ' ਨੇ ਪ੍ਰਧਾਨ ਮੰਤਰੀ ਦੇ ਇਸ ਦਾਅਵੇ ਨੂੰ ਗਲਤ ਦੱਸਿਆ ਹੈ ਕਿ ਸਿਰਫ਼ WE ਚੈਰਟੀ ਵੱਲੋਂ ਹੀ ਇਸ ਪ੍ਰੋਗਰਾਮ ਨੂੰ ਲਾਗੂ ਕੀਤਾ ਜਾ ਸਕਦਾ ਸੀ। ਯੂਨੀਅਨ ਦਾ ਆਖਣਾ ਹੈ ਕਿ ਪ੍ਰਧਾਨ ਮੰਤਰੀ ਦਾ ਇਹ ਬਿਆਨ ਅਸਲ ਵਿੱਚ ਸਰਕਾਰੀ ਮੁਲਾਜ਼ਮਾਂ ਦੀ ਤੌਹੀਨ ਹੈ।

WE ਚੈਰਟੀ ਵੱਲੋਂ ਕੈਨੇਡਾ, ਅਮਰੀਕਾ ਅਤੇ ਇੰਗਲੈਂਡ ਆਦਿ ਵਿੱਚ ਨੌਜਵਾਨਾਂ ਲਈ ਪ੍ਰੋਗਰਾਮ ਚਲਾਏ ਜਾਣ ਤੋਂ ਇਲਾਵਾ ਏਸ਼ੀਆ, ਅਫਰੀਕਾ ਅਤੇ ਲਾਤੀਨ ਅਮਰੀਕਾ ਦੇ ਘੱਟ ਵਿਕਸਿਤ ਦੇਸ਼ਾਂ ਵਿੱਚ ਵਿੱਦਿਆ, ਜਲ, ਸਿਹਤ ਅਤੇ ਆਰਥਕ ਅਵਸਰ ਪੈਦਾ ਕਰਨ ਲਈ ਪ੍ਰੋਜੈਕਟ ਚਲਾਏ ਜਾਂਦੇ ਹਨ। ਕੈਨੇਡਾ ਅਮਰੀਕਾ ਵਿੱਚ ਸੰਸਥਾ ਵੱਲੋਂ ਨੌਜਵਾਨਾਂ ਨੂੰ ਕੈਨੇਡੀਅਨ ਸਿਟੀਜ਼ਨਸ਼ਿੱਪ ਦੀ ਮਹੱਤਤਾ ਬਾਰੇ ਵੀ ਲੈਕਚਰਾਂ ਦੀ ਸੀਰੀਜ਼ ਕੀਤੀ ਜਾਂਦੀ ਹੈ। ਜਿਸ ਵੇਲੇ ਭਾਰਤ ਵਿੱਚ ਬੰਧੂਆਂ ਮਜਦੂਰ ਬੱਚਿਆਂ ਦੀ ਭਲਾਈ ਲਈ ਕੰਮ ਕਰਨ ਵਾਲੇ ਨੋਬਲ ਇਨਾਮ ਜੇਤੂ ਸਮਾਜ ਸੇਵਕ ਕੈਲਾਸ਼ ਸੱਤਿਆਰਥੀ ਨੂੰ ਜਿਣਸੀ ਸੋਸ਼ਣ ਦੇ ਦੋਸ਼ਾਂ ਤਹਿਤ ਗ੍ਰਿਫਤਾਰ ਕਰ ਲਿਆ ਗਿਆ ਸੀ ਤਾਂ ਇਸ ਚੈਰਟੀ ਨੇ ਉਸਦੀ ਰਿਹਾਈ ਦੇ ਸਮਰੱਥਨ ਵਿੱਚ 3000 ਹਜ਼ਾਰ ਦਸਤਖਤਾਂ ਵਾਲੀ ਇੱਕ ਪਟੀਸ਼ਨ ਭਾਰਤ ਸਰਕਾਰ ਨੂੰ ਪੇਸ਼ ਕੀਤੀ ਸੀ।

ਜੇ ਫੈਡਰਲ ਸਰਕਾਰ ਅਤੇ WE ਚੈਰਟੀ ਦਰਮਿਆਨ ਹੋਏ ਸਮਝੌਤੇ ਬਾਬਤ ਵਿਵਾਦ ਦੀ ਗੱਲ ਕੀਤੀ ਜਾਵੇ ਤਾਂ ਐਨ ਡੀ ਪੀ ਅਤੇ ਕੰਜ਼ਰਵੇਟਿਵ ਦੋਵੇਂ ਹੀ ਮੰਗ ਕਰ ਰਹੇ ਹਨ ਕਿ ਸਰਕਾਰ ਸਪੱਸ਼ਟ ਕਰੇ ਕਿ ਉਸਦਾ ਦਾਮਨ ਸਾਫ਼ ਹੈ ਜਾਂ ਨਹੀਂ। ਕੰਜ਼ਰਵੇਟਿਵਾਂ ਨੇ ਫੈਡਰਲ ਵਾਚਡੌਗ ਨੂੰ ਪੱਤਰ ਲਿਖ ਕੇ ਮੰਗ ਕੀਤੀ ਹੈ ਕਿ ਮਾਮਲੇ ਦੀ ਜਾਂਚ ਕੀਤੀ ਜਾਵੇ ਅਤੇ ਇਸ ਠੇਕੇ ਨੂੰ ਦਿੱਤੇ ਜਾਣ ਦਾ ਮੁਲਾਂਕਣ ਕੀਤਾ ਜਾਵੇ। ਸਰਕਾਰ ਦੀ ਆਲੋਚਨਾ ਕਰਨਾ ਵਿਰੋਧੀ ਸਿਆਸੀ ਪਾਰਟੀਆਂ ਦਾ ਕੰਮ ਹੈ ਪਰ ਇਸ ਕੇਸ ਵਿੱਚ ਡੈਮੋਕਰੇਸੀ ਵਾਚ (Democracy Watch) ਅਤੇ ਵਾਲੰਟੀਅਰ ਕੈਨੇਡਾ (Volunteer Canada) ਵਰਗੀਆਂ ਵੱਡੀਆਂ ਸਮਾਜਕ ਸੰਸਥਾਵਾਂ ਵੀ ਇਸ ਫੈਸਲੇ ਨੂੰ ਗਲਤ ਆਖ ਰਹੀਆਂ ਹਨ। ਡੈਮੋਕਰੇਸੀ ਵਾਚ ਦਾ ਆਖਣਾ ਹੈ ਕਿ ਕਿਸੇ ਧਰਮ ਅਰਥ ਸੰਸਥਾ ਨੂੰ 900 ਮਿਲੀਅਨ ਡਾਲਰ ਦਾ ਵੱਡਾ ਪ੍ਰੋਜੈਕਟ ਲਾਗੂ ਕਰਨ ਲਈ ਆਖਣਾ ਸਹੀ ਨਹੀਂ ਹੈ। 'ਵਾਲੰਟੀਅਰ ਕੈਨੇਡਾ' ਦਾ ਆਖਣਾ ਹੈ ਕਿ WE ਚੈਰਟੀ ਇੱਕ ਕਿਸਮ ਨਾਲ ਕਾਨੂੰਨ ਦੇ ਖਿਲਾਫ਼ ਕੰਮ ਕਰੇਗੀ ਕਿਉਂਕਿ ਇਸ ਵੱਲੋਂ ਵਾਲੰਟੀਅਰਾਂ ਨੂੰ ਘੱਟੋ ਘੱਟ ਤਨਖਾਹ (minimum wage) ਨਾਲੋਂ ਵੀ ਘੱਟ ਪੈਸੇ ਦੇ ਕੇ ਵੱਧ ਕੰਮ ਕਰਵਾਇਆ ਜਾਵੇਗਾ।

WE ਚੈਰਟੀ 2009 ਵਿੱਚ ਵੀ ਆਲੋਚਨਾ ਦਾ ਕੇਂਦਰ ਬਣੀ ਸੀ ਜਦੋਂ ਇਸਦੇ ਦੋ ਦਰਜਨ ਦੇ ਕਰੀਬ ਮੁਲਾਜ਼ਮਾਂ ਨੇ ਦੋਸ਼ ਲਾਇਆ ਸੀ ਕਿ ਸੰਸਥਾ ਵੱਲੋਂ ਮੁਲਾਜ਼ਮਾਂ ਅਤੇ ਵਾਲੰਟੀਅਰਾਂ ਦਾ ਘੱਟ ਪੈਸੇ ਦੇ ਕੇ ਸੋਸ਼ਣ ਕੀਤਾ ਜਾਂਦਾ ਹੈ। ਇਸ ਸਾਲ ਮਾਰਚ ਵਿੱਚ ਸੰਸਥਾ ਦੀ ਚੇਅਰਮੈਨ ਮਿਸ਼ੈਲ ਡਗਲਸ ਅਤੇ ਕਈ ਡਾਇਰੈਕਟਰਾਂ ਨੇ ਭੇਦਭਰੇ ਹਾਲਾਤਾਂ ਵਿੱਚ ਅਸਤੀਫ਼ੇ ਦੇ ਦਿੱਤੇ ਸਨ। ਉਹਨਾਂ ਨਾਲ ਸੰਸਥਾ ਦੇ ਕਈ ਸੀਨੀਅਰ ਮੁਲਾਜ਼ਮਾਂ ਨੇ ਵੀ ਅਸਤੀਫੇ ਦੇ ਦਿੱਤੇ ਸਨ।

ਇਸ ਵਿਵਾਦ ਨੂੰ ਵੇਖਦੇ ਹੋਏ ਕਿਹਾ ਜਾ ਸਕਦਾ ਹੈ ਕਿ ਸਿਆਸੀ ਆਗੂ ਮੌਕਾ ਪੈਣ ਉੱਤੇ 'ਆਪਣਿਆਂ ਨੂੰ ਸ਼ੀਰਨੀ' ਵੰਡਣ ਤੋਂ ਗੁਰੇਜ਼ ਨਹੀਂ ਕਰਦੇ ਬਾਅਦ ਵਿੱਚ ਨਤੀਜੇ ਜੋ ਮਰਜ਼ੀ ਨਿਕਲਣ। ਕੋਰੋਨਾ ਵਾਇਰਸ ਵਰਗੇ ਮਾਰੂ ਰੋਗ ਦੇ ਚੱਲਦਿਆਂ ਚੰਗਾ ਇਹ ਹੋਵੇਗਾ ਕਿ ਸਰਕਾਰ ਅਣਗਿਣਤ ਤਕਸੀਮ ਹੋਣ ਵਾਲੇ ਡਾਲਰਾਂ ਦੀ ਸਿਰਫ਼ ਸਹੀ ਵਰਤੋਂ ਹੀ ਨਾ ਕਰੇ ਸਗੋਂ ਇਹ ਵੀ ਦਰਸਾਵੇ ਕਿ ਸਰਕਾਰ ਦੇ ਇਰਾਦੇ ਨੇਕ ਹਨ।

## ਟਿਕਟਾਕ ਕੰਪਨੀ ਦੇ ਕਾਮਿਆਂ ਨੂੰ ਨੌਕਰੀ ਜਾਣ ਦਾ ਡਰ ਸਤਾਉਣ ਲੱਗਾ

ਨਵੀਂ ਦਿੱਲੀ, 2 ਜੁਲਾਈ (ਪੋਸਟ ਬਿਊਰੋ)- 20 ਜੂਨ ਨੂੰ ਜਦੋਂ ਦੇਸ਼ 'ਚ ਚੱਲ ਰਹੇ 59 ਚਾਈਨੀਜ਼ ਐਪ 'ਤੇ ਬੈਨ ਲਗਾਉਣ ਦੀ ਖ਼ਬਰ ਆਈ ਤਾਂ ਸਭ ਤੋਂ ਵੱਧ ਦੁਖੀ ਭਾਰਤ ਦੇ ਟਿਕਟਾਕਸ ਅਤੇ ਹੈਲੋ ਐਪ ਯੂਜ਼ਰਸ ਸਨ। ਅਗਲੇ ਦਿਨ ਪਲੇਅ ਸਟੋਰ ਅਤੇ ਐਪਲ ਸਟੋਰ ਤੋਂ ਜਦੋਂ ਐਪ ਡਿਲੀਟ ਹੋ ਗਿਆ ਤਾਂ ਲੋਕਾਂ ਨੇ ਯੂ-ਟਿਊਬ, ਫੇਸਬੁਕ, ਟਵਿਟਰ ਅਤੇ ਇੰਸਟਾਗ੍ਰਾਮ 'ਤੇ ਆਪਣਾ ਦਰਦ ਬਿਆਨ ਕੀਤਾ। ਇਸ ਦੌਰਾਨ ਭਾਰਤ 'ਚ ਨੌਜਵਾਨਾਂ ਦਾ ਇੱਕ ਹੋਰ ਅਜਿਹਾ ਵਰਗ ਸੀ ਜਿਸ ਦੇ ਚਿਹਰੇ 'ਤੇ ਪ੍ਰਸ਼ਾਨੀ, ਦਿਮਾਗ਼ 'ਚ ਟੈਂਸ਼ਨ ਸੀ, ਉਹ ਇਨ੍ਹਾਂ ਚਾਈਨੀਜ਼ ਕੰਪਨੀਆਂ 'ਚ ਕੰਮ ਕਰਨ ਵਾਲੇ ਕਰਮਚਾਰੀ ਹਨ।

ਚੀਨੀ ਵੀਡੀਓ-ਸ਼ੇਅਰਿੰਗ ਐਪ ਟਿਕਟਾਕ ਦੇ ਸੀ ਈ ਓ ਕੇਵਿਨ ਮੇਅ ਨੇ ਆਪਣੇ ਭਾਰਤੀ ਕਾਮਿਆਂ ਨੂੰ ਭਰੋਸਾ ਦਿੰਦੇ ਹੋਏ ਕਿਹਾ ਹੈ ਕਿ ਸਾਡੇ ਕਰਮਚਾਰੀ ਸਾਡੀ ਸਭ ਤੋਂ ਵੱਡੀ ਤਾਕਤ ਹਨ। ਉਨ੍ਹਾਂ ਦੀ ਭਲਾਈ ਸਾਡੀ ਟੌਪ ਪਹਿਲ ਹੈ। ਅਸੀਂ 2000 ਤੋਂ ਵੱਧ ਮਜ਼ਬੂਤ ਕਾਮਿਆਂ ਨੂੰ ਭਰੋਸਾ ਦਿੱਤਾ ਹੈ ਕਿ ਅਸੀਂ ਹਾਂਪੱਖੀ ਤਜ਼ਰਬੇ ਅਤੇ ਮੌਕੇ ਬਹਾਲ ਕਰਨ ਲਈ ਜੋ ਸੰਭਵ ਹੋਵੇਗਾ, ਕਰਾਂਗੇ। ਹੈਲੋ ਐਪ ਦੇ ਗੁਰੂਗ੍ਰਾਮ ਆਫਿਸ 'ਚ ਕੰਮ ਕਰਦੀ ਦਿੱਲੀ ਦੀ ਇੱਕ ਕਰਮਚਾਰੀ ਨੇ ਨਾਂਅ ਨਾ ਲੁਕਾਉਣ ਦੀ ਸ਼ਰਤ 'ਤੇ ਦੱਸਿਆ ਕਿ ਨੌਕਰੀ ਜਾਣ ਦੀ ਚਿੰਤਾ ਨਾਲ ਜੂਝ ਰਹੇ ਕਾਮਿਆਂ ਨੂੰ ਮੋਟੀਵੇਟ ਕੀਤਾ ਜਾ ਰਿਹਾ ਹੈ।

1 ਜੁਲਾਈ ਨੂੰ ਬਾਈਟਡਾਂਸ ਦੇ ਚੀਫ ਆਪ੍ਰੇਟਿੰਗ ਆਫਿਸਰ ਕੇਵਿਨ ਮੇਅਰ ਅਤੇ ਹੈਲੋ ਐਪ ਦੇ ਇੰਡੀਆ ਹੈਡ ਰੋਹਨ ਮਿਸ਼ਰਾ ਨੇ ਵਰਚੁਅਲ ਮੀਟਿੰਗ ਰਾਹੀਂ ਆਪਣੇ ਕਰਮਚਾਰੀਆਂ ਨਾਲ ਗੱਲ ਕੀਤੀ ਤਾਂ ਸਪੱਸ਼ਟ ਕੀਤਾ ਕਿ ਕਿਸੇ ਵੀ ਵਰਕਰ ਦੀ ਨੌਕਰੀ ਨਹੀਂ ਜਾਵੇਗੀ ਅਤੇ ਨਾ ਕੋਈ ਸੈਲਰੀ ਕੱਟੀ ਜਾਵੇਗੀ। ਕੇਵਿਨ ਨੇ ਕਿਹਾ ਕਿ ਅਸੀਂ ਭਾਰਤ 'ਚ ਹੋਰ ਵੀ ਨਿਵੇਸ਼ ਕਰਾਂਗੇ। ਐਪ ਬੈਨ ਦੇ ਮਸਲੇ ਬਾਰੇ ਕਿਹਾ ਕਿ ਇਸ ਬਾਰੇ ਅਸੀਂ ਭਾਰਤ ਸਰਕਾਰ ਨਾਲ ਗੱਲਬਾਤ ਕਰ ਰਹੇ ਹਾਂ। ਉਮੀਦ ਹੈ ਛੇਤੀ ਹੀ ਇਸ ਸਮੱਸਿਆ ਦਾ ਹੱਲ ਨਿਕਲੇਗਾ।

ਦੁਨੀਆ ਭਰ ਵਿੱਚ ਪਾਪੂਲਰ ਟਿਕਟਾਕ ਅਤੇ ਹੈਲੀ ਐਪ ਦੀ ਪੇਰੈਂਟ ਕੰਪਨੀ ਹੈ ਬਾਈਟਡਾਂਸ। ਟਿਕਟਾਕ ਅਤੇ ਹੈਲੋ ਐਪ ਦੇ ਗੁਰੂਗ੍ਰਾਮ ਦਫ਼ਤਰ 'ਚ ਇਸ ਸਮੇਂ 2000 ਤੋਂ ਵੱਧ ਕਰਮਚਾਰੀ ਕੰਮ ਕਰ ਰਹੇ ਹਨ। ਕੋਰੋਨਾ ਕਾਰਨ 95 ਫੀਸਦੀ ਸਟਾਫ ਨੂੰ ਜੁਲਾਈ ਅੰਤ ਤੱਕ ਵਰਕ ਫ੍ਰਾਮ ਹੋਮ ਮਿਲਿਆ ਹੋਇਆ ਹੈ। ਬਾਈਟਡਾਂਸ ਦੇ ਭਾਰਤ 'ਚ ਲੱਗਭਗ ਸੱਤ ਆਫਿਸ ਹਨ। ਗੁਰੂਗ੍ਰਾ ਤੋਂ ਇਲਾਵਾ ਮੁੰਬਈ, ਅਹਿਮਦਾਬਾਦ, ਹੈਦਰਾਬਦ, ਬੇਂਗਲੁਰੂ, ਚੇਨਈ 'ਚ ਵੀ ਆਫਿਸ ਹਨ। ਭਾਰਤ 'ਚ ਬਾਈਟਡਾਂਸ 'ਚ 2000 ਤੋਂ ਵੱਧ ਕਰਮਚਾਰੀ ਕੰਮ ਕਰ ਰਹੇ ਹਨ। ਦੱਸ ਦਈਏ ਕਿ ਟਿਕ-ਟਾਕ ਦੇ ਦੁਨੀਆ ਭਰ 'ਚ 80 ਕਰੋੜ ਤੋਂ ਜ਼ਿਆਦਾ ਯੂਜ਼ਰਸ ਹਨ। ਇਨ੍ਹਾਂ 'ਚ ਭਾਰਤ 'ਚ ਲੱਗਭਗ 20 ਕਰੋੜ ਯੂਜ਼ਰਸ ਹਨ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Gyan Singh; Angrej Singh |
| Office Admin | Priya Dhillon |
| Graphic Designer | Priya Dhillon |
| Photographer | Kanwaljit Singh Kanwal |
| Distributer | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

## ਸਟੇਰਾਈਡ ਇਨਹੇਲਰਜ਼ ਦੀ ਵਰਤੋਂ ਰੋਕਣ ਨਾਲ ਅਸਥਮਾ ਵਿਗੜਨ ਦਾ ਖਤਰਾ

ਨਵੀਂ ਦਿੱਲੀ, 2 ਜੁਲਾਈ (ਪੋਸਟ ਬਿਊਰੋ)- ਮੌਜੂਦਾ ਮਹਾਮਾਰੀ ਵਿੱਚ ਸਿਹਤ ਅਤੇ ਤੰਦਰੁਸਤੀ ਨੂੰ ਮਹੱਤਵ ਦੇਣਾ ਇਸ ਕਰ ਕੇ ਹੋਰ ਜ਼ਰੂਰੀ ਹੈ ਕਿ ਰੋਗ ਵਿਰੋਧੀ ਪ੍ਰਣਾਲੀ ਕਮਜ਼ੋਰ ਹੈ ਜਾਂ ਕਿਸੇ ਬਿਮਾਰੀ ਦਾ ਇਤਿਹਾਸ ਹੈ। ਅਸਥਮਾ ਇਨ੍ਹਾਂ ਵਿੱਚੋਂ ਇੱਕ ਹੈ। ਅਸਥਮਾ ਵਿਗੜਨ ਦਾ ਮੁੱਖ ਕਾਰਨ ਸਾਹ ਨਾੜੀ ਵਿੱਚ ਇਨਫੈਕਸ਼ਨ ਹੈ। ਇਸ ਖਤਰੇ ਵਾਲੇ ਲੋਕਾਂ ਜਾਂ ਫਿਰ ਮੌਜੂਦਾ ਅਸਥਮਾ ਪੀੜਤਾਂ ਦੇ ਲਈ ਸਾਹ ਦੀ ਨਾੜੀ ਵਿੱਚ ਵਾਇਰਸ ਇਨਫੈਕਸ਼ਨ ਖਤਰਨਾਕ ਹੋ ਸਕਦੇ ਹਨ।

ਇੱਕ ਅਨੁਮਾਨ ਅਨੁਸਾਰ ਨਾਰਮਲ ਜਾਂ ਗੰਭੀਰ ਅਸਥਮਾ ਦੇ ਮਰੀਜ਼ਾਂ ਨੂੰ ਬਿਮਾਰੀ ਦੇ ਹੋਰ ਜ਼ਿਆਦਾ ਗੰਭੀਰ ਹੋਣ ਦਾ ਖਤਰਾ ਵੱਧ ਹੁੰਦਾ ਹੈ। ਭਾਰਤ ਵਿੱਚ ਲਗਭਗ 9.3 ਕਰੋੜ ਲੋਕ ਸਾਹ ਦੀ ਕ੍ਰੋਨਿਕ ਸਮੱਸਿਆ ਤੋਂ ਪੀੜਤ ਹਨ। ਇਨ੍ਹਾਂ ਵਿੱਚੋਂ ਲਗਭਗ 3.7 ਕਰੋੜ ਐਸਥਮੈਟਿਕ ਹਨ। ਅਸਥਮਾ ਦੇ ਪੂਰੀ ਦੁਨੀਆ ਵਿੱਚ ਭਾਰਤ ਦਾ ਹਿੱਸਾ ਕੇਵਲ 11.1 ਫੀਸਦੀ ਹੈ, ਜਦ ਕਿ ਵਿਸ਼ਵ ਵਿੱਚ ਅਸਥਮਾ ਨਾਲ ਹੋਣ ਵਾਲੀਆਂ ਮੌਤਾਂ ਵਿੱਚ ਭਾਰਤ ਦਾ ਹਿੱਸਾ 42 ਫੀਸਦੀ ਹੈ, ਜਿਸ ਕਾਰਨ ਭਾਰਤ ਦੁਨੀਆ ਦੀ ਅਸਥਮਾ ਕੈਪੀਟਲ ਬਣ ਗਿਆ ਹੈ। ਅਪੋਲੋ ਹਸਪਤਾਲ ਦੇ ਕੰਸਲਟੈਂਟ ਸਪੈਸ਼ਲਿਸਟ (ਚੈਸਟ ਮੈਡੀਸਨ, ਕ੍ਰਿਟੀਕਲ ਕੇਅਰ ਮੈਡੀਸਨ ਐਂਡ ਸਲੀਮ ਮੈਡੀਸਨ) ਡਾਕਟਰ ਰੋਹਿਤ ਕਰੋਲੀ ਦੇ ਅਨੁਸਾਰ ਅਸਥਮਾ 'ਤੇ ਸਾਹ ਦੇ ਵਾਇਰਸ ਦੇ ਪ੍ਰਭਾਵ ਕਾਰਨ ਇਹ ਜ਼ਰੂਰੀ ਹੈ ਕਿ ਮੌਜੂਦਾ ਸਮੇਂ ਵਿੱਚ ਅਸਥਮਾ ਪੀੜਤ ਬਹੁਤ ਸਾਵਧਾਨੀ ਵਰਤਣ।

## 'ਕੈਨੇਡਾ-ਡੇਅ' ਮੌਕੇ ਟੀਪੀਏਆਰ ਰੱਨਰਜ਼ ਕਲੱਬ ਤੇ ਐਂਨਲਾਈਟ ਕਿੱਡਜ਼ ਵੱਲੋਂ ਤਿੰਨ ਲੋਕੇਸ਼ਨਾਂ ਤੋਂ 'ਰੱਨ-ਕਮ-ਵਾਕ' ਦਾ ਸਾਂਝਾ ਉਪਰਾਲਾ

93 ਸਾਲਾ ਵਤਨ ਸਿੰਘ ਗਿੱਲ ਤੇ 66 ਸਾਲਾ ਧਿਆਨ ਸਿੰਘ ਸੋਹਲ ਨੇ ਨਵੇਂ ਕੀਰਤੀਮਾਨ ਸਥਾਪਿਤ ਕੀਤੇ











ਬਰੈਂਪਟਨ, (ਡਾ. ਝੰਡ) - ਇਸ ਲੰਘੇ ਬੁੱਧਵਾਰ ਪਹਿਲੀ ਜੁਲਾਈ ਨੂੰ ਟੀ.ਪੀ.ਏ.ਆਰ. ਰੱਨਰਜ਼ ਕਲੱਬ ਅਤੇ 'ਐਂਨਲਾਈਟ ਕਿੱਡਜ਼' ਵੱਲੋਂ ਮਿਲ ਕੇ ਸਾਂਝੇ ਤੌਰ 'ਤੇ 'ਕੈਨੇਡਾ-ਡੇਅ' ਨੂੰ ਸਮੱਰਪਿਤ ਤਿੰਨ ਵੱਖ-ਵੱਖ ਲੋਕੇਸ਼ਨਾਂ ਤੋਂ ਇੱਕੋ ਸਮੇਂ ਸ਼ਾਨਦਾਰ 5 ਅਤੇ 10 ਕਿਲੋਮੀਟਰ 'ਰੱਨ-ਕਮ-ਵਾਕ' ਦਾ ਆਯੋਜਨ ਕੀਤਾ ਗਿਆ। ਇਸ ਤੋਂ ਪਹਿਲਾਂ ਪਿਛਲੇ 2-3 ਸਾਲਾਂ ਤੋਂ ਇਹ ਦੋਵੇਂ ਸੰਸਥਾਵਾਂ ਵੱਖ-ਵੱਖ ਸਮਿਆਂ 'ਤੇ ਦੌੜਾਂ ਦੇ ਅਜਿਹੇ ਈਵੈਂਟਸ ਆਯੋਜਿਤ ਕਰਦੀਆਂ ਸਨ ਜਿਸ ਵਿਚ ਉਹ ਇਕ ਦੂਸਰੇ ਨੂੰ ਪੂਰਾ ਸਹਿਯੋਗ ਦਿੰਦੀਆਂ ਸਨ। ਇਸ ਸਾਲ ਕੋਰੋਨਾ ਮਹਾਂਮਾਰੀ ਦੇ ਚੱਲ ਰਹੇ ਪ੍ਰਕੋਪ ਦੇ ਇਨ੍ਹਾਂ ਦਿਨਾਂ ਵਿਚ 'ਕੈਨੇਡਾ-ਡੇਅ' ਦੇ ਮੌਕੇ ਆਯੋਜਿਤ ਕੀਤ ਗਏ ਇਸ ਈਵੈਂਟ ਦੀ ਇਹ ਵਿਸ਼ੇਸ਼ਤਾ ਰਹੀ ਕਿ ਇਸ ਵਿਚ 'ਸੋਸ਼ਲ-ਡਿਸਟੈਂਸਿੰਗ' ਦਾ ਪੂਰਾ ਖ਼ਿਆਲ ਰੱਖਿਆ ਗਿਆ ਅਤੇ ਇਸ ਵਿਚ ਭਾਗ ਲੈਣ ਵਾਲਿਆਂ ਨੇ ਬਾਕਾਇਦਾ ਮਾਸਕ ਲਗਾਏ ਹੋਏ ਸਨ।

ਈਟੋਬੀਕੋ ਦੇ ਸਿੱਖ ਸਪਿਰਿਚੂਅਲ ਸੈਂਟਰ (ਰੈੱਕਸਡੇਲ ਗੁਰੂਘਰ), ਚਿੰਗੂਆਕੂਜ਼ੀ ਪਾਰਕ ਅਤੇ ਟੌਰਬਰੈਮ ਰੋਡ ਤੇ ਕੰਟਰੀਸਾਈਡ ਤੋਂ ਸਵੇਰੇ 7.30 ਵਜੇ ਸ਼ੁਰੂ ਹੋਏ ਦੌੜ ਦੇ ਇਸ ਈਵੈਂਟ ਵਿਚ 50 ਤੋਂ ਵਧੇਰੇ ਦੌੜਾਕਾਂ ਨੇ ਭਾਗ ਲਿਆ। ਇਨ੍ਹਾਂ ਵਿੱਚੋਂ ਸੱਭ ਤੋਂ ਵੱਡਾ ਗਰੁੱਪ ਚਿੰਗੂਆਕੂਜ਼ੀ ਪਾਰਕ ਦੇ ਇਰਦ-ਗਿਰਦ ਦੌੜਨ ਵਾਲਾ ਸੀ। ਇਸ ਗਰੁੱਪ ਦੇ ਦੌੜਾਕਾਂ ਦੀ ਵਧੇਰੇ ਗਿਣਤੀ ਨੂੰ ਮੁੱਖ ਰੱਖਦਿਆਂ ਹੋਇਆਂ ਇਸ ਨੂੰ ਦੋ ਗਰੁੱਪਾਂ ਵਿਚ ਵੰਡਿਆ ਗਿਆ। ਪਹਿਲੇ ਗਰੁੱਪ ਵੱਲੋਂ ਆਪਣੀ ਦੌੜ ਸਵੇਰੇ 7.30 ਵਜੇ ਆਰੰਭ ਕੀਤੀ ਗਈ ਅਤੇ ਉਸ ਤੋਂ 15 ਮਿੰਟ ਬਾਅਦ ਦੂਸਰੇ ਗਰੁੱਪ ਨੂੰ 7.45 ਮਿੰਟ 'ਤੇ ਦੌੜਨ ਲਈ ਹਰੀ ਝੰਡੀ ਦਿੱਤੀ ਗਈ।

ਇਸ ਦੌੜ ਵਿਚ ਸੱਭ ਤੋਂ ਵਡੇਰੀ ਉਮਰ ਦੇ ਦੌੜਾਕ 93-ਸਾਲਾ ਸ. ਵਤਨ ਸਿੰਘ ਗਿੱਲ ਸਨ ਜਿਨ੍ਹਾਂ ਨੇ 5 ਕਿਲੋਮੀਟਰ ਦੌੜ 48 ਮਿੰਟਾਂ ਵਿਚ ਪੂਰੀ ਕਰਕੇ 51 ਮਿੰਟਾਂ ਦਾ ਆਪਣਾ ਪਿਛਲਾ ਰਿਕਾਰਡ ਤੋੜਿਆ। ਏਸੇ ਤਰ੍ਹਾਂ ਟੀ.ਪੀ.ਏ.ਆਰ. ਰੱਨਰਜ਼ ਕਲੱਬ ਦੇ ਮੈਰਾਥਨ ਦੌੜਾਕ ਧਿਆਨ ਸਿੰਘ ਸੋਹਲ ਨੇ 10 ਕਿਲੋਮੀਟਰ ਦੌੜ 55 ਮਿੰਟਾਂ ਵਿਚ ਦੌੜ ਕੇ ਆਪਣੇ ਰਿਕਾਰਡ ਵਿਚ ਸੁਧਾਰ ਕੀਤਾ, ਜਦਕਿ ਕਲੱਬ ਦੇ ਇਕ ਹੋਰ 76-ਸਾਲਾ ਸੀਨੀਅਰ ਦੌੜਾਕ ਈਸ਼ਰ ਸਿੰਘ ਟੌਰਬਰੈਮ ਰੋਡ ਤੇ ਕੰਟਰੀਸਾਈਡ ਲੋਕੇਸ਼ਨ ਤੋਂ ਇਸ ਦੌੜ ਵਿਚ ਸ਼ਾਮਲ ਹੋਏ। ਕਈ ਹੋਰਨਾਂ ਤੋਂ ਇਲਾਵਾ ਇਸ ਕਲੱਬ ਦੀਆਂ ਔਰਤ ਮੈਂਬਰਾਂ ਨਰਿੰਦਰ ਹੇਅਰ ਤੇ ਪ੍ਰਦੀਪ ਪਾਸੀ ਅਤੇ ਐਂਨਲਾਈਟ ਕਿੱਡਜ਼ ਦੀਆਂ ਸਰਗਰਮ ਮੈਂਬਰਾਂ ਪਿੰਕੀ ਬੈਂਸ, ਜੈਸਮੀਨ ਬੈਂਸ, ਬੌਬੀ ਛੱਤਵਾਲ ਤੇ ਉਰਮਿਲ ਪੰਨੂੰ ਨੇ ਵੀ ਬੜੇ ਉਤਸ਼ਾਹ ਨਾਲ ਇਸ ਦੌੜ ਵਿਚ ਹਿੱਸਾ ਲਿਆ।

ਦੌੜ ਦੀ ਸਮਾਪਤੀ 'ਤੇ ਹਰ ਵਾਰ ਦੀ ਤਰ੍ਹਾਂ 'ਸਬ-ਵੇਅ ਰੈਸਟੋਰੈਂਟ' ਦੇ ਮਾਲਕ ਕੁਲਵੰਤ ਧਾਲੀਵਾਲ ਵੱਲੋਂ ਇਸ ਈਵੈਂਟ ਵਿਚ ਭਾਗ ਲੈਣ ਵਾਲਿਆਂ ਨੂੰ ਰੀਫ੍ਰੈੱਸ਼ਮੈਂਟ ਦੇਣ ਦਾ ਸੁਚੱਜਾ ਪ੍ਰਬੰਧ ਕੀਤਾ ਗਿਆ। ਅਖ਼ੀਰ ਵਿਚ ਟੀ.ਪੀ.ਏ.ਆਰ. ਰੱਨਰਜ਼ ਕਲੱਬ ਦੇ ਚੇਅਰਪਰਸਨ ਸੰਧੂਰਾ ਸਿੰਘ ਬਰਾੜ ਅਤੇ ਐਂਨਲਾਈਟ ਕਿੱਡਜ਼ ਦੇ ਮੁੱਖ-ਸੰਚਾਲਕ ਪਾਲ ਬੈਂਸ ਵੱਲੋਂ ਸਾਰੇ ਦੌੜਾਕਾਂ ਅਤੇ ਇਸ ਮੌਕੇ ਹਾਜ਼ਰ ਸਮੂਹ ਵਿਅੱਕਤੀਆਂ ਦਾ ਧੰਨਵਾਦ ਕੀਤਾ ਗਿਆ। ਉਨ੍ਹਾਂ ਕਿਹਾ ਕਿ ਕਮਿਊਨਿਟੀ ਵਿਚ ਸਰੀਰਕ ਤੰਦਰੁਸਤੀ ਸਬੰਧੀ ਹੋਰ ਜਾਗਰੂਕਤਾ ਲਿਆਉਣ ਲਈ ਭਵਿੱਖ ਵਿਚ ਵੀ ਏਸੇ ਤਰ੍ਹਾਂ ਇਨ੍ਹਾਂ ਦੋਹਾਂ ਸੰਸਥਾਵਾਂ ਵੱਲੋਂ ਮਿਲ ਕੇ ਅਜਿਹੇ ਈਵੈਂਟ ਆਯੋਜਿਤ ਕੀਤੇ ਜਾਣ ਦੇ ਯਤਨ ਜਾਰੀ ਰੱਖੇ ਜਾਣਗੇ।

## ਸੇਵਾਦਲ ਦੀ ਵਰਚੂਅਲ ਈਵੈਂਟ ਨੂੰ ਭਰਵਾਂ ਹੁੰਗਾਰਾ




ਸੀਨੀਅਰ ਸੋਸ਼ਿਲ ਸਰਵਿਸਜ਼ ਗਰੁਪ ਵਲੋਂ 27 ਜੂਨ 2020 ਨੂੰ ਪਰਾਈਮ ਟਾਈਮ, ਸ਼ਾਮੀ 7,30 ਵਜੇ ਕੀਤੀ ਗਈ ਵਰਚੂਅਲ ਈਵੈਂਟ ਨੂੰ ਭਾਈਚਾਰੇ ਵਲੋਂ ਭਰਵਾਂ ਹੁੰਗਾਰਾ ਮਿਲਿਆ। ਸੈਂਕੜੇ ਲੋਕਾਂ ਨੇ 2 ਘੰਟੇ ਦੇ ਇਸ ਪਰੋਗਰਾਮ ਦਾ ਅਨੰਦ ਮਾਣਿਆ। ਅਗਲੇ ਦਿਨ, ਬਹੁਤ ਸਾਰੇ ਪ੍ਰਸ਼ੰਸਕਾ ਵਲੋਂ ਵਧਾਈ ਸੰਦੇਸ਼ ਪ੍ਰਾਪਤ ਹੋਏ ਜਿਨ੍ਹਾ ਨੇ ਇਸ ਨੂੰ ਵੇਖਿਆ ਸੀ। ਪਿਛਲੇ ਕਈ ਸਾਲਾਂ ਤੋਂ ਸੰਸਥਾ ਵਲੋਂ ਮਲਟੀਕਲਚਰ ਈਵੈਂਟ, ਬ੍ਰੈਂਪਟਨ ਸੌਕਰ ਸੈਂਟਰ ਵਿਚ ਹਰ ਸਾਲ ਮਨਾਈ ਜਾਂਦੀ ਰਹੀ ਹੈ। ਕਰੋਨਾ ਵਾਇਰਸ ਕਾਰਣ 2020 ਵਿਚ ਇਹ ਮੁਮਕਿਨ ਨਾ ਹੋ ਸਕਿਆ।

ਫਲਸਰੂਪ ਸੰਸਥਾ ਦੇ ਵਲੰਟੀਅਰਜ਼ ਨੇ ਨਵੇਂ ਜ਼ਮਾਨੇ ਨਾਲ ਕਦਮ ਮਿਲਾਂਦੇ ਹੋਇਆ ਇਸ ਨੂੰ 'ਵਰਚੂਅਲ ਈਵੈਂਟ' ਦੇ ਤੌਰ ਉਪਰ ਕਰਨ ਦਾ ਬੀੜਾ ਚੁਕਿਆ। ਇਕ ਤਰ੍ਹਾ ਨਾਲ ਇਹ, ਦੋ ਘੰਟੇ ਦੀ ਮੂਵੀ ਤਿਆਰ ਕੀਤੀ ਗਈ ਸੀ ਜਿਸਨੂੰ ਸੁਰਸਾਗਰ ਟੀਵੀ ਦੇ ਸਹਿਯੋਗ ਨਾਲ ਦਰਸ਼ਕਾ ਤਕ ਪਹੁੰਚਾਇਆ ਗਿਆ। ਇਸ ਮੌਕੇ ਐਪੀ ਕਮਲ ਖਹਿਰਾ ਨੇ ਆਖਿਆ ਕਿ ਸਾਡੇ ਸੀਨੀਅਰਜ ਅਨਸਟਾਪੇਬਲ ਹਨ ਜੋ ਕਿਸੇ ਵੀ ਹਾਲਤ ਵਿਚ ਆਪਣੀਆਂ ਪ੍ਰੰਪਰਾਵਾ ਨੂੰ ਕਾਇਮ ਰਖ ਸਕਦੇ ਹਨ। ਇਹੀ ਸਾਡੀ ਸ਼ਕਤੀ ਹੈ। ਐਮਪੀ ਸੋਨੀਆ ਸਿਧੂ, ਐਮਪੀ ਮਨਿੰਦਰ ਸਿਧੂ ਅਤੇ ਐਮਪੀਪੀ ਦੀਪਕ ਅਨੰਦ ਨੇ ਵੀ ਆਪਣੇ ਅਜਿਹੇ ਵਿਚਾਰ ਦਰਸ਼ਕਾਂ ਨਾਲ ਸਾਂਝੇ ਕੀਤੇ। ਸਮੂੰਹ ਪ੍ਰੋਗਰਾਮ ਦਾ ਮੁੱਦਾ ਮਲਟੀਕਲਚਰ ਨੂੰ ਸਮਰਪਿਤ ਸੀ। ਸਾਬਤ ਕੀਤਾ ਗਿਆ ਕਿ ਬਾਬਾ ਨਾਨਕ, ਸਾਹਿਬ ਗੁਰੂ ਗੋਬਿੰਦ ਸਿੰਘ ਜੀ ਅਤੇ ਭੂਤਕਾਲ ਦੇ ਅਨੇਕਾਂ ਮਹਾਂ ਪੁਰਖ ਅਤੇ ਸ਼ਾਸਕ ਮਲਟੀਕਲਚਰ ਨੂੰ ਪਰਨਾਏ ਹੋਏ ਸਨ। ਪੰਜਾਬੀ ਕਮਿਨਟੀ ਹੈਲਥ ਸੈਨਟਰ ਵਲੋਂ ਤਿਆਰ ਕੀਤੀ ਗਈ ਇਕ ਡੌਕੂਮੈਂਟਰੀ ਵਿਖਾਈ ਗਈ ਜਿਸ ਵਿਚ ਭਾਈਚਾਰੇ ਦੇ ਬਜ਼ੁਰਗਾ ਦੀ ਅਣਦੇਖੀ ਅਤੇ ਬੇਆਰਾਮੀ ਦਾ ਜ਼ਿਕਰ ਸੀ। ਅਗਲੇ ਦਿਨੀ, ਕਿਸੇ ਦਰਸ਼ਕ ਨੇ ਪੁਛਿਆ ਸੀ ਕਿ ਕਨੇਡਾ ਸੌਂਗ ਦੀ ਐਡੀ ਸੁੰਦਰ ਕਲਿਪ ਤੁਸਾਂ ਕਿਥੋਂ ਲਈ ਸੀ। ਅਸੀਂ ਪਹਿਲੋ ਕਦੇ ਨਹੀ ਵੇਖੀ ਸੁਣੀ ਸੀ। ਮਨੋਰੰਜਨ ਲਈ ਵਿਖਾਏ ਸਾਰੇ ਗਾਣੇ ਹੀ ਬਹੁਤ ਉਚਕੋਟੀ ਦੇ ਸਨ। ਈਵੈਂਟ ਦੀ ਟੀਵੀ ਪਰੋਜੈਕਸ਼ਨ ਅਤੇ ਵੀਡੀਓ ਗਰਾਫੀ ਦੀ ਕੁਆਲਟੀ ਸਲਾਹੁਣ ਯੋਗ ਸੀ।

## ਡਾਕਟਰੀ ਕੋਰਸ ਵਿੱਚ ਦਾਖਲੇ ਦੀ ਰਿਸ਼ਵਤ ਮੰਗਣ ਵਾਲਾ ਗ੍ਰਿਫਤਾਰ

ਚੰਡਗੀੜ੍ਹ, 2 ਜੁਲਾਈ (ਪੋਸਟ ਬਿਊਰੋ)- ਪੰਜਾਬ ਦੇ ਇੱਕ ਡਾਕਟਰ ਕੋਲੋਂ ਪੀ ਜੀ ਆਈ ਚੰਡੀਗੜ੍ਹ ਵਿੱਚ ਐੱਮ ਡੀ, ਐੱਮ ਐੱਸ ਕੋਰਸ ਵਿੱਚ ਦਾਖਲਾ ਲੈਣ ਲਈ 15 ਹਜ਼ਾਰ ਰੁਪਏ ਰਿਸ਼ਵਤ ਲੈਂਦਿਆਂ ਪੰਜਾਬ ਮਿੰਨੀ ਸਕੱਤਰੇਤ ਦੇ ਸਿਹਤ ਵਿਭਾਗ ਦੇ ਮੁਲਾਜ਼ਮ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਫੜੇ ਗਏ ਮੁਲਾਜ਼ਮ ਦੀ ਪਛਾਣ ਸੈਕਟਰ 39 ਵਸਨੀਕ ਤੇ ਸੀਨੀਅਰ ਅਸਿਸਟੈਂਟ ਸੁਰਿੰਦਰਜੀਤ ਸਿੰਘ ਸ਼ਾਹ ਵਜੋਂ ਹੋਈ ਹੈ।

A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਲੇਡੀ ਇੰਸਟ੍ਰਕਟਰ
647-998-7500 ਬਲਵਿੰਦਰ

Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal Co-Host
Iqbal Mahal Producer & Host
Serving the South Asian Community Since 1976

GREAT OPPOURTUNITY TO INVEST IN NIAGRA FALLS
- Freehold Traditional 2-Storey townhouse
- 3 Bedroom + 2 Bedroom finished basement
- Deposit less than 10% in 5 months
Starting from low 400,000
✓ Freehold ✓ 25x100ft lot
✓ Individual Yard & Driveway ✓ Finished Basement
40k Deposit Structure: $10,000 Submitted with offer; $10,000 Submitted 90 days after Offer Date; $20,000 Submitted 150 days after Offer Date
Jagdish Grewal Sales Representative
Residential | Commercial | Investment
(416) 970-5005
Century 21 President Realty Inc Brokerage* Independently Owned and Operated.
www.vipcondonetwork.com
27 Armthorpe Rd Brampton #3, ON L6T 5M4 | Fax : 905-488-2101
Office: 905-488-2100 Ext. 348

BEST CANADIAN TRUCK & FORKLIFT TRAINING CENTRE
Best Canadian Truck & Forklift Training Centre
Registered as a Private Career College Under the Private Career College Act. 2005
AZ Tractor trailer program
Manual transmission & backup training everyday
We welcome welfare workers & compensation clients
Open Seven Days
Forklift Re-Certification Only $79.00/-
Karnail Singh
416.670.3173 | 905.799.7333
27 Edvac Dr, Brampton, ON L6S 5X8

GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 • For Marketing 647-656-6648

PUNJABI RANG RADIO
CAIO 530AM
11pm-12am
Every Saturday
Chamkaur Singh Producer/ Host
Cell: 416 662 1313
Email: punjabirang13@hotmail.com

# ਪੰਜਾਬੀ ਲੋਕਧਾਰਾ ਦੀ ਅਮੀਰੀ ਦਾ ਦਰਪਣ: ਡਾ. ਪ੍ਰਿਤਪਾਲ ਮਹਿਰੋਕ ਦੀ ਪੁਸਤਕ 'ਪੰਜਾਬੀ ਲੋਕਧਾਰਾ ਦੇ ਵਿਸਰਦੇ ਵਰਤਾਰੇ'



ਡਾ. ਸੁਖਦੇਵ ਸਿੰਘ ਝੰਡ
ਫ਼ੋਨ: 84377-27375

ਲੋਕਧਾਰਾ ਸਾਡੇ ਜੀਵਨ ਦਾ ਅਨਿੱਖੜਵਾਂ ਅੰਗ ਹੈ। ਇਹ ਲੋਕ-ਮਨ ਦੀ ਸਿਰਜਣਾ ਹੈ ਅਤੇ ਇਸ ਦੇ ਨਾਲ ਜੁੜਿਆ ਮਨੁੱਖੀ ਵਰਤਾਰਾ ਪਰੰਪਰਾ ਦੇ ਨਾਲ ਜੁੜ ਕੇ ਜਦੋਂ ਆਮ ਲੋਕਾਂ ਦੇ ਮਨਾਂ ਵਿਚ ਪ੍ਰਵਾਨ ਚੜ੍ਹਦਾ ਹੈ ਤਾਂ ਉਹ ਲੋਕਧਾਰਾ ਦਾ ਸੁੰਦਰ ਸਰੂਪ ਬਣ ਜਾਂਦਾ ਹੈ। ਲੋਕ ਕਲਾ, ਲੋਕ ਨਾਚ, ਲੋਕ ਖੇਡਾਂ, ਰੋਜ਼ਾਨਾ ਜੀਵਨ ਦੇ ਨਾਲ ਜੁੜੀਆਂ ਵਸਤਾਂ, ਸੰਦ, ਘਰਾਂ ਵਿਚ ਬਣੇ ਚੁੱਲ੍ਹੇ ਚੌਂਕੇ, ਆਲ਼ੇ, ਮਿੱਟੀ ਦੇ ਹਾਰੇ, ਭੜੋਲੇ, ਭੜੋਲੀਆਂ, ਘੜੇ, ਘੜੋਲੀਆਂ, ਚੱਕੀਆਂ, ਚਰਖੇ, ਮਧਾਣੀਆਂ, ਘੜਵੰਜੀਆਂ, ਭੱਠੀਆਂ, ਹਾਰ-ਸ਼ਿੰਗਾਰ ਦੀਆਂ ਵਸਤਾਂ ਪਰਾਂਦੇ, ਸੁਰਮਾ, ਝਾਂਜਰਾਂ, ਫੁੱਲ ਬੂਟੀਆਂ ਨਾਲ ਕਢਾਈ ਕੀਤੇ ਹੋਏ ਰੁਮਾਲ, ਲੋਕ-ਨਾਟ, ਨਕਲਾਂ, ਸਵਾਂਗ, ਤਮਾਸ਼ੇ ,ਨੌਟੰਕੀ, ਪੁਤਲੀਆਂ ਦੇ ਤਮਾਸ਼ੇ, ਆਦਿ ਲੋਕਧਾਰਾ ਦੇ ਵੱਖ-ਵੱਖ ਨਮੂੰਨੇ ਹਨ। ਚਰਚਾ ਅਧੀਨ ਪੁਸਤਕ 'ਪੰਜਾਬੀ ਲੋਕਧਾਰਾ ਦੇ ਵਿਸਰਦੇ ਵਰਤਾਰੇ' ਵਿਚ ਡਾ. ਪ੍ਰਿਤਪਾਲ ਸਿੰਘ ਮਹਿਰੋਕ ਨੇ ਇਨ੍ਹਾਂ ਸੱਭਨਾਂ ਪਹਿਲੂਆਂ ਉੱਪਰ ਵਿਸਤ੍ਰਿਤ ਚਾਨਣਾ ਪਾਇਆ ਹੈ ਅਤੇ ਪੰਜਾਬੀ ਲੋਕਧਾਰਾ ਦੀ ਅਮੀਰੀ ਦਾ ਖ਼ੂਬਸੂਰਤ ਦਰਪਣ ਪੇਸ਼ ਕੀਤਾ ਹੈ। ਇਸ ਸੰਖੇਪ ਆਰਟੀਕਲ ਵਿਚ ਅਸੀਂ ਇਸ ਪੁਸਤਕ ਵਿਚ ਇਨ੍ਹਾਂ ਬਾਰੇ ਲੇਖਕ ਵੱਲੋਂ ਡੂੰਘਾਈ ਨਾਲ ਕੀਤੇ ਗਏ ਅਧਿਐਨ ਬਾਰੇ ਆਪਣੇ ਕੁਝ ਕੁ ਵਿਚਾਰ ਪੇਸ਼ ਕਰਨ ਦੀ ਕੋਸ਼ਿਸ਼ ਕਰਾਂਗੇ।

ਡਾ. ਪ੍ਰਿਤਪਾਲ ਸਿੰਘ ਮਹਿਰੋਕ ਨੇ ਆਪਣੀ ਇਸ ਪੁਸਤਕ ਨੂੰ ਪੰਜ ਭਾਗਾਂ ਵਿਚ ਵੰਡਿਆ ਹੈ। ਪਹਿਲੇ ਭਾਗ 'ਲੋਕ ਕਲਾ ਤੇ ਲੋਕ ਨਾਚ' ਵਿਚ ਉਸ ਨੇ ਪੰਜਾਬ ਦੀਆਂ ਕੁੜੀਆਂ-ਚਿੜੀਆਂ ਵੱਲੋਂ ਗਾਏ ਜਾਂਦੇ ਗੀਤ 'ਚਿੜੀ ਚਰ੍ਹੂੰਗਾ ਕੱਤ ਕੁੜੇ', ਤ੍ਰਿੰਜਣ ਦੀਆਂ ਕੁੜੀਆਂ, ਕਿੱਕਲੀ ਕਲੀਰ ਦੀ, ਹੇਅਰਾ, ਛੱਜ ਓਹਲੇ ਛਾਨਣੀ, ਜਾਗੋ ਆਈ ਆ ਅਤੇ ਪੂਰਾ ਹੋਇਆ ਥਾਲ, ਸਮੇਤ ਸੱਤ ਲੇਖ ਸ਼ਾਮਲ ਕੀਤੇ ਹਨ। ਇਨ੍ਹਾਂ ਵਿਚ ਪੰਜਾਬੀ ਮੁਟਿਆਰਾਂ ਵੱਲੋਂ ਤ੍ਰਿੰਜਣਾਂ ਵਿਚ ਛੋਪ ਪਾ ਕੇ ਕੱਤਣ ਦੇ ਮੁਕਬਲਿਆਂ, ਚਰਖੇ ਦੇ ਵੱਖ-ਵੱਖ ਅੰਗਾਂ ਜਿਵੇ ਮਝੇਰੂ, ਤੱਕਲਾ, ਮਾਲ੍ਹ ਅਤੇ ਕੱਤਣੀਆਂ ਦੇ ਬਾਰੇ ਲੋਕ-ਗੀਤਾਂ ਤੇ ਲੋਕ-ਬੋਲੀਆਂ ਦੇ ਹਵਾਲੇ ਨਾਲ ਬਹੁਤ ਵਧੀਆ ਜਾਣਕਾਰੀ ਦਿੱਤੀ ਗਈ ਹੈ। ਉਦਾਹਰਨ ਵਜੋਂ:

-ਕਿੱਕਰ ਦਾ ਮੇਰਾ ਚਰਖਾ ਮਾਏ
ਟਾਹਲੀ ਦਾ ਬਣਵਾ ਦੇ।
ਇਸ ਚਰਖੇ ਦੇ ਹਿੱਲੇ ਮਝੇਰੂ
ਮਾਲ੍ਹਾਂ ਬਹੁਤੀਆਂ ਖਾਵੇ।
ਹਾਣਦੀਆਂ ਸੱਭ ਕੱਤ ਕੇ ਸੌਂ ਗਈਆਂ
ਮੈਥੋਂ ਕੱਤਿਆ ਨਾ ਜਾਵੇ
ਚਰਖਾ ਬੂਹ ਚੰਦਰਾ
ਮੇਰੀ ਨੀਂਦ ਉਡਾਵੇ। (ਪੰਨਾ-28)

ਏਸੇ ਤਰ੍ਹਾਂ 'ਕਿੱਕਲੀ ਕਲੀਰ ਦੀ' ਲੇਖ ਵਿਚ ਵੀਰ ਦੀ 'ਪੱਗ', ਭਾਈ ਦੇ 'ਦੁਪੱਟੇ' ਅਤੇ ਜਵਾਈ ਦੇ 'ਫਿੱਟੇ ਮੂੰਹ' ਦਾ ਜ਼ਿਕਰ ਬਾਖ਼ੂਬੀ ਆਉਂਦਾ ਹੈ। ਵਿਆਹ ਦੇ ਮੌਕੇ ਗਾਏ ਜਾਣ ਵਾਲੇ ਲੋਕ-ਗੀਤ 'ਹੇਅਰਾ' ਨੂੰ ਭਾਵੇਂ ਬਹੁਤੀ ਲੋਕ-ਪ੍ਰਵਾਨਗੀ ਨਹੀਂ ਮਿਲੀ ਪਰ ਫਿਰ ਵੀ ਇਹ ਕਾਫ਼ੀ ਮਹੱਤਵ ਪੂਰਨ ਹੈ। ਵਿਆਹ ਦੇ ਮੌਕੇ ਕੱਢੀ ਜਾਂਦੀ 'ਜਾਗੋ' ਵਿਚ ਨਾਨਕੀਆਂ ਵੱਲੋਂ ਛੱਜ ਕੁੱਟਣਾ ਤੇ ਫਿਰ ਮਸਤੀ ਵਿਚ ਆ ਕੇ ਉਸ ਨੂੰ ਭੰਨਣਾ ਸ਼ਗਨਾਂ ਨਾਲ ਭਰਪੂਰ ਅਤੀ ਮਹੱਤਵ ਪੂਰਵਕ ਕਾਰਜ ਬਣ ਗਏ ਹਨ। 'ਥਾਲ' ਛੋਟੀਆਂ ਬੱਚੀਆਂ ਭਾਵ ਬਾਲੜੀਆਂ ਵੱਲੋਂ ਖਿੱਦੋ, ਖੇਹਨੂੰ ਜਾਂ ਗੇਂਦ ਦੇ ਨਾਲ ਖੇਡਦਿਆਂ ਹੋਇਆਂ ਸੁਰ, ਲੈਅ ਅਤੇ ਤਾਲ ਵਿਚ ਗਾਏ ਜਾਣ ਵਾਲੇ ਗੀਤਾਂ ਦਾ ਸਮੂਹ ਹੈ ਜਿਨ੍ਹਾਂ ਦਾ ਅੰਤ 'ਆਲ ਮਾਲ, ਹੋਇਆ ਪੂਰਾ ਥਾਲ' ਜਾਂ 'ਭੈਣੇ ਥਾਲ ਈ' ਨਾਲ ਹੁੰਦਾ ਹੈ।

ਪੁਸਤਕ ਦੇ ਦੂਸਰੇ ਭਾਗ 'ਲੋਕ ਲੋੜਾਂ, ਲੋਕ ਕਲਾ ਤੇ ਲੋਕ ਸੰਦ' ਵਿਚ ਡਾ. ਮਹਿਰੋਕ ਹੋਲ਼ਾਂ, ਚੁੱਲ੍ਹਾ ਚੌਂਕਾ, ਮਿੱਟੀ ਦੇ ਹਾਰੇ, ਚੱਕੀ ਨੂੰ ਗਾਰਾ ਲਾਉਣ, 'ਚੁੰਗਾਂ' ਵੱਲੋਂ ਭੱਠੀ 'ਤੇ ਦਾਣੇ ਭੁੰਨਾਉਣ, ਰੰਗਲੀ ਮਧਾਣੀ ਅਤੇ ਫੁੱਲਾਂ ਵਾਲੀ ਕੱਤਣੀ ਨੂੰ ਪੇਸ਼ ਕਰਦਾ ਹੈ। ਇਹ ਸਾਰੀਆਂ ਵਸਤਾਂ ਤੇ ਕਾਰਜ ਹੁਣ ਬੇਸ਼ਕ ਅਲੋਪ ਹੋ ਗਏ ਹਨ ਅਤੇ ਬੀਤੇ ਸਮੇਂ ਦੀਆਂ ਗੱਲਾਂ ਬਣ ਕੇ ਰਹਿ ਗਏ ਹਨ ਪਰ ਫਿਰ ਵੀ ਸੱਭਿਆਚਾਰਕ ਪੱਖ ਤੋਂ ਇਨ੍ਹਾਂ ਦੀ ਮਹੱਤਤਾ ਓਸੇ ਤਰ੍ਹਾਂ ਕਾਇਮ ਹੈ। ਇਨਾਂ ਨਾਲ ਜੁੜੇ ਲੋਕ-ਗੀਤ ਤੇ ਲੋਕ-ਬੋਲੀਆਂ ਅਜੇ ਵੀ ਪਹਿਲਾਂ ਵਾਂਗ ਹੀ ਤਰੋ-ਤਾਜ਼ਾ ਲੱਗਦੀਆਂ ਹਨ, ਜਿਵੇਂ -

- ਚੁੱਲ੍ਹੇ ਅੱਗ ਨਾ ਘੜੇ ਵਿਚ ਪਾਣੀ
ਉਹ ਘਰ ਛੜਿਆਂ ਦਾ।
- ਚੁੱਲ੍ਹੇ ਬੈਠ ਕੇ ਧੂੰਏਂ ਦੇ ਪੱਜ ਰੋਵੇ
ਵਿਆਹੁੜ ਨਿਆਣੇ ਦੀ।
(ਪੰਨਾ-73)

ਕਹਿੰਦੇ ਹਨ ਕਿ ਕੁਝ ਵਕਫ਼ੇ ਦੇ ਬਾਅਦ ਇਤਿਹਾਸ ਆਪਣੇ ਆਪ ਨੂੰ ਦੁਹਰਾਉਂਦਾ ਹੈ। ਅਸੀਂ ਵੇਖਦੇ ਹਾਂ ਕਿ ਪਿਛਲੇ ਕੁਝ ਸਮੇਂ ਤੋਂ ਮਿੱਟੀ ਦੇ ਘੜੇ, ਮਟਕੀਆਂ, ਤਵੇ, ਤੌੜੀਆਂ, ਸੁਰਾਹੀਆਂ ਆਦਿ ਮੁੜ ਬਾਜ਼ਾਰਾਂ ਦੀ ਰੌਣਕ ਬਣਨ ਲੱਗੇ ਹਨ ਅਤੇ ਲੋਕਾਂ ਨੇ ਇਨ੍ਹਾਂ ਦੀ ਵਰਤੋਂ ਫਿਰ ਤੋਂ ਕਰਨੀ ਸ਼ੁਰੂ ਕਰ ਦਿੱਤੀ ਹੈ। ਸ਼ਾਇਦ ਲੋਕ ਹੁਣ ਇਨ੍ਹਾਂ ਦੇ ਗੁਣਾਂ ਤੋਂ ਜਾਣੂੰ ਹੋ ਗਏ ਹਨ ਅਤੇ ਉਨ੍ਹਾਂ ਨੇ ਆਪਣੀ ਸਿਹਤ ਵੱਲ ਵਧੇਰੇ ਧਿਆਨ ਦੇਣਾ ਸ਼ੁਰੂ ਕਰ ਦਿੱਤਾ ਹੈ।

ਚੱਕੀ ਪੰਜਾਬੀ ਜੀਵਨ ਤੇ ਸੱਭਿਆਚਾਰ ਦਾ ਮਹੱਤਵਪੂਰਨ ਅੰਗ ਰਹੀ ਹੈ। ਪੰਜਾਬੀ ਸਵਾਣੀਆਂ ਹੱਥ-ਚੱਕੀ ਦੇ ਨਾਲ ਆਪਣੇ ਹੱਥੀਂ ਆਟਾ ਪੀਹ ਕੇ ਆਪਣੇ ਪਰਿਵਾਰ ਲਈ ਰੋਟੀ-ਪਾਣੀ ਕਰਦੀਆਂ ਸਨ। ਚੱਕੀ ਝੋਣਾ ਕਾਫ਼ੀ ਮੁਸ਼ਕਲ ਕਾਰਜ ਮੰਨਿਆਂ ਜਾਂਦਾ ਸੀ। ਏਸੇ ਲਈ ਹੀ ਸ਼ਾਇਦ ਇਹ ਲੋਕ-ਬੋਲੀ ਪ੍ਰਚੱਲਤ ਹੋਈ ਹੋਵੇਗੀ:

- ਉੱਠ ਨੀ ਧੀਏ ਨਿੱਸਲ ਹੋ
ਚਰਖਾ ਛੱਡ ਤੇ ਚੱਕੀ ਝੋਅ।
(ਪੰਨਾ-89)

ਇਸ ਤਰ੍ਹਾਂ ਮਾਵਾਂ ਆਪਣੀਆਂ ਧੀਆਂ ਨੂੰ ਲੋਕ-ਬੋਲੀਆਂ ਤੇ ਲੋਕ-ਗੀਤਾਂ ਨਾਲ ਆਸਾਨੀ ਨਾਲ ਇਸ ਤਲਖ਼ ਹਕੀਕਤ ਤੋਂ ਜਾਣੂੰ ਕਰਵਾ ਦਿੰਦੀਆਂ ਹੋਣਗੀਆਂ ਕਿ ਸਹੁਰੇ ਘਰ ਜਾ ਕੇ ਉਨ੍ਹਾਂ ਨੂੰ ਚੱਕੀ ਝੋਣ ਵਰਗੇ ਔਖੇ ਕੰਮ ਵੀ ਕਰਨੇ ਪੈਣਗੇ ਅਤੇ ਇਸ ਦੇ ਲਈ ਉਨ੍ਹਾਂ ਨੂੰ ਮਾਨਸਿਕ ਤੇ ਸਰੀਰਕ ਤੌਰ 'ਤੇ ਤਿਆਰ ਹੋਣਾ ਪਵੇਗਾ।

ਲੋਕ-ਬੋਲੀਆਂ ਵਿਚ ਚੱਕੀ ਦੇ ਨਾਲ ਛੜਿਆਂ ਨੂੰ ਵੀ ਜੋੜ ਲਿਆ ਜਾਂਦਾ ਹੈ ਅਤੇ ਵਿਗੜੇ ਜੱਟ ਨੂੰ 'ਸੂਤ' ਕਰਨ ਲਈ ਵੀ ਚੱਕੀ ਦੀ ਵਰਤੋਂ ਕੀਤੀ ਗਈ ਹੈ:

- ਛੜਿਆਂ ਦੇ ਦੋ-ਦੋ ਚੱਕੀਆਂ
ਕੋਈ ਡਰਦੀ ਪੀਹਣ ਨਾ ਜਾਵੇ।
(ਪੰਨਾ-89)

-ਜੇ ਜੱਟੀਏ ਜੱਟ ਕੁੱਟਣਾ ਹੋਵੇ
ਕੁੱਟੀਏ ਕੰਧੋਲੀ ਓਹਲੇ
ਨੀ ਪਹਿਲਾਂ ਜੱਟ ਤੋਂ ਮੱਕੀ
ਪਿਹਾਈਏ
ਫੇਰ ਪਿਹਾਈਏ ਛੋਲੇ
ਜੱਟੀਏ ਦੇ ਦਬਕਾ
ਜੱਟ ਨਾ ਬਰਾਬਰ ਬੋਲੇ
ਨੀ ਜੱਟੀਏ ਦੇ ਦਬਕਾ।
(ਪੰਨਾ-89)

ਉੱਚੇ-ਨੀਵੇਂ ਪਹਾੜੀ ਖੇਤਰਾਂ ਵਿਚ ਚੱਕੀ ਦਾ ਥਾਂ ਪਾਣੀ ਨਾਲ ਚੱਲਣ ਵਾਲੇ 'ਘਰਾਟਾਂ' (ਪਣ-ਚੱਕੀਆਂ) ਨੇ ਲੈ ਲਈ ਜਿਨ੍ਹਾਂ ਦਾ ਜ਼ਿਕਰ ਕਈ ਲੋਕ-ਗੀਤਾਂ ਵਿਚ ਮਿਲਦਾ ਹੈ:

-ਸੱਸ ਨੇ ਸੁੱਟਿਆ ਮੂਹਰੇ ਪੀਸਣਾ
ਮਾਹੀ ਵੇ
ਸਾਨੂੰ ਬਾਬਲੇ ਦੀ ਪਣ-ਚੱਕੀ ਯਾਦ
ਆਈ ਵੇ। (ਪੰਨਾ-90)




ਹੁਣ ਇਹ ਚੱਕੀਆਂ ਬੇਸ਼ਕ ਬਿਜਲੀ ਨਾਲ ਚੱਕੀਆਂ ਚੱਲਦੀਆਂ ਹਨ ਪਰ ਲੋਕ-ਗੀਤਾਂ ਤੇ ਲੋਕ-ਬੋਲੀਆਂ ਵਿਚ ਹੱਥ-ਚੱਕੀਆਂ ਚੱਲਦੀਆਂ ਹੀ ਰਹਿਣਗੀਆਂ ਪੰਜਾਬੀ ਸਾਹਿਤ ਵਿਚ ਚੱਕੀ ਦੇ ਨਾਲ ਜੁੜੇ ਕਈ ਮੁਹਾਵਰੇ ਮਿਲਦੇ ਹਨ, ਜਿਵੇਂ, 'ਚੱਕੀ ਦੇ ਪੁੜਾਂ ਵਿਚਾਲੇ ਫਸਣਾ', 'ਹੱਥ ਚੱਕੀ ਦੇ ਪੁੜਾਂ ਥੱਲੇ ਆਉਣੇ', 'ਜੇਲ੍ਹ ਵਿਚ ਚੱਕੀ ਪੀਸਣੀ'(ਸਖ਼ਤ ਸਜ਼ਾ ਦੇਣਾ), ਆਦਿ।

ਪਿੰਡਾਂ ਵਿਚ ਭੱਠੀਆਂ 'ਤੇ ਲੱਗਣ ਵਾਲੀਆਂ ਰੌਣਕਾਂ ਨੂੰ ਭਲਾ ਕਿਵੇਂ ਭੁਲਾਇਆ ਜਾ ਸਕਦਾ ਹੈ। ਪਿੰਡ ਦੀ 'ਮਹਿਰੀ' (ਭਠਿਆਰਨ) ਵੱਲੋਂ ਨੇਮ ਨਾਲ ਢਲਦੀ ਦੁਪਹਿਰੇ ਆਪਣੀ ਭੱਠੀ ਤਾਉਣੀ, ਮੁੰਡੇ-ਕੁੜੀਆਂ (ਚੁੰਗਾਂ) ਵੱਲੋਂ ਲਿਆਂਦੇ ਗਏ ਕਣਕ, ਮੱਕੀ, ਛੋਲਿਆਂ ਦੇ ਦਾਣਿਆਂ ਨੂੰ ਵਾਰੀ-ਵਾਰੀ ਭੁੰਨਣ ਤੋਂ ਪਹਿਲਾਂ ਉਨ੍ਹਾਂ ਵਿਚੋਂ ਆਪਣਾ ਮਿਹਨ-ਤਾਨਾ ਰੱਖਣਾ (ਭਾੜਾ ਜਾਂ ਚੁੰਗ ਕੱਢਣਾ) ਸਾਰਿਆਂ ਨੂੰ ਭਲੀ-ਭਾਂਤ ਯਾਦ ਹੀ ਹੋਵ-ੇਗਾ ਅਤੇ ਇੱਥੇ ਸ਼ਿਵ ਕੁਮਾਰ ਬਟਾਲਵੀ ਦੇ ਭੱਠੀ ਦੇ ਨਾਲ ਜੁੜੇ ਹਰਮਨ-ਪਿਆਰੇ ਗੀਤ ਦੀਆਂ ਇਹ ਸਤਰਾਂ ਵੀ ਯਾਦ ਆਉਂਦੀਆਂ ਹਨ:

-ਭੱਠੀ ਵਾਲੀਏ, ਚੰਬੇ ਦੀਏ ਡਾਲੀਏ
ਨੀ ਪੀੜਾਂ ਦਾ ਪਰਾਗਾ ਭੁੰਨ ਦੇ।

...ਤੇ ਇਸ ਦੇ ਨਾਲ ਹੀ ਇਹ ਲੋਕ-ਬੋਲੀਆਂ ਵੀ:

-ਚੇਤਰ ਦਾ ਮਹੀਨਾ, ਦਾਣੇ ਭੱਠੀ 'ਤੇ
ਭੁਨਾਨੀ ਆਂ
ਲੋਕਾਂ ਕੋਲੋਂ ਡਰਦੀ ਵੇ ਮੈ ਝੋਲੀ ਵੀ
ਨਾ ਪਾਨੀ ਆਂ। (ਪੰਨਾ-97)

-ਸੁਣ ਨੀ ਕੁੜੀਏ ਮਛਲੀ ਵਾਲੀਏ
ਮੱਛਲੀ ਨਾ ਚਮਕਾਈਏ
ਹੱਟੀ ਭੱਠੀ 'ਤੇ ਚਰਚਾ ਹੁੰਦੀ
ਚਰਚਾ ਨਾ ਕਰਵਾਈਏ
ਆਪਣੇ ਮਾਪਿਆਂ ਦੀ
ਫੁੱਲ ਵਰਗੀ ਰੱਖ ਜਾਈਏ।
(ਪੰਨਾ-98)

ਪੁਸਤਕ ਦਾ ਤੀਸਰਾ ਭਾਗ ਲੋਕ ਰਸਮਾਂ ਨਾਲ ਜੁੜਿਆ ਹੋਇਆ ਜਿਨ੍ਹਾਂ ਵਿਚ ਬੱਚੇ ਦੇ ਜਨਮ ਸਮੇਂ ਗਾਏ ਜਾਣ ਵਾਲੇ ਗੀਤ 'ਹਰਿਆ ਤੇ ਭਾਗੀਂ ਭਰਿਆ', ਵਿਆਹ ਮੌਕੇ ਗਾਈਆਂ ਜਾਣ ਵਾਲੀ ਘੋੜੀਆਂ, ਸੁਹਾਗ ਤੇ ਖਾਰੇ ਦੇ ਗੀਤ, ਵਿਆਹ ਵਾਲੀ ਕੁੜੀ ਦੇ ਕਲ੍ਹੀਰੇ ਬੰਨਣ ਤੇ ਵੰਡਣ ਦੀ ਰਸਮ, ਆਦਿ ਨਾਲ ਸਬੰਧਿਤ ਲੋਕ-ਗੀਤਾਂ ਤੇ ਲੋਕ-ਬੋਲੀਆਂ ਨੂੰ ਸ਼ਾਮਲ ਕੀਤਾ ਗਿਆ ਹੈ। ਇਨ੍ਹਾਂ ਵਿਚ ਖਾਰੇ ਦੇ ਗੀਤਾਂ ਦੀ ਆਪਣੀ ਹੀ ਮਹੱਤਤਾ ਹੈ ਜਿੱਥੇ ਮਾਂ ਤੇ ਭੈਣ ਨੂੰ ਇਸ ਮੌਕੇ ਵਿਸ਼ੇਸ਼ ਮਹੱਤਵ ਹਾਸਲ ਹੁੰਦਾ ਹੈ:

-ਨੀਂਗਰ ਚੜ੍ਹਿਆ ਖਾਰੇ,
ਨੀ ਮਾਂ ਸਦਕੜੇ ਇਸ ਖਾਰੇ ਤੋਂ।
ਵੀਰ ਚੜ੍ਹਿਆ ਖਾਰੇ,
ਨੀ ਭੈਣ ਸਦਕੜੇ ਇਸ ਖਾਰੇ ਤੋਂ।
ਲਾਲ ਚੜ੍ਹਿਆ ਖਾਰੇ,
ਨੀ ਮਾਂ ਸਦਕੜੇ ਇਸ ਖਾਰੇ ਤੋਂ,
ਵੀਰ ਚੜ੍ਹਿਆ ਖਾਰੇ,
ਨੀ ਭੈਣ ਸਦਕੜੇ ਇਸ ਖਾਰੇ ਤੋਂ।
(ਪੰਨਾ-119)

ਏਸੇ ਤਰ੍ਹਾਂ ਇਸ ਪੁਸਤਕ ਦੇ ਚੌਥੇ ਭਾਗ ਵਿਚ ਹਾਰ-ਸ਼ਿੰਗਾਰ ਦੀਆਂ ਵਸਤਾਂ ਪਰਾਂਦੇ, ਸਰੁਮੇ, ਝਾਜਰਾਂ ਤੇ ਰੁਮਾਲ ਨੂੰ ਚਰਚਾ ਦਾ ਵਿਸ਼ਾ ਬਣਾਇਆ ਗਿਆ ਹੈ। ਮੁਟਿਆਰ ਆਪਣੇ ਪਤੀ ਅਤੇ ਪਰਾਂਦੇ ਨਾਲ ਜੁੜੇ ਇਹ ਬੋਲ ਆਪਣੇ ਮੁਖ਼ਾਰਬਿੰਦ ਤੋਂ ਉਚਾਰਦੀ ਹੈ:

-ਉਹਦੇ ਨਾਲ ਜੱਚਦੀ ਆਂ ਮੈ
ਤੇ ਮੇਰੇ ਨਾਲ ਉਹ ਜੱਚਦਾ
ਮਾਹੀ ਨਾਲ ਨੱਚਦੀ ਆਂ ਮੈ
ਤੇ ਗੁੱਤ 'ਨਾ ਪਰਾਂਦਾ ਨੱਚਦਾ।
(ਪੰਨਾ-127)

ਸੁਰਮੇਂ ਬਾਰੇ ਅਕਸਰ ਇਹ ਕਿਹਾ ਜਾਂਦਾ ਹੈ ਕਿ ਸੁਰਮੇਂ ਦੇ ਪਾਉਣ ਦਾ ਕੀ ਫ਼ਾਇਦਾ ਜੇਕਰ ਇਹ ਮਟਕ-ਾਇਆ ਨਾ ਜਾਏ ਤੇ ਇਹ ਲੋਕ-ਬੋਲੀ ਇਸ ਕਥਨ ਦੀ ਬਾਖ਼ੂਬੀ ਸ਼ਾਹਦੀ ਭਰਦੀ ਹੈ:

-ਬਾਰੀਂ ਬਰਸੀਂ ਖੱਟਣ ਗਿਆ ਸੀ
ਖੱਟ ਕੇ ਲਿਆਇਆ ਪਾਵੇ
ਸੁਰਮਾਂ ਤਾਂ ਪਾਈਏ
ਜੇ ਮਟਕਾਉਣਾ ਆਵੇ।
(ਪੰਨਾ-129)

ਪਰਾਂਦੇ ਪਟਿਆਲੇ ਦੇ ਮਸ਼ਹੂਰ ਹਨ। ਇਸ ਦੇ ਮੁਕਾਬਲੇ ਝਾਂਜਰਾਂ ਕਿਸੇ ਵੀ ਸ਼ਹਿਰ ਦੀਆਂ ਹੋ ਸਕਦੀਆਂ ਹਨ। ਲੋਕ-ਬੋਲੀਆਂ ਵਿਚ ਇਸ ਦੇ ਬਾਰੇ ਖ਼ੂਬ ਜ਼ਿਕਰ ਆਉਂਦਾ ਹੈ:

-ਕਾਲ਼ੇ ਰੰਗ ਦਾ ਪਰਾਂਦਾ
ਪਟਿਆਲਿਓਂ ਲਿਆਂਦਾ
ਉਹਦੀ ਖੁੱਲ੍ਹਦੀ ਡੋਰ ਨੂੰ ਬੁਣ
ਭਾਬੀਏ
ਮੇਰੀਆਂ ਝਾਂਜਰਾਂ ਦਾ ਸ਼ੋਰਗੁੱਲ
ਸੁਣ ਭਾਬੀਏ। (ਪੰਨਾ-137)

ਕਢਾਈ ਵਾਲੇ ਰੁਮਾਲ ਦੇ ਨਾਲ ਮੁਟਿਆਰ ਦਾ ਡੁੱਲ੍ਹ-ਡੁੱਲ੍ਹ ਪੈਂਦਾ ਪਿਆਰ ਅਤੇ ਉਸ ਦੀ ਮਿੱਠੀਆਂ ਯਾਦਾਂ ਜੁੜੀਆਂ ਹੁੰਦੀਆਂ ਹਨ। ਡਾ. ਪ੍ਰਿਤਪਾਲ ਦੇ ਕਹਿਣ ਅਨੁਸਾਰ,"ਕਢਾਈ ਵਾਲਾ ਰੁਮਾਲ ਮਹਿਜ਼ ਕੱਪੜੇ ਦਾ ਟੁਕੜਾ ਨਹੀਂ ਹੁੰਦਾ, ਉਸ ਵਿਚ ਕਿਸੇ ਦੀਆਂ ਰੀਝਾਂ ਸੰਜੋਈਆਂ ਹੁੰਦੀਆਂ ਹਨ ਜਿਨ੍ਹਾਂ ਦਾ ਮੁੱਲ ਨਹੀਂ ਪਾਇਆ ਜਾ ਸਕਦਾ।"

ਇਕ ਲੋਕ-ਬੋਲੀ ਵਿਚ ਰੁਮਾਲ ਦਾ ਜ਼ਿਕਰ ਇੰਜ ਕੀਤਾ ਗਿਆ ਹੈ:

-ਹੱਥ ਛਤਰੀ ਰੁਮਾਲ ਪੱਲੇ
ਸੇਵੀਆਂ
ਭੈਣ ਕੋਲ ਵੀਰ ਚੱਲਿਆ।
(ਪੰਨਾ-151)

ਇਕ ਹੋਰ ਬੋਲੀ ਵਿਚ ਇਹ ਇਉਂ ਵੀ ਮਿਲਦਾ ਹੈ:

-ਜੇ ਮੁੰਡਿਆ ਵੇ ਮੈਨੂੰ ਨਾਲ
ਲਿਜਾਣਾ
ਮਾਂ ਦਾ ਦਰ ਤੂੰ ਚੱਕ ਮੁੰਡਿਆ
ਮੈਨੂੰ ਰੇਸ਼ਮੀ ਰੁਮਾਲ ਵਾਂਗੂ ਰੱਖ
ਮੁੰਡਿਆ
ਵੇ ਮੈਨੂੰ ਰੇਸ਼ਮੀ ਰੁਮਾਲ ਵਾਂਗ
ਰੱਖ ਮੁੰਡਿਆ। (ਪੰਨਾ-152)

ਸੱਸੀ-ਪੁੰਨੂ ਦੇ ਦੁਖਾਂਤਕ ਕਿੱਸਾ-ਕਾਵਿ ਵਿੱਚ ਵੀ ਰੁਮਾਲ ਦਾ ਜ਼ਿਕਰ ਆਉਂਦਾ ਹੈ:

-ਸੱਸੀ-ਪੁੰਨੂੰ ਦੋ ਜਣੇ, ਕੋਈ ਮੁੱਖ
ਪਰ ਜ਼ਰਦ ਰੁਮਾਲ ਵੇ,
ਹਾਏ ਵੇ ਪੁੰਨੂੰ ਜ਼ਾਲਮਾ, ਦਿਲਾਂ
ਦਿਆ ਮਹਿਰਮਾਂ,
ਸੁੱਤੀ ਨੂੰ ਛੋੜ ਕੇ ਨਾ ਜਾਣਾ ਈ
ਉਏ।
ਵੇ ਪੁੰਨੂੰ ਜ਼ਾਲਮਾ, ਹਾਏ ਵੇ
ਵੈਰੀਆ,
ਸੁੱਤੀ ਨੂੰ ਛੋੜ ਕੇ ਨਾ ਜਾਣਾ ਈ
ਉਏ। (ਪੰਨਾ-148)

ਡਾ. ਪ੍ਰਿਤਪਾਲ ਨੂੰ ਬਚਪਨ ਵਿਚ ਅੱਖੀਂ ਵੇਖੀ ਰੁਮਾਲ ਨਾਲ ਜੁੜੀ ਇਕ ਘਟਨਾ ਬਾਰ-ਬਾਰ ਯਾਦ ਆਉਂਦੀ ਹੈ ਜਿਸ ਵਿਚ ਇਕ ਮਲੰਗ ਜਿਹਾ ਫੱਕਰ ਕਿਸਮ ਦਾ ਆਦਮੀ ਲੰਮੀ ਹੇਕ ਵਿਚ ਆਪਣੀ ਧੁਨ ਵਿਚ ਮਸਤ ਗਾ ਰਿਹਾ ਹੈ। ਉਸ ਦੇ ਬੋਲ ਕੁਝ ਇਸ ਤਰ੍ਹਾਂ ਹਨ:

-ਆਪ ਜਾ ਕੇ ਵਲੈਤ ਵਿਚ ਬਹਿ
ਗਇਓਂ
ਰੁਮਾਲ ਤੇਰਾ ਕੱਢਿਆ ਪਇਆ
ਈ ਓ ...। (ਪੰਨਾ-145)

ਪੁਸਤਕ ਦੇ ਆਖ਼ਰੀ ਪੰਜਵੇਂ ਭਾਗ ਵਿਚ ਪ੍ਰਿਤਪਾਲ ਮਹਿਰੋਕ ਨੇ ਲੋਕ-ਕਲਾਵਾਂ ਨੂੰ ਸੰਜੋਇਆ ਹੈ। ਇਸ ਵਿਚ ਉਹ ਇਸ ਸਮੇਂ ਲੱਗਭੱਗ ਵਿੱਸਰ ਚੁੱਕੇ ਲੋਕ-ਕਲਾ ਦੇ ਖ਼ੇਤਰਾਂ ਕਸੀਦੇ, ਲੋਕ-ਨਾਟ ਖਿਉੜੇ, ਨਕਾਲ ਤੇ ਨਕ਼ਲਾਂ, ਸਵਾਂਗ, ਕਠਪੁਤਲੀਆਂ ਦੇ ਤਮਾਸ਼ੇ ਅਤੇ ਨੌਟੰਕੀ ਦੀ ਗੱਲ ਕਰਦਾ ਹੈ। ਸਮੇਂ ਦੇ ਬੀਤਣ ਨਾਲ ਇਹ ਲੋਕ-ਕਲਾਵਾਂ ਹੁਣ ਲੱਗਭੱਗ ਅਲੋਪ ਹੀ ਹੋ ਗਈਆਂ ਹਨ ਅਤੇ ਇਨ੍ਹਾ ਦੀ ਝਲਕ ਕਾਲਜਾਂ ਤੇ ਯੂਨੀਵਰਸਿਟੀਆਂ ਦੇ ਯੁਵਕ-ਮੇਲਿਆਂ ਵਿਚ ਹੀ ਕਦੇ ਕਦੇ ਵਿਖਾਈ ਦਿੰਦੀ ਹੈ। ਫਿਰ ਵੀ ਪੰਜਾਬ ਦੇ ਇਸ ਅਮੀਰ ਸੱਭਿਆਚਾਰਕ ਵਿਰਸੇ ਨੂੰ ਕਦੇ ਭੁਲਾਇਆ ਨਹੀਂ ਜਾ ਸਕਦਾ।

ਪੰਜਾਬੀ ਸੱਭਿਆਚਾਰ ਨਾਲ ਲਬਰੇਜ਼ ਇਸ ਪੁਸਤਕ ਵਿਚਲੇ ਵੱਖ-ਵੱਖ ਲੇਖਾਂ ਨੂੰ ਡਾ. ਪ੍ਰਿਤਪਾਲ ਮਹਿਰੋਕ ਨਤਰਤੀਬ ਦੇ ਕੇ ਇਕ ਸੁੰਦਰ ਗੁਲਦਸਤੇ ਵਾਂਗ ਪੰਜਾਬੀ ਪਾਠਕਾਂ ਦੇ ਸਨਮੁੱਖ ਪੇਸ਼ ਕੀਤਾ ਹੈ। ਮੈਨੂੰ ਪੂਰਨ ਉਮੀਦ ਹੈ ਕਿ ਉਹ ਵੀ ਇਸ ਪੁਸਤਕ ਨੂੰ ਪੂਰਾ ਹੁੰਗਾਰਾ ਦੇਣਗੇ। 'ਲੋਕਧਾਰਾ ਦਾ ਸ਼ਾਬਦਿਕ ਅਜਾਇਬ ਘਰ' ਦੇ ਸਿਰਲੇਖ ਹੇਠ ਪੁਸਤਕ ਦੇ ਆਰੰਭ ਵਿਚ ਡਾ. ਲਖਵਿੰਦਰ ਜੌਹਲ ਵੱਲੋਂ ਲਿਖੇ ਗਏ ਮੁੱਢਲੇ ਸ਼ਬਦ ਪੁਸਤਕ ਲਈ 'ਸੋਨੇ ਤੇ ਸੁਹਾਗਾ' ਵਾਲੀ ਗੱਲ ਹੈ। ਉਹ ਲਿਖਦੇ ਹਨ: "ਡਾ. ਪ੍ਰਿਤਪਾਲ ਸਿੰਘ ਦੀ ਇਹ ਕਿਤਾਬ ਵਿਰਸੇ ਦੀ ਇਸ ਅਮੀਰੀ ਦਾ ਨਾ ਸਿਰਫ਼ ਸ਼ਾਬਦਿਕ ਵਰਨਣ ਹੈ, ਸਗੋਂ ਉਸ ਨੇ ਦਿਨੋਂ ਦਿਨ ਨਿਰਜਿੰਦ ਹੋ ਰਹੇ ਵਰਤਾਰਿਆਂ ਅਤੇ ਵਸਤਾਂ ਦਾ ਬਿਰਤਾਂਤ ਸਿਰਜ ਕੇ ਇਨ੍ਹਾਂ ਨੂੰ ਅਜਿਹੀਆਂ ਕਥਾ-ਕਹਾਣੀਆਂ ਵਾਂਗ ਸਥਾਪਿਤ ਕਰ ਦਿੱਤਾ ਹੈ, ਜੋ ਸਦੀਵੀ ਹੋ ਗਈਆਂ ਹਨ।"

ਇਨ੍ਹਾਂ ਸ਼ਬਦਾਂ ਨਾਲ ਮੈਂ ਡਾ. ਪ੍ਰਿਤਪਾਲ ਮਹਿਰੋਕ ਨੂੰ ਪੰਜਾਬੀ ਸੱਭਿਆਚਾਰ ਨਾਲ ਸਬੰਧਿਤ ਇਹ ਖ਼ੂਬਸੂਰਤ ਪੁਸਤਕ ਲਿਆਉਣ ਅਤੇ ਸਪਤਰਿਸ਼ੀ ਪਬਲੀਕੇਸ਼ਨਜ਼, ਚੰਡੀਗੜ੍ਹ ਨੂੰ 182 ਪੰਨਿਆਂ ਦੀ ਛਪੀ ਇਸ ਖ਼ੂਬਸੂਰਤ ਪੁਸਤਕ ਨੂੰ ਛਾਪ ਕੇ ਪੰਜਾਬੀ ਸਾਹਿਤ ਜਗਤ ਵਿਚ ਪ੍ਰਵੇਸ਼ ਕਰਨ 'ਤੇ ਹਾਰਦਿਕ ਮੁਬਾਰਕਬਾਦ ਪੇਸ਼ ਕਰਦਾ ਹਾਂ। ਉਮੀਦ ਕਰਦਾ ਹਾਂ ਕਿ ਮੇਰਾ ਪਰਮ-ਮਿੱਤਰ ਡਾ. ਪ੍ਰਿਤਪਾਲ ਸਿੰਘ ਅੱਗੋਂ ਵੀ ਅਜਿਹਾ ਕਾਰਜ ਜਾਰੀ ਰੱਖਦਿਆਂ ਹੋਇਆਂ ਪੰਜਾਬੀ ਮਾਂ-ਬੋਲੀ ਦੀ ਇੰਜ ਹੀ ਸੇਵਾ ਕਰਦਾ ਰਹੇਗਾ।


## ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।




- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (ਏਦਟਿਅਟੌਨ) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?

ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ
ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਸਾਧਨਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ਼ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224


## ਬਿਊਟੀ ਟਿਪਸ

# ਚਿੱਟੇ ਵਾਲਾਂ ਨੂੰ ਕਾਲਾ ਕਰ ਦੇਵੇਗਾ ਮਹਿੰਦੀ ਦਾ ਤੇਲ

ਮਹਿੰਦੀ ਔਰਤਾਂ ਦੇ ਸੋਲਾਂ ਸ਼ਿੰਗਾਰਾਂ ਵਿੱਚੋਂ ਇੱਕ ਹੈ। ਉਥੇ ਵਾਲਾਂ 'ਤੇ ਮਹਿੰਦੀ ਲਾਉਣਾ ਬਹੁਤ ਫਾਇਦੇਮੰਦ ਮੰਨਿਆ ਜਾਂਦਾ ਹੈ, ਪਰ ਅੱਜ ਅਸੀਂ ਤੁਹਾਨੂੰ ਮਹਿੰਦੀ ਦੇ ਤੇਲ ਬਾਰੇ ਦੱਸਣ ਲੱਗੇ ਹਾਂ। ਮਹਿੰਦੀ ਦਾ ਤੇਲ ਇੱਕ ਜ਼ਰੂਰੀ ਤੇਲ ਹੈ, ਜੋ ਨਾ ਸਿਰਫ ਵਾਲਾਂ ਦੇ ਡਿੱਗਣ ਨੂੰ ਰੋਕਦਾ ਹੈ, ਬਲਕਿ ਵਾਲਾਂ ਨੂੰ ਚਿੱਟਾਂ ਵੀ ਨਹੀਂ ਕਰਦਾ। ਆਓ ਅਸੀਂ ਤੁਹਾਨੂੰ ਦੱਸਦੇ ਹਾਂ ਕਿ ਵਾਲਾਂ ਵਿੱਚ ਮਹਿੰਦੀ ਦਾ ਤੇਲ ਲਗਾਉਣ ਦੇ ਕੀ ਫਾਇਦੇ ਹਨ।

ਮਹਿੰਦੀ ਦਾ ਤੇਲ ਕੀ ਹੁੰਦਾ ਹੈ: ਮਹਿੰਦੀ ਦਾ ਤੇਲ ਅਜਿਹਾ ਜ਼ਰੂਰੀ ਤੇਲ ਹੈ, ਜਿਸ ਤੋਂ ਟੀ ਟੀ, ਰਾਵੇਂਸਾਰਾ ਅਤੇ ਕੇਜਪੁਟ ਪ੍ਰਾਪਤ ਕੀਤਾ ਜਾਂਦਾ ਹੈ। ਇਸ ਵਿੱਚ ਟਰਪਿਨ ਹੁੰਦਾ ਹੈ, ਜੋ ਵਾਲਾਂ ਲਈ ਫਾਇਦੇਮੰਦ ਹੁੰਦਾ ਹੈ।

ਕਿੰਝ ਕਰੀਏ ਵਰਤੋਂ: 10 ਗਰਾਮ ਮਹਿੰਦੀ ਪਾਊਡਰ ਵਿੱਚ ਇੱਕ ਤੋਂ ਤਿੰਨ ਮਿਲੀਲੀਟਰ ਮਹਿੰਦੀ ਦਾ ਤੇਲ ਮਿਲਾ ਲਓ। ਇਸ ਨੂੰ ਵਾਲਾਂ 'ਤੇ ਲਗਾਓ ਅਤੇ ਇਸ ਨੂੰ ਘੱਟ ਤੋਂ ਘੱਟ ਦੋ-ਤਿੰਨ ਘੰਟੇ ਲਈ ਛੱਡ ਦਿਓ ਅਤੇ ਫਿਰ ਇਸ ਨੂੰ ਤਾਜ਼ੇ ਪਾਣੀ ਨਾਲ ਧੋ ਲਓ। ਧਿਆਨ ਰੱਖੋ ਕਿ ਸ਼ੈਂਪੂ ਨਾ ਲਗਾਓ, ਨਹੀਂ ਤਾਂ ਰੰਗ ਨਹੀਂ ਵਧੇਗਾ। ਚਮੜੀ ਲਈ ਪੇਸਟ ਬਣਾਓ ਅਤੇ ਇਸ ਨੂੰ ਚਿਹਰੇ 'ਤੇ ਲਗਾਓ ਅਤੇ ਫਿਰ ਇਸ ਨੂੰ 15-20 ਮਿੰਟ ਬਾਅਦ ਠੰਡੇ ਪਾਣੀ ਧੋ ਲਓ। ਇਸ ਤੋਂ ਇਲਾਵਾ ਤੁਸੀਂ ਬਾਦਾਮ ਅਤੇ ਮਹਿੰਦੀ ਦਾ ਤੇਲ ਮਿਲਾ ਕੇ ਵੀ ਲਗਾ ਸਕਦੇ ਹੋ।



ਵਾਲਾਂ ਲਈ: ਐਂਟੀ ਆਕਸੀਡੈਂਟ ਭਰਪੂਰ ਮਹਿੰਦੀ ਦਾ ਤੇਲ ਚਿੱਟੇ ਵਾਲਾਂ ਦੀ ਸਮੱਸਿਆ ਤੋਂ ਛੁਟਕਾਰਾ ਦਿਵਾਉਂਦਾ ਹੈ। ਇੰਨਾ ਹੀ ਨਹੀਂ ਮਹਿੰਦੀ ਦਾ ਤੇਲ ਖੋਪੜੀ ਵਿੱਚ ਖ਼ੂਨ ਦੇ ਗੇੜ ਨੂੰ ਵਧਾਉਂਦਾ ਹੈ ਜਿਸ ਨਾਲ ਵਾਲਾਂ ਦਾ ਝੜਨਾ ਘੱਟ ਹੁੰਦਾ ਹੈ ਅਤੇ ਉਨ੍ਹਾਂ ਨੂੰ ਸੰਘਣਾ, ਲੰਮਾ ਅਤੇ ਮਜ਼ਬੂਤ ਬਣਾ ਦਿੰਦਾ ਹੈ।

ਵਾਲਾਂ ਨੂੰ ਚਮਕਦਾਰ ਬਣਾਉਣ ਲਈ: ਵੱਧ ਰਹੇ ਪ੍ਰਦੂਸ਼ਣ ਕਾਰਨ ਵਾਲਾਂ ਦੀ ਚਮਕ ਖਤਮ ਹੋ ਜਾਂਦੀ ਹੈ। ਇਸ ਸਥਿਤੀ ਵਿੱਚ ਜੈਤੂਨ ਦੇ ਤੇਲ ਵਿੱਚ ਇੱਕ ਚਮਚ ਮਹਿੰਦੀ ਦੇ ਤੇਲ ਨਾਲ ਸਿਰ ਦੀ ਮਾਲਿਸ਼ ਕਰੋ। ਇਹ ਤੁਹਾਡੇ ਵਾਲਾਂ ਦੀ ਗੁਆਚੀ ਹੋਈ ਚਮਕ ਨੂੰ ਵਾਪਸ ਲਿਆਏਗਾ।

# ਖੇਤੀ ਆਰਡੀਨੈਂਸ: ਕੁਝ ਅਹਿਮ ਮੁੱਦਿਆਂ ਉੱਤੇ ਝਾਤ

-ਡਾ. ਸੁਖਪਾਲ ਸਿੰਘ

ਕੇਂਦਰ ਸਰਕਾਰ ਵੱਲੋਂ ਪਾਸ ਕੀਤੇ ਤਿੰਨ ਆਰਡੀਨੈਂਸਾਂ ਬਾਰੇ ਬਹਿਸ ਵਿਚ ਵੱਡੀ ਗਿਣਤੀ ਬੁੱਧਜੀਵੀਆਂ ਨੇ ਇਨ੍ਹਾਂ ਖੇਤੀ ਸੁਧਾਰਾਂ ਦੇ ਅਗਾਊਂ ਭਿਆਨਕ ਨਤੀਜਿਆਂ ਬਾਰੇ ਸ਼ੱਕ ਪ੍ਰਗਟਾਏ ਹਨ। ਹਥਲੇ ਲੇਖ ਵਿਚ ਕੁਝ ਅਹਿਮ ਮੁੱਦਿਆਂ ਬਾਰੇ ਹੋਰ ਸ਼ਪਸਟ ਵਿਸ਼ਲੇਸ਼ਣ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਸਭ ਤੋਂ ਪਹਿਲਾਂ 'ਕਿਸਾਨੀ ਉਪਜ ਵਪਾਰ ਅਤੇ ਵਣਜ (ਪ੍ਰੋਤਸਾਹਨ ਅਤੇ ਸਹਾਇਕ) ਆਰਡੀਨੈਂਸ-2020' ਹੈ, ਜਿਸ ਦਾ ਮੰਤਵ ਇਹ ਦੱਸਿਆ ਗਿਆ ਹੈ ਕਿ ਕਿਸਾਨ ਆਪਣੀ ਫ਼ਸਲ ਵੇਚਣ ਸਬੰਧੀ ਸੁਤੰਤਰ ਚੋਣ ਕਰ ਸਕੇਗਾ, ਜਿਸ ਨਾਲ ਮੁਕਾਬਲੇਬਾਜ਼ੀ ਹੋਵੇਗੀ ਤੇ ਉਸ ਨੂੰ ਵੱਧ ਭਾਅ ਮਿਲਣਗੇ। ਇਸ ਬਾਰੇ ਕਿਹਾ ਜਾ ਰਿਹਾ ਹੈ ਕਿ ਚੱਲ ਰਹੀਆਂ ਸਰਕਾਰੀ ਰੈਗੂਲੇਟਿਡ ਮੰਡੀਆਂ ਵਿਚ ਖਰੀਦ ਇਸੇ ਤਰ੍ਹਾਂ ਚਲਦੀ ਰਹੇਗੀ ਤੇ ਨਵਾਂ ਸਿਸਟਮ ਇਸ ਨੂੰ ਪ੍ਰਭਾਵਿਤ ਨਹੀਂ ਕਰੇਗਾ। ਕਿਸਾਨ ਦੀ ਮਰਜ਼ੀ ਹੈ ਕਿ ਉਹ ਕਿਸੇ ਵੀ ਮੰਡੀ ਵਿਚ ਜਿਣਸ ਵੇਚੇ।

ਅਸਲ ਵਿਚ ਭਾਰਤ ਦੇ 86 ਫੀਸਦੀ ਕਿਸਾਨ 5 ਏਕੜ ਤੋਂ ਘੱਟ ਜ਼ਮੀਨ ਵਾਲੇ ਅਤੇ 67 ਫੀਸਦੀ ਕਿਸਾਨ 2.5 ਏਕੜ ਤੋਂ ਘੱਟ ਜ਼ਮੀਨ ਵਾਲੇ ਹਨ। ਕਿਸਾਨੀ ਦੀਆਂ ਇਹੀ ਪਰਤਾਂ ਗਹਿਰੇ ਆਰਥਿਕ ਸੰਕਟ ਦਾ ਸ਼ਿਕਾਰ ਹਨ। ਕਿਵੇਂ ਕਿਹਾ ਜਾ ਸਕਦਾ ਹੈ ਕਿ ਇਹ ਕਿਸਾਨ ਦੂਜੀਆਂ ਮੰਡੀਆਂ ਵਿਚ ਦੂਰ-ਦਰਾਡੇ ਜਾ ਕੇ ਆਪਣੀ ਜਿਣਸ ਵੇਚ ਲੈਣਗੇ। ਜੇ ਇਹ ਛੋਟੇ ਕਿਸਾਨ ਨਵੀਆਂ ਮੰਡੀਆਂ ਵਿਚ ਭਾਗ ਨਹੀਂ ਲੈ ਸਕਦੇ ਤਾਂ ਕੀਹਦੇ ਲਈ ਬਣਾਈਆਂ ਹਨ? ਕਿਵੇਂ ਚੱਲਣਗੀਆਂ ਨਵੀਆਂ ਪ੍ਰਾਈਵੇਟ ਮੰਡੀਆਂ? ਇਨ੍ਹਾਂ ਨਵੀਆਂ ਮੰਡੀਆਂ ਵਿਚ ਰਾਜ ਸਰਕਾਰ ਦਾ ਕੋਈ ਰੈਗੂਲੇਸ਼ਨ ਜਾਂ ਟੈਕਸ ਨਹੀਂ ਹੋਵੇਗਾ। ਰਾਜ ਸਰਕਾਰਾਂ ਸਿਰਫ਼ ਆਪਣੀਆਂ ਪਹਿਲਾਂ ਚੱਲਦੀਆਂ ਮੰਡੀਆਂ ਨੂੰ ਰੈਗੂਲੇਟ ਕਰਨਗੀਆਂ। ਇਨ੍ਹਾਂ ਮੰਡੀਆਂ ਵਿਚ 8.5 ਫੀਸਦੀ ਟੈਕਸ ਹੋਵੇਗਾ, ਜਿਸ ਵਿਚ 3 ਫੀਸਦੀ ਮੰਡੀ ਫੀਸ, 3 ਫੀਸਦੀ ਪੇਂਡੂ ਵਿਕਾਸ ਫੰਡ ਅਤੇ 2.5 ਫੀਸਦੀ ਆੜ੍ਹਤ ਕਮਿਸ਼ਨ ਹੋਵੇਗਾ। ਇਸ ਤਰ੍ਹਾਂ ਇਸ ਸਾਲ ਇਹ ਟੈਕਸ ਝੋਨੇ ਉਪਰ 155 ਅਤੇ ਕਣਕ ਉਪਰ 164 ਰੁਪਏ ਫੀ ਕੁਇੰਟਲ ਬਣਦਾ ਹੈ। ਭਾਵ ਇਹ ਕਿ ਪ੍ਰਾਈਵੇਟ ਖਰੀਦ ਉਤੇ ਇਹ ਟੈਕਸ ਨਾ ਹੋਣ ਕਰਕੇ ਝੋਨੇ ਤੇ ਕਣਕ ਦੀ ਖਰੀਦ ਪ੍ਰਾਈਵੇਟ ਖਰੀਦਦਾਰਾਂ ਨੂੰ 155 ਤੋਂ 164 ਰੁਪਏ ਪ੍ਰਤੀ ਕੁਇੰਟਲ ਸਸਤੀ ਪਵੇਗੀ। ਸ਼ੁਰੂ ਵਿਚ ਜੇ ਪ੍ਰਾਈਵੇਟ ਮੰਡੀਆਂ ਕਿਸਾਨਾਂ ਨੂੰ ਝੋਨੇ ਤੇ ਕਣਕ ਦੀ ਖਰੀਦ ਉੱਤੇ 55 ਤੋਂ 64 ਰੁਪਏ ਪ੍ਰਤੀ ਕੁਇੰਟਲ ਵੱਧ ਵੀ ਦੇਣ ਤਾਂ ਉਨ੍ਹਾਂ ਨੂੰ 100 ਰੁਪਏ ਪ੍ਰਤੀ ਕੁਇੰਟਲ ਲਾਭ ਹੋਵੇਗਾ।

ਕਿਸਾਨਾਂ ਨੂੰ ਵੱਧ ਭਾਅ ਮਿਲਣ ਕਰਕੇ ਉਨ੍ਹਾਂ ਦਾ ਝੁਕਾਅ ਪ੍ਰਾਈਵੇਟ ਮੰਡੀਆਂ ਵੱਲ ਹੋਣ ਨਾਲ ਸਰਕਾਰ ਦੀ ਖਰੀਦ ਪ੍ਰਭਾਵਿਤ ਹੋਵੇਗੀ। ਮੁੱਢਲੇ ਦੌਰ ਵਿਚ ਸਰਕਾਰ ਫ਼ਸਲ ਦਾ ਟੀਚਾ ਮਿੱਥ ਕੇ ਖਰੀਦ ਕਰੇਗੀ। ਜਿਵੇਂ ਕਈ ਰਾਜਾਂ ਵਿਚ ਦਾਲਾਂ ਤੇ ਤੇਲ ਵਾਲੀਆਂ ਜਿਣਸਾਂ ਦੀ ਸਰਕਾਰੀ ਖਰੀਦ ਸਮੁੱਚੀ ਫ਼ਸਲ ਦੀ ਬਜਾਏ ਥੋੜ੍ਹੀ ਮਾਤਰਾ ਦੀ ਹੁੰਦੀ ਹੈ। ਸਰਕਾਰ ਆਪਣੇ ਕੋਟੇ ਮੁਤਾਬਕ ਖਰੀਦ ਕਰਦੀ ਹੈ, ਬਾਕੀ ਫ਼ਸਲ ਪ੍ਰਾਈਵੇਟ ਏਜੰਸੀਆਂ ਲੈਂਦੀਆਂ ਹਨ। ਮੌਜੂਦਾ ਮੰਡੀ ਸਿਸਟਮ ਵਿਚ ਪੰਜਾਬ ਤੇ ਹਰਿਆਣੇ ਦੀਆਂ ਦੋ ਮੁੱਖ ਫ਼ਸਲਾਂ (ਕਣਕ, ਝੋਨੇ) ਦਾ ਦਾਣਾ ਦਾਣਾ ਖਰੀਦਿਆ ਜਾਂਦਾ ਹੈ। ਨਵੇਂ ਸਿਸਟਮ ਵਿਚ ਸਰਕਾਰ ਵੱਲੋਂ ਪਹਿਲਾਂ ਕੋਟਾ ਮਿਥ ਕੇ ਖ਼ਰੀਦ ਕੀਤੀ ਜਾਵੇਗੀ। ਹੌਲੀ-ਹੌਲੀ ਸਰਕਾਰੀ ਖਰੀਦ ਨੂੰ ਨਾਂਮਾਤਰ ਕੀਤਾ ਜਾਵੇਗਾ। ਅਜਿਹੀ ਹਾਲਤ ਵਿਚ ਪ੍ਰਾਈਵੇਟ ਮੰਡੀਆਂ ਵਿਚ ਫ਼ਸਲਾਂ ਦੇ ਮੁੱਲ ਘੱਟ ਕਰ ਦਿੱਤੇ ਜਾਣਗੇ। ਇਸ ਤੋਂ ਬਿਨਾ ਕਿਸਾਨਾਂ ਨੂੰ ਮੰਡੀ ਵਿਚ ਫ਼ਸਲ ਰੱਖਣਾ, ਤੁਲਾਈ, ਸਿਲਾਈ, ਪਾਰਕਿੰਗ ਆਦਿ ਦੇ ਖਰਚੇ ਕਰਨੇ ਪੈਣਗੇ, ਜਿਹੜੇ ਸਰਕਾਰੀ ਮੰਡੀ ਵਿਚ ਨਹੀਂ ਹਨ। ਪੰਜਾਬ ਵਿਚ ਇਸ ਵੇਲੇ ਜਿਵੇਂ ਮੰਡੀਆਂ ਦਾ ਪਸਾਰਾ ਹੈ, ਇਸ ਨਾਲ ਕਿਸਾਨ ਆਪਣੀ ਜਿਣਸ ਸੌਖੀ ਵੇਚ ਲੈਂਦੇ ਹਨ। ਡਰ ਹੈ ਕਿ ਪ੍ਰਾਈਵੇਟ ਮੰਡੀਆਂ ਹਰ ਥਾਂ ਨਹੀਂ ਬਣਨਗੀਆਂ। ਹਾਈਟੈਕ ਸਾਇਲੋ ਬਣਨਗੇ। ਇਸ ਨਾਲ ਛੋਟੇ ਕਿਸਾਨਾਂ ਨੂੰ ਆਪਣੀ ਜਿਣਸ ਵੇਚਣ ਵਿਚ ਔਕੜਾਂ ਆਉਣਗੀਆਂ ਤੇ ਉਹ ਵਪਾਰੀਆਂ ਨੂੰ ਘੱਟ ਰੇਟ ਉਪਰ ਵੇਚਣ ਲਈ ਮਜਬੂਰ ਹੋਣਗੇ।



ਇਕ ਮੁੱਦਾ ਬੜੇ ਜ਼ੋਰ ਨਾਲ ਉਭਾਰਿਆ ਜਾ ਰਿਹਾ ਹੈ ਕਿ ਘੱਟੋ ਘੱਟ ਸਮੱਰਥਨ ਕੀਮਤ (ਐਮ ਐਸ ਪੀ) ਇਸੇ ਤਰ੍ਹਾਂ ਚਲਦੀ ਰਹੇਗੀ, ਕਿਉਂਕਿ ਆਰਡੀਨੈਂਸਾਂ ਵਿਚ ਇਸ ਨੂੰ ਖ਼ਤਮ ਕਰਨ ਦਾ ਕੋਈ ਜ਼ਿਕਰ ਨਹੀਂ। ਇਸ ਮੁੱਦੇ ਬਾਰੇ ਸਪੱਸ਼ਟਤਾ ਦੀ ਬੜੀ ਜ਼ਰੂਰਤ ਹੈ। ਅਸਲ ਵਿਚ ਐਮ ਐਸ ਪੀ ਦੇਣਾ ਕਿਸੇ ਕਾਨੂੰਨੀ ਦਾਇਰੇ ਦਾ ਹਿੱਸਾ ਨਹੀਂ, ਇਸ ਕਰਕੇ ਇਨ੍ਹਾਂ ਆਰਡੀਨੈਂਸਾਂ ਵਿਚ ਇਸ ਦਾ ਜ਼ਿਕਰ ਹੋਣ ਬਾਰੇ ਸੋਚਿਆ ਨਹੀਂ ਜਾ ਸਕਦਾ। ਖੇਤੀ ਲਾਗਤ ਅਤੇ ਕੀਮਤ ਕਮਿਸ਼ਨ ਸਿਰਫ਼ ਸਲਾਹਕਾਰ ਸੰਸਥਾ ਹੈ, ਜੋ ਖੇਤੀ ਮੰਤਰਾਲੇ ਨੂੰ ਫ਼ਸਲਾਂ ਦੀ ਐਮ ਐਸ ਪੀ ਬਾਰੇ ਸਿਰਫ ਸਲਾਹ ਦਿੰਦੀ ਹੈ। ਐਮ ਐਸ ਪੀ ਨੂੰ ਕਾਨੂੰਨੀ ਮਾਨਤਾ ਹੁੰਦੀ ਤਾਂ ਇਹ ਕੁਝ ਰਾਜਾਂ ਅਤੇ ਕੁਝ ਫ਼ਸਲਾਂ ਵਿਚ ਨਾ ਹੁੰਦੀ, ਸਾਰੇ ਦੇਸ਼ ਵਿਚ ਲਾਗੂ ਹੁੰਦੀ। ਇਹ ਮੁੱਦਾ ਉਭਰ ਰਿਹਾ ਹੈ ਕਿ ਐਮ ਐਸ ਪੀ ਨੂੰ ਕਾਨੂੰਨੀ ਮਾਨਤਾ ਦਿੱਤੀ ਜਾਵੇ। ਇਨ੍ਹਾਂ ਆਰਡੀਨੈਂਸਾਂ ਵਿਚ ਐਮ ਐਸ ਪੀ ਬੰਦ ਹੋਣ ਦੀਆਂ ਪੂਰੀਆਂ ਸੰਭਾਵਨਾਵਾਂ ਹਨ। ਜਦੋਂ ਕਿਸੇ ਚੱਲਦੇ ਸਿਸਟਮ ਦੇ ਬਰਾਬਰ ਨਵਾਂ ਸਿਸਟਮ ਖੜ੍ਹਾ ਕੀਤਾ ਜਾਵੇ ਤਾਂ ਪੁਰਾਣੇ ਦਾ ਪਤਨ ਲਾਜ਼ਮੀ ਹੈ। ਸਿਹਤ ਅਤੇ ਸਿੱਖਿਆ ਖੇਤਰ ਦੇ ਬੁਰੇ ਹਾਲ ਦੀਆਂ ਮਿਸਾਲਾਂ ਸਾਡੇ ਸਾਹਮਣੇ ਹਨ।

ਸਾਫ਼ ਹੈ ਕਿ ਕਾਰਪੋਰੇਟ ਤੇ ਕੌਮਾਂਤਰੀ ਦਬਾਉ ਕਰਕੇ ਐਮ ਐਸ ਪੀ ਉਪਰ ਸਰਕਾਰੀ ਖਰੀਦ ਦਾ ਭੋਗ ਪੈਣ ਵਾਲਾ ਹੈ। ਕਿਹਾ ਜਾ ਰਿਹਾ ਹੈ ਕਿ 'ਇਕ ਦੇਸ਼ ਇਕ ਮੰਡੀ' ਨਾਲ ਕਿਸਾਨਾਂ ਨੂੰ ਭਾਰਤ ਵਿੱਚ ਦੂਜੀ ਥਾਈਂ ਜਾ ਕੇ ਫ਼ਸਲਾਂ ਵੇਚਣ ਦਾ ਮੌਕਾ ਮਿਲੇਗਾ, ਕਿਉਂਕਿ ਵੱਖ-ਵੱਖ ਮੰਡੀਆਂ ਵਿਚ ਫ਼ਸਲਾਂ ਦੀਆਂ ਕੀਮਤਾਂ ਦਾ ਕਾਫੀ ਅੰਤਰ ਹੁੰਦਾ ਹੈ। ਇਸ ਵਿਸ਼ੇ ਉਪਰ ਲਿਖੇ ਤਕਨੀਕੀ ਖੋਜ ਪੱਤਰ ਦਰਸਾਉਂਦੇ ਹਨ ਕਿ ਭਾਰਤ ਦੀ ਖੇਤੀ ਮੰਡੀ ਪੂਰੀ ਤਰ੍ਹਾਂ ਸੰਗਠਿਤ (ਇੰਟੈਗਰੇਟਿਡ) ਹੈ। ਜਦੋਂ ਫ਼ਸਲਾਂ ਦੇ ਭਾਅ ਇਕ ਮੰਡੀ ਵਿਚ ਵਧ ਜਾਂਦੇ ਹਨ ਤਾਂ ਉਤਪਾਦਨ ਦਾ ਵਹਾਅ ਉਸ ਦਿਸ਼ਾ ਵੱਲ ਵਧ ਜਾਂਦਾ ਹੈ। ਸਿੱਟੇ ਵਜੋਂ ਕੀਮਤਾਂ ਘਟ ਜਾਂਦੀਆਂ ਹਨ। ਇਸ ਲਈ ਇਹ ਦਲੀਲ ਬਹੁਤੀ ਵਾਜਬ ਨਹੀਂ ਕਿ ਕਿਸੇ ਹੋਰ ਮੰਡੀ ਵਿਚ ਜਾਣ ਦੀ ਆਜ਼ਾਦੀ ਨਾਲ ਕਿਸਾਨਾਂ ਨੂੰ ਫ਼ਸਲਾਂ ਦਾ ਵੱਧ ਭਾਅ ਮਿਲ ਜਾਵੇਗਾ। ਜੇ ਕਿਸੇ ਮੰਡੀ ਵਿਚ ਵੱਧ ਭਾਅ ਦੀ ਸੰਭਾਵਨਾ ਵੀ ਹੋਵੇ ਤਾਂ ਜ਼ਰਾ ਸੋਚੋ ਕਿ ਕੀ ਛੋਟਾ ਕਿਸਾਨ ਆਪਣੇ ਨਿਗੂਣੇ ਸਾਧਨਾਂ ਨਾਲ ਏਦਾਂ ਕਰਨ ਦੀ ਸਮੱਰਥਾ ਰੱਖਦਾ ਹੈ? ਕਦਾਚਿਤ ਨਹੀਂ। ਇਸੇ ਤਰ੍ਹਾਂ ਜੇ ਦੂਜੇ ਰਾਜਾਂ ਦੇ ਕਿਸਾਨਾਂ ਨੇ ਆਪਣੀ ਫ਼ਸਲ ਨੂੰ ਸਾਡੀਆਂ ਸਰਕਾਰੀ ਮੰਡੀਆਂ ਵਿਚ ਵੇਚਣਾ ਸ਼ੁਰੂ ਕਰ ਦਿੱਤਾ ਤਾਂ ਕੀ ਅਸੀਂ ਇਸ ਦੀ ਖਰੀਦ ਦਾ ਪ੍ਰਬੰਧ ਕਰਨ ਦੇ ਯੋਗ ਹਾਂ। ਇਹ ਕੰਮ ਸਿਰਫ਼ ਵਾਅਦਾ ਵਪਾਰ ਅਤੇ ਜ਼ਖ਼ੀਰੇਬਾਜ਼ੀ ਰਾਹੀਂ ਕੀਤੇ ਜਾ ਸਕਦੇ ਹਨ, ਜੋ ਅੱਗੋਂ ਇਨ੍ਹਾਂ ਆਰਡੀਨੈਂਸਾਂ ਰਾਹੀਂ ਕਾਰਪੋਰੇਟ ਕਰਨਗੇ।

ਦੂਜੇ ਆਰਡੀਨੈਂਸ 'ਕੀਮਤ ਗਾਰੰਟੀ ਅਤੇ ਖੇਤੀ ਸੇਵਾਵਾਂ ਬਾਰੇ ਕਿਸਾਨ (ਸ਼ਕਤੀਕਰਨ ਤੇ ਸੁਰੱਖਿਆ) ਆਰਡੀਨੈਂਸ-2020' ਵਿਚ ਦੱਸਿਆ ਗਿਆ ਉਦੇਸ਼ ਰਾਸ਼ਟਰੀ ਪੱਧਰ ਦਾ ਸਿਸਟਮ ਬਣਾ ਕੇ ਕਿਸਾਨਾਂ ਨੂੰ ਤਾਕਤਵਰ ਕਰਨਾ ਹੈ। ਇਸ ਵਿਚ ਕੰਟਰੈਕਟ ਖੇਤੀ ਰਾਹੀਂ ਫ਼ਸਲੀ ਵੰਨ-ਸੁਵੰਨਤਾ ਅਤੇ ਮੁਨਾਫੇ ਵਾਲੀ ਖੇਤੀ ਹੋਣ ਦੇ ਫਾਇਦੇ ਦੱਸੇ ਜਾ ਰਹੇ ਹਨ। ਅਸੀਂ ਕੰਟਰੈਕਟ ਖੇਤੀ ਦੇ ਨਤੀਜੇ ਪਹਿਲਾਂ ਵੇਖ ਚੁੱਕੇ ਹਾ। ਪੰਜਾਬ ਵਿਚ ਇਹ ਖੇਤੀ ਫ਼ੇਲ੍ਹ ਹੋਈ। ਮੁੱਖ ਤੌਰ 'ਤੇ ਵੱਡੇ ਕਿਸਾਨਾਂ ਨੇ ਇਸ ਵਿਚ ਹਿੱਸਾ ਲਿਆ। ਹੋਰ ਰਾਜਾਂ ਦੀਆਂ ਮਿਸਾਲਾਂ ਸਾਡੇ ਕੋਲ ਹਨ। ਗੁਜਰਾਤ ਵਿਚ ਪੈਪਸੀਕੋ ਕੰਪਨੀ ਨੇ ਕੁਝ ਕਿਸਾਨਾਂ ਉਪਰ ਆਲੂਆਂ ਦੀ ਵਰਾਇਟੀ ਬੀਜਣ ਲਈ ਇਕ ਕਰੋੜ ਰੁਪਏ ਦੇ ਹਰਜ਼ਾਨੇ ਦਾ ਕੇਸ ਕਰ ਦਿੱਤਾ। ਪੋਲਟਰੀ ਸੈਕਟਰ ਦਾ ਵੱਡਾ ਹਿੱਸਾ ਕੰਟਰੈਕਟ ਸਿਸਟਮ ਹੇਠ ਆਉਂਦਾ ਹੈ, ਜਿਸ ਵਿਚ ਕੰਟਰੈਕਟ ਕਰਨ ਵਾਲੇ ਕਿਸਾਨ ਦੂਜੇ ਕਿਸਾਨਾਂ ਨਾਲੋਂ ਕਾਫੀ ਘਾਟੇ ਵਿਚ ਰਹਿੰਦੇ ਹਨ। ਸੋ ਕੰਟਰੈਕਟ ਖੇਤੀ ਨੇ ਕਿਸਾਨਾਂ ਨੂੰ ਲਾਭ ਪੁਚਾਉਣ ਦੀ ਥਾਂ ਖੱਜਲ-ਖੁਆਰੀ ਦਿਤੀ ਹੈ। ਬੱਸ ਇਹ ਕਾਰਪੋਰੇਟ ਖੇਤੀ ਵੱਲ ਚੁੱਕਿਆ ਕਦਮ ਹੈ, ਜਿਸ ਦੇ ਕਿਸਾਨੀ ਮਾਰੂ ਨਤੀਜੇ ਅਸੀਂ ਵਿਕਸਤ ਦੇਸ਼ਾਂ ਵਿਚ ਵੇਖ ਚੁੱਕੇ ਹਾਂ।

ਤੀਜੇ 'ਜ਼ਰੂਰੀ ਵਸਤਾਂ ਸੋਧ ਆਰਡੀਨੈਂਸ-2020' ਵਿਚ ਖੇਤੀ ਨਾਲ ਸਬੰਧਤ ਵਸਤਾਂ ਨੂੰ ਭੰਡਾਰ ਕਰਨ ਦੀ ਖੁੱਲ੍ਹ ਦੇ ਕੇ ਕਿਹਾ ਗਿਆ ਹੈ ਕਿ ਇਸ ਨਾਲ ਖੇਤੀ ਸੈਕਟਰ ਵਿਚ ਮੁਕਾਬਲੇਬਾਜ਼ੀ ਵਧੇਗੀ, ਕਿਸਾਨਾਂ ਦੀ ਆਮਦਨ ਵਧੇਗੀ ਅਤੇ ਰੈਗੂਲੇਟਰੀ ਪ੍ਰਬੰਧ ਉਦਾਰ ਹੋਣ ਨਾਲ ਖ਼ਪਤਕਾਰਾਂ ਨੂੰ ਲਾਭ ਹੋਵੇਗਾ। ਅਸਲ ਵਿਚ ਇਸ ਆਰਡੀਨੈਂਸ ਨਾਲ ਹਰ ਵਿਅਕਤੀ, ਕੰਪਨੀ ਜਾਂ ਵਪਾਰੀ ਖੇਤੀ-ਖ਼ੁਰਾਕੀ ਵਸਤਾਂ ਸਟੋਰ ਕਰ ਸਕਦਾ ਹੈ, ਜਿਸ ਨਾਲ ਬਜ਼ਾਰ ਵਿਚ ਬਣਾਉਟੀ ਕਮੀ ਵਿਖਾ ਕੇ ਮੰਡੀ ਦੀਆਂ ਕੀਮਤਾਂ ਨੂੰ ਪ੍ਰਭਾਵਿਤ ਕੀਤਾ ਜਾ ਸਕੇਗਾ। ਇਸ ਨਾਲ ਛੋਟੇ ਵਪਾਰੀ, ਪਰਚੂਨ ਵਾਲੇ ਅਤੇ ਸਾਰੇ ਖਪਤਕਾਰਾਂ ਨੂੰ ਖ਼ੁਰਾਕੀ ਵਸਤਾਂ ਦੀਆਂ ਉੱਚੀਆਂ ਕੀਮਤਾਂ ਦੇਣੀਆਂ ਪੈਣਗੀਆਂ। ਕਰਨਾਟਕ ਦੇ ਛੋਟੇ ਵਪਾਰੀਆਂ ਨੇ ਇਸ ਦਾ ਵਿਰੋਧ ਕਰਦੇ ਹੋਏ ਕਿਹਾ ਹੈ ਕਿ ਇਸ ਨਾਲ ਸਿਰਫ਼ ਵੱਡੀਆਂ ਕੰਪਨੀਆਂ ਅਤੇ ਵੱਡੇ ਵਪਾਰੀਆਂ ਨੂੰ ਲਾਭ ਹੋਵੇਗਾ। ਸਪੱਸ਼ਟ ਹੈ ਕਿ ਇਹ ਆਰਡੀਨੈਂਸ ਖਪਤਕਾਰਾਂ, ਛੋਟੇ ਵਪਾਰੀਆਂ ਨੂੰ ਨੁਕਸਾਨ ਅਤੇ ਵੱਡੀਆਂ ਕੰਪਨੀਆਂ ਦੇ ਹਿਤ ਪੂਰੇਗਾ। ਇਨ੍ਹਾਂ ਆਰਡੀਨੈਂਸਾਂ ਨਾਲ ਰਾਜਾਂ ਨੂੰ ਵੱਡਾ ਨੁਕਸਾਨ ਹੋਵੇਗਾ। ਰਾਜ ਮੰਡੀ ਬੋਰਡਾਂ ਨੂੰ ਹੋਣ ਵਾਲੀ ਆਮਦਨ ਘਟਣ ਨਾਲ ਲਿੰਕ ਸੜਕਾਂ, ਖੇਤੀ ਖੋਜ ਅਤੇ ਸਮੁੱਚੇ ਪੇਂਡੂ ਵਿਕਾਸ 'ਤੇ ਗਹਿਰੀ ਸੱਟ ਵੱਜੇਗੀ। ਇਸ ਨਾਲ ਕਿਸਾਨੀ ਹੀ ਨਹੀਂ, ਦੇਸ਼ ਦਾ ਫੈਡਰਲ ਢਾਂਚਾ ਤਬਾਹ ਹੋਵੇਗਾ। ਭਾਰਤੀ ਖੇਤੀ ਉਪਰ ਬਹੁ-ਕੌਮੀ ਕਾਰਪੋਰੇਸ਼ਨਾਂ ਦੀ ਜਕੜ ਹੋਵੇਗੀ। ਲੋਕਾਂ ਦੀ ਵੱਡੀ ਗਿਣਤੀ ਦਾ ਖੇਤੀ ਵਿਚੋਂ ਨਿਕਾਲ ਹੋਵੇਗਾ। ਆਰਥਿਕ-ਸਮਾਜਿਕ ਤਾਣਾ ਬਾਣਾ ਉਥਲ-ਪੁਥਲ ਹੋ ਜਾਵੇਗਾ। ਅੱਜ ਲੋੜ ਹੈ ਕਿ ਇਨ੍ਹਾਂ ਆਰਡੀਨੈਂਸਾਂ ਦੇ ਦੂਰ-ਅੰਦੇਸ਼ੀ ਪ੍ਰਭਾਵਾਂ ਉਪਰ ਵਿਚਾਰ ਕਰ ਕੇ ਖੇਤੀ ਨੂੰ ਕਾਰਪੋਰੇਟਾਂ ਤੋਂ ਬਚਾਉਣ ਦੀ ਦਿਸ਼ਾ ਵਿਚ ਕਦਮ ਚੁੱਕਿਆ ਜਾਵੇ।

# ਨਹੀਓਂ ਰੀਸਾਂ ਸੇਖੇ ਦੀਆਂ!



ਲੇਖਕ-ਨਿੰਦਰ ਘੁਗਿਆਣਵੀ
9417421700

ਬਲਜਿੰਦਰ ਸੇਖਾ ਮੇਰਾ ਉਦੋਂ ਦਾ ਆੜੀ ਹੈ,ਜਦੋਂ ਨਿੱਕਾ ਹੁੰਦਾ ਮੈਂ ਤਾਏ ਸ ਫੌਜਾ ਸਿੰਘ ਬਰਾੜ (ਨਵਰਾਹੀ ਘੁਗਿਆਣਵੀ )ਜੀ ਨਾਲ ਸਾਹਿਤ ਸਭਾਵਾਂ ਵਿਚ ਜਾਇਆ ਕਰਦਾ ਸਾਂ ਤੇ ਬਲਜਿੰਦਰ ਆਪਣੇ ਤਾਏ ਜਰਨੈਲ ਸੇਖਾ ਨਾਲ ਆਉਂਦਾ ਹੁੰਦਾ ਸੀ। ਪਹਿਲੀ ਵਾਰ ਅਸੀ ਜੈਤੋ ਦੇ ਸਰਕਾਰੀ ਕੰਨਿਆ ਸਕੂਲ ਵਿੱਚ ਮਿਲੇ ਸੀ । ਮੈਂ ਤੂੰਬੀ ਨਾਲ ਗੀਤ ਗਾਏ। ਸੇਖਾ ਮੇਰਾ ਆੜੀ ਬਣ ਗਿਆ ਓਦਣ ਤੋਂ। ਇਉਂ ਅਸੀਂ ਗਾਹੇ ਬਗਾਹੇ ਇਕੱਠੇ ਹੁੰਦੇ ਰਹਿੰਦੇ। ਉਦੋਂ ਇਹਦੇ ਘਰੇਲੂ ਨਿੱਕੇ ਨਾਂ ਬਾਰੇ ਵੀ ਪਤਾ ਲਗਿਆ ਕਿ ਇਹ 'ਟੀਟੂ' ਹੈ। ਕਦੇ ਉਹ ਭੰਡਾਂ ਦੀਆਂ ਨਕਲਾਂ ਲਾਹੁੰਦਾ। ਕਦੇ ਗਾਉਂਦਾ। ਕਦੇ ਕਵਿਤਾ ਪੜਦਾ। ਮੈਂ ਉਹਦੇ ਨਾਲ ਪਿੰਡ ਵੀ ਗਿਆ ਸੇਖੇ।ਸਮਾਂ ਬਦਲਿਆ। ਕਹਾਣੀਕਾਰ ਹਰਪ੍ਰੀਤ ਸੇਖਾ ਤੇ ਨਾਵਲਕਾਰ ਦਵਿੰਦਰ ਸੇਖਾ ਦੇ ਚਚੇਰੇ ਭਰਾ ਬਲਜਿੰਦਰ ਦਾ ਤਾਏ ਸਵ.ਮਾਸਟਰ ਹਰਚੰਦ ਸਿੰਘ ਤੇ ਤਾਈ ਜਗਦੀਸ਼ ਕੌਰ ਨੇ ਉਸਦਾ ਵਿਆਹ ਕਰਕੇ ਉਹਨੂੰ ਟੋਰਾਂਟੋ ਬੁਲਾ ਲਿਆ।

ਜਦ ਮੈਂ 2001 ਵਿਚ ਪਹਿਲੀ ਵਾਰੀ ਟੋਰਾਂਟੋ ਆਇਆ ਤਾਂ ਬਲਜਿੰਦਰ ਸੇਖਾ ਹੁੱਬ ਹੁੱਬ ਕੇ ਮਿਲਿਆ। ਉਦੋਂ ਏਥੇ ਵੀ ਇਸਨੇ ਆਪਣੀ ਕਲਾ ਨੂੰ ਪ੍ਰਫੁੱਲਤ ਕਰਨ ਲਈ ਯਤਨ ਅਰੰਭਣੇ ਸ਼ੁਰੂ ਕੀਤੇ ਹੋਏ ਸਨ। ਅਜੀਤ ਵੀਕਲੀ ਵਾਲਿਆਂ ਆਪਣਾ 24 ਘੰਟੇ ਰੇਡੀਓ ਪਰੋਗਰਾਮ ਚਲਾਇਆ ਤਾਂ ਇਕਬਾਲ ਰਾਮੂਵਾਲੀਆ ਤੇ ਰਛਪਾਲ ਰਾਮੂਵਾਲੀਆ ਆਥਣੇ "ਸ਼ੌਕੀ ਦੀ ਮਹਿਫਲ" ਪਰੋਗਰਾਮ ਵਿਚ ਇਕੱਠੇ ਬੋਲਦੇ ਤੇ ਬਲਜਿੰਦਰ ਵੀ ਇਸ ਪਰੋਗਰਾਮ ਦਾ ਸ਼ਿੰਗਾਰ ਬਣਦਾ। ਉਹ ਨਕਲਾਂ ਲਾਹੁੰਦਾ। ਵੰਨ ਸੁਵੰਨਾ ਮੂੰਹ ਬਣਾਉਂਦਾ। ਖਾਸਾ ਹਸਾਉਂਦਾ।

ਹੈਰਾਨੀ ਤੇ ਮਾਣ ਵਾਲੀ ਗੱਲ ਇਹ ਕਿ ਉਹ ਉਨਾ ਵੇਲਿਆਂ ਵਿਚ ਵੀ ਕਈ ਪਾਸਿਓਂ ਸੰਘਰਸ਼ ਕਰ ਰਿਹਾ ਸੀ। ਨਵਾਂ ਨਵਾਂ ਆਇਆ ਸੀ। ਅਨੇਕਾਂ ਔਕੜਾਂ ਤੇ ਦੂਜੇ ਬੰਨੇ ਕਲਾਕਾਰੀ ਵਾਸਤੇ ਵਕਤ ਕੱਢਣਾ ਕੋਈ ਸੌਖਾ ਨਹੀਂ ਸੀ ਉਸ ਵਾਸਤੇ। ਮੈਂ ਉਹਦੇ ਸਿਦਕ ਨੂੰ ਸਜਦਾ ਕਰਦਿਆਂ ਆਖਿਆ ਸੀ ਕਿ ਤੇਰੀ ਮਿਹਨਤ ਰੰਗ ਲਿਆਊ। ਉਹਦਾ ਸਾਰਾ ਪਰੀਵਾਰ ਉਸਨੂੰ ਲਗਾਤਾਰ ਹੱਲਾਸ਼ੇਰੀ ਦੇ ਰਿਹਾ ਸੀ। ਬਲਜਿੰਦਰ ਤੇ ਲਖਵਿੰਦਰ ਸੰਧੂ ਨੇ ਭੰਡਾਂ ਦੀ ਜੋੜੀ ਬਣਾ ਲਈ। ਕਨੇਡਾ ਅਮਰੀਕਾ ਦੇ ਟੀਵੀ ਪਰੋਗਰਾਮਾਂ ਵਿਚ ਆਉਣ ਲੱਗੇ।

ਸਰੀ ਗਦਰੀ ਬਾਬਿਆਂ ਦਾ ਮੇਲਾ ਸਾਹਿਬ ਥਿੰਦ ਹੁਰਾਂ ਦਾ। ਚਾਲੀ ਹਜ਼ਾਰ ਤੋਂ ਵੀ ਵੱਧ ਪੰਜਾਬੀਆਂ ਦਾ ਇਕੱਠ। ਗਿੱਲ ਹਰਦੀਪ ਦੇ ਗੀਤ -ਕਰੀਂ ਕਿਤੇ ਮੇਲ ਰੱਬਾ ਦਿੱਲੀ ਤੇ ਲਾਹੌਰ ਦਾ-'ਤੇ ਸਵ.ਕੁਲਦੀਪ ਮਾਣਕ ਤੇ ਸ਼ੌਕਤ ਅਲੀ ਨੇ ਗਾਉਂਦਿਆ ਗਾਉਂਦਿਆਂ ਪੱਗਾਂ ਵਟਾਈਆਂ। ਮੈਨੂੰ ਸ਼ਹੀਦ ਮੇਵਾ ਸਿੰਘ ਲੋਪੋਕੇ ਪੁਰਸਕਾਰ ਨਾਲ ਨਿਵਾਜਿਆ ਸੀ। ਇਥੇ ਬਲਜਿੰਦਰ ਹੁਰਾਂ ਖੂਬ ਰੰਗ ਬੰਨਿਆ। ਕਮਾਲਾਂ ਕਰਤੀਆਂ।

ਅਜਕਲ ਪੰਜਾਬ ਦਾ ਮਾਣ ਬਲਜਿੰਦਰ ਸੇਖਾ ਆਪਣੇ ਕਲਾਮਈ ਕਾਰਜਾਂ ਕਰ ਕੇ ਪੂਰੀ ਕੈਨੇਡਾ ਵਿਚ ਛਾਇਆ ਹੋਇਆ ਹੈ ਤੇ ਮੈਨੂੰ ਆਪਣੇ ਪੁਰਾਣੇ ਆੜੀ ਤੇ ਉਤੇ ਮਾਣ ਮਹਿਸੂਸ ਹੁੰਦੈ। ਆਓ ਹੁਣ ਉਹਦੇ ਕੀਤੇ ਸਮਾਜਿਕ,ਸਭਿਆਚਾਰਕ ਤੇ ਕਲਾਮਈ ਕਾਰਜਾਂ ਉਤੇ ਪੰਛੀ ਝਾਤ ਪਾਈਏ।

ਬਲਜਿੰਦਰ ਸਿੰਘ ਸੇਖਾ ਦਾ ਜਨਮ ਸ:ਗੁਰ-ਦੇਵ ਸਿੰਘ ਸਰਾਂ ਦੇ ਘਰ ਮਾਤਾ ਸਵ.ਚਰਨਜੀਤ ਕੌਰ ਦੀ ਕੁੱਖੋਂ ਜਿਲ੍ਹਾ ਮੋਗਾ ਦੇ ਪਿੰਡ ਸੇਖਾ ਕਲਾਂ ਦੇ ਵਿੱਚ ਹੋਇਆ। ਬਲਜਿੰਦਰ ਸੇਖਾ ਬੁਹਪੱਖੀ ਸਖਸ਼ੀਅਤ ਦਾ ਮਾਲਿਕ ਹੈ। ਹੁਣ ਵੀ ਆਏ ਦਿਨ ਕੋਈ ਨਾ ਕੋਈ ਵਿਲੱਖਣ ਚੀਜ ਆਪਣਾ ਚਾਹੁੰਣ ਵਾ-ਲਿਆ ਲਈ ਜਰੂਰ ਲੈ ਕੇ ਆਉਂਦਾ ਹੈ। ਪੜ੍ਹਾਈ ਦੇ ਸਫਰ ਦੋਰਾਨ ਹੀ ਇਹ ਗਾਇਕ ਰਾਜ ਬਰਾੜ ਦਾ ਬਹੁਤ ਕਰੀਬੀ ਦੋਸਤ ਬਣ ਗਿਆ ਸੀ।ਰਾਜ ਬਰਾੜ ਨੇ ਓਹਨਾ ਦੀ ਪਲੇਠੀ ਕਾਮੇਡੀ ਕੈਸਟ ( ਛਿੱਤਰੋ ਛਿੱਤਰੀ) ਦਾ ਕੰਮ ਬਿਨਾ ਕਿਸੇ ਸਵਾਰਥ ਦੇ, ਆਪਣੀ ਦੇਖ ਰੇਖ ਵਿੱਚ ਕੀਤਾ ਸੀ।

ਪੰਜਾਬ ਵਿੱਚ ਰਹਿੰਦਿਆਂ ਵਿਆਹਾਂ ਤੇ ਕਦੇ ਮੇਲਿਆ 'ਤੇ ਆਪ ਨੇ ਵੱਖ-ਵੱਖ ਕਲਾਕਾਰਾਂ ਨਾਲ ਕੰਮ ਕਰਕੇ ਆਪਣੀਆਂ ਫੀਸਾਂ ਅਤੇ ਖਰਚੇ ਪੂਰੇ ਕੀਤੇ ਪਰ ਕੋਈ ਵੀ ਮਜਬੂਰੀ ਬਲਜਿੰਦਰ ਸੇਖਾ ਨੂੰ ਆਪਣੀ ਮੰਜਿਲ ਵੱਲ ਜਾਣ ਤੋ ਨਹੀ ਰੋਕ ਸਕੀ।

13 ਅਪ੍ਰੈਲ 2013 ਨੂੰ ਸਿੱਖ ਹੇਰੀਟੇਜ ਮੰਥ ਨੂੰ ਉਨਟਾਰੀਓ ਸਰਕਾਰ ਵੱਲੋਂ ਮਾਨਤਾ ਦਿੱਤੀ ਗਈ । ਇਸ ਮੌਕੇ 'ਤੇ ਆਪ ਵੱਲੋਂ ਦੁਨੀਆਂ ਦਾ ਸਿੱਖ ਹੈਰੀਟੇਜ ਬਟਨ ਤਿਆਰ ਕਰਕੇ ਵਿਧਾਨ ਸਭਾ ਵਿੱਚ ਪਾਸ ਕਰਵ-ਾਇਆ ਗਿਆ, ਕਨੇਡਾ ਦੀ ਪਾਰਲੀਮੈਂਟ ਵਿੱਚ ਵਿਸਾਖੀ ਦੇ ਮੌਕੇ ਕਨੇਡਾ ਦੇ ਮੈਂਬਰ ਪਾਰਲੀਮੈਂਟਾਂ ਦੇ ਕੋਟ ਦੇ ਕਾਲਰ ਦਾ ਸ਼ਿੰਗਾਰ ਬਣਿਆ, ਜਿਸ ਦੇ ਡਿਜਾਇਨ ਦੀ ਕਨੇਡਾ ਅਮਰੀਕਾ ਅਤੇ ਸਾਰੀ ਦੁਨੀਆ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਡਿਜ-ਾਇਨ ਦੀ ਭਰਪੂਰ ਸ਼ਲਾਘਾ ਕੀਤੀ ਗਈ। ਆਪ ਨੇ ਗਦਰੀ ਬਾਬਿਆਂ ਦੇ ਮੇਲੇ ਤੇ ਪ੍ਰੋ.ਮੋਹਨ ਸਿੰਘ ਫਾਊਡਰੇਸਨ ਦੇ ਸਾਹਿਬ ਥਿੰਦ ਨਾਲ ਮਿਲਕੇ ਕਾਮਾਗਾਟਾ ਮਾਰੂ ਤ੍ਰਾਸਦੀ ਦਾ ਚਿੱਤਰ ਤਿਆਰ ਕਰਕੇ ਕਨੇਡਾ ਦੇ ਰੱਖਿਆ ਮੰਤਰੀ ਹਰਜੀਤ ਸਿੰਘ ਸੱਜਣ ਨੂੰ ਭੇਟ ਕੀਤਾ ਕੀਤਾ । ਆਪ ਦੇ ਦੁਆਰਾ 2018 ਨੂੰ ਕਨੇਡਾ ਡੇਅ ਮੌਕੇ ਤੇ ਕਨੇਡਾ ਪੋਸਟ ਦੇ ਰਾਹੀਂ ਡਾਕ ਟਿਕਟ ਤਿਆਰ ਕੀਤੀ ਗਈ । ਕਨੇਡਾ ਡੇਅ ਤੇ 2017 ਨੂੰ ਗੋ ਕਨੇਡਾ ( ) ਗੀਤ ਗਾ ਕੇ ਸਾਰੀ ਦੁਨੀਆ ਵਿੱਚ ਬੱਲੇ ਬੱਲੇ ਕਰਵਾਈ। ਇਸ ਗੀਤ ਨੂੰ ਰਿਕਾਰਡ ਤੋੜ ਸਫਲਤਾ ਪ੍ਰਾਪਤ ਹੋਈ , ਇੰਡੀਆ ਅਤੇ ਕਨੇਡਾ ਦੇ ਵੱਖ-ਵੱਖ ਇੰਗਲਿਸ਼ ਨਿਊਜ ਚੈਨਲਾਂ ਨੇ ਲਗਾਤਾਰ ਦਿਖਾਇਆ। ਕਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਵੀ ਪ੍ਰਸੰਸਾ ਪੱਤਰ ਭੇਟ ਕੀਤਾ ਗਿਆ।

11 ਨਵੰਬਰ 2018 ਨੂੰ 100ਵੇਂ ਰੈਮੈਮਬਰਸ ਡੇਅ 'ਤੇ ਸੰਸਾਰ ਯੁੱਧ ਦੇ ਸ਼ਹੀਦਾਂ ਦੀ ਯਾਦ ਨੂੰ ਸਮਰਪਿਤ ਬਹੁਤ ਹੀ ਵਧੀਆ ਚਿੱਤਰ ਪੰਜਾਬੀ ਵਿੱਚ ਤਿਆਰ ਕੀਤਾ। ਗੁਰੂ ਨਾਨਕ ਦੇਵ ਜੀ ਦੇ 550ਵੇ ਜਨਮ ਦਿਨ 'ਤੇ ਕਮਾਲ ਦਾ ਚਿੱਤਰ ਡਿਜਾਇਨ ਕੀਤਾ। 2019 ਵਿਚ ਕਨੇਡਾ ਡੇਅ 'ਤੇ ਆਪ ਨੇ ਕਨੇਡਾ ਦਾ ਝੰਡਾ ਮੋਤੀਆਂ ਨਾਲ ਤਿਆਰ ਕੀਤਾ। ਬਰੈਮਪਟਨ ਸਿਟੀ ਵੱਲੋਂ ਆਪ ਨੂੰ ਬੈੱਸਟ ਸਿਟੀਜਨ ਅਵਾਰਡ ਨਾਲ ਸਨਮਾਨਿਤ ਕੀਤਾ ਗਿਆ। ਬਲਜਿੰਦਰ ਸੇਖਾ ਨੇ ਗਾਇਕੀ ਦੇ ਖੇਤਰ ਵਿੱਚ ਵੀ ਪ੍ਰਸੰਸਾ ਯੋਗ ਮੱਲਾਂ ਮਾਰੀਆਂ ਅਤੇ ਮਹਾਨ ਸ਼ਾਇਰ ਬਾਬੂ ਰਜਬ ਅਲੀ ਖਾਨ ਜਿੰਨਾ ਦੀ ਸ਼ਾਇਰੀ ਪੜ੍ਹਣੀ ਸੁਖਾਲੀ ਅਤੇ ਗਾਉਣੀ ਬੜੀ ਔਖੀ ਹੈ (ਵਤਨ ਦੀਆਂ ਤਾਂਘਾਂ ਅਤੇ ਮੇਰੇ ਦਸ਼ਮੇਸ਼ ਗੁਰੂ ) ਅਤੇ ਸੰਤ ਰਾਮ ਉਦਾਸੀ ਦੀ ਕਵਿਤਾ (ਚਮਕੌਰ ਦੀ ਗੜੀ ਦੇ ਦ੍ਰਿਸਟਾਂਤ ਨੂੰ ਸਿੰਘਾ ਦਾ ਜੇਰਾ) ਗੀਤ ਵਿੱਚ ਗਾ ਕੇ ਆਪਣੀ ਕਲਾ ਦਾ ਲੋਹਾ ਮਨਵਾਇਆ ਅਤੇ ਗੋ ਕਨੇਡਾ ਅਤੇ ਹੈਪੀ ਨਿਊ ਇਅਰ , ਮਾਂ ਗੀਤ ਕੈਰੀਅਰ ਦੇ ਸੁਨਹਿਰੀ ਗੀਤ ਹਨ । ਸੰਗੀਤਕਾਰ ਦਿਲਖੁਸ ਥਿੰਦ ,ਰਣਜੀਤ ਸਿੰਘ ਬਰਨਾਲਾ ਨੇ ਸੰਗੀਤ ਵਿੱਚ ਆਪ ਦਾ ਸਾਥ ਦਿੱਤਾ ਹੈ।ਬਲਜਿੰਦਰ ਨੇ ਜਿੰਦਗੀ ਦੇ ਵੱਖ-ਵੱਖ ਖੇਤਰ ਵਿੱਚ ਬਹੁਤ ਨਾਮਣਾ ਖੱਟਿਆ ਹੈ। ਖੂਨਦਾਨੀ ਬਲਜਿੰਦਰ ਸੇਖਾ ਨੇ ਆਪਣੀ ਸਵ.ਮਾਤਾ ਚਰਨਜੀਤ ਕੌਰ ਜੀ ਦੀਆ ਅੱਖਾਂ ਦਾਨ ਕਰਕੇ ਸਲਾਘਾ ਯੋਗ ਕੰਮ ਕੀਤਾ । ਜਿਸ ਨਾਲ ਦੋ ਲੋੜਵੰਦਾ ਨੂੰ ਦਿਸਣ ਲੱਗਿਆ ਤੇ ਕਨੇਡਾ ਆਈ ਬੈਂਕ ਨੇ ਪ੍ਰਸੰਸਾ ਪੱਤਰ ਭੇਟ ਕੀਤਾ । ਇਸਦੇ ਕੰਮਾਂ ਲਈ ਯੂ ਐਨ ਓ ਨੇ ਵੀ ਪ੍ਰਸੰਸਾ ਪੱਤਰ ਭੇਟ ਕੀਤਾ ਹੈ।ਹੁਣ ਕਰੋਨਾਵਾਈਰਸ ਦੇ ਸਮੇ ਲੋਕਾਂ ਨੂੰ ਮੁਫ਼ਤ ਖਾਣਾ ਤੇ ਰਾਈਡ ਤੋ ਮੁਹੱਈਆ ਕਰਵਾਉਣ ਤੋ ਇਲਾਵਾ ਸਾਰੀਆਂ ਸੰਸਥਾਵਾਂ ਨਾਲ ਮਿਲਕੇ ਵਾਲੰਟੀਅਰ ਕੰਮ ਕੀਤਾ ।ਇਸਤੋ ਇਲਾਵਾ ਸਰਕਾਰਾਂ ਵੱਲੋਂ ਜਾਰੀ ਸੂਚਨਾਵਾਂ ਨੂੰ ਅੰਗਰੇਜ਼ੀ ਤੋ ਪੰਜਾਬੀ ਵਿੱਚ ਅਨੁਵਾਦ ਕਰਕੇ ਅਖ਼ਬਾਰਾਂ , ਰੇਡੀਓ , ਟੈਲੀਵੀਜ਼ਨ ਤੇ ਸਾਂਝਾ ਕਰਨ ਦਾ ਵਾਲੰਟੀਅਰ ਦੇ ਤੌਰ ਤੇ ਕੰਮ ਕੀਤਾ

ਮੈਨੂੰ ਆਪਣੇ ਦੋਸਤ ਤੇ ਪੰਜਾਬ ਦੇ ਪੁੱਤਰ ਤੇ ਮਾਣ ਹੈ।

ਇਹ ਇੱਥੇ ਹੀ ਰੁਕਣ ਵਾਲਾ ਜਾਂ ਹਾਰ ਹੰਭ ਕੇ ਬੈਠਣ ਵਾਲਾ ਨਹੀਂ। ਲੰਮੀ ਰੇਸ ਦਾ ਘੋੜਾ ਹੈ ਮੇਰਾ ਮਿੱਤਰ!

## ਮਿੰਨੀ ਕਹਾਣੀ

# ਉਚਾਈ

-ਰਾਮੇਸ਼ਵਰ ਕੰਬੋਜ਼ ਹਿਮਾਂਸ਼ੂ

ਪਿਤਾ ਜੀ ਦੇ ਅਚਾਨਕ ਆਉਣ ਨਾਲ ਪਤਨੀ ਖਿਝ ਗਈ, "ਲੱਗਦਾ ਹੈ, ਬੁੱਢੇ ਪੈਸਿਆਂ ਦੀ ਜ਼ਰੂਰਤ ਆ ਪਈ ਹੈ, ਨਹੀਂ ਇਥੇ ਕੌਣ ਆਉਣ ਵਾਲਾ ਸੀ। ਆਪਣਾ ਪੇਟ ਭਰਦਾ ਨਹੀਂ, ਘਰਦਿਆਂ ਦਾ ਕਿੱਥੋਂ ਭਰੋਗੇ?" ਮੈਂ ਨਜ਼ਰ ਬਚਾ ਕੇ ਦੂਸਰੇ ਪਾਸੇ ਦੇਖਣ ਲੱਗਾ। ਪਿਤਾ ਜੀ ਟੂਟੀ 'ਤੇ ਹੱਥ-ਮੂੰਹ ਧੋ ਕੇ ਸਫਰ ਦੀ ਥਕਾਨ ਦੂਰ ਕਰ ਰਹੇ ਸਨ। ਇਸ ਵਾਰ ਮੇਰਾ ਹੱਥ ਕੁਝ ਜ਼ਿਆਦਾ ਤੰਗ ਹੋ ਗਿਆ। ਵੱਡਾ ਬੇਟਾ ਪਹਿਲਾਂ ਹੀ ਕਹਿ ਚੁੱਕਾ ਸੀ। ਪਤਨੀ ਦੇ ਇਲਾਜ ਦੇ ਲਈ ਪੂਰੀਆਂ ਦਵਾਈਆਂ ਨਹੀਂ ਖਰੀਦੀਆਂ ਜਾ ਸਕੀਆਂ। ਪਿਤਾ ਜੀ ਨੂੰ ਵੀ ਅੱਜ ਹੀ ਆਉਣਾ ਸੀ।

ਘਰ ਵਿੱਚ ਚੁੱਪ ਪੱਸਰੀ ਹੋਈ ਸੀ। ਖਾਣਾ ਖਾਣ ਦੇ ਬਾਅਦ ਪਿਤਾ ਜੀ ਨੇ ਮੈਨੂੰ ਕੋਲ ਬੈਠਣ ਦਾ ਇਸ਼ਾਰਾ ਕੀਤਾ। ਮੈਂ ਸ਼ੱਕ ਸੀ ਕਿ ਕੋਈ ਆਰਥਿਕ ਸਮੱਸਿਆ ਲੈ ਕੇ ਆਏ ਹਨ। ਪਿਤਾ ਜੀ ਕੁਰਸੀ 'ਤੇ ਬੈਠ ਗਏ। ਇਕਦਮ ਬੇਫਿਕਰ। 'ਸੁਣ', ਕਹਿ ਕੇ ਉਨ੍ਹਾਂ ਨੇ ਮੇਰਾ ਧਿਆਨ ਆਪਣੇ ਵੱਲ ਖਿੱਚਿਆ। ਮੈਂ ਸਾਹ ਰੋਕ ਕੇ ਉਨ੍ਹਾਂ ਦੇ ਮੂੰਹ ਵੱਲ ਦੇਖਣ ਲੱਗਾ। ਰੋਮ-ਰੋਮ ਕੰਨ ਬਣ ਕੇ ਅਗਲਾ ਵਾਕ ਸੁਣਨ ਦੇ ਲਈ ਚੌਕੰਨਾ ਸੀ।

ਉਨ੍ਹਾਂ ਕਿਹਾ, "ਖੇਤੀ ਦੇ ਕੰਮ ਵਿੱਚ ਜ਼ਰਾ ਜਿੰਨੀ ਫੁਰਸਤ ਨਹੀਂ ਮਿਲਦੀ। ਇਸ ਵਕਤ ਕੰਮ ਦਾ ਜ਼ੋਰ ਹੈ। ਰਾਤ ਦੀ ਗੱਡੀ ਵਾਪਸ ਜਾਵਾਂਗਾ। ਤਿੰਨ ਮਹੀਨੇ ਤੋਂ ਤੁਹਾਡੀ ਕੋਈ ਚਿੱਠੀ ਤੱਕ ਨਹੀਂ ਮਿਲੀ। ਜਦ ਤੂੰ ਪਰੇਸ਼ਾਨ ਹੁੰਦਾ ਏਂ, ਤਦ ਇੰਝ ਕਰਦਾ ਏਂ।" ਉਨ੍ਹਾਂ ਨੇ ਜੇਬ 'ਚੋਂ ਸੌ-ਸੌ ਦੇ ਦਸ ਨੋਟ ਕੱਢ ਕੇ ਮੇਰੇ ਵੱਲ ਵਧਾ ਦਿੱਤੇ, "ਰੱਖ ਲੈ। ਤੇਰੇ ਕੰਮ ਆਉਣਗੇ। ਝੋਨੇ ਦੀ ਫਸਲ ਚੰਗੀ ਹੋ ਗਈ ਸੀ। ਘਰ ਵਿੱਚ ਕੋਈ ਦਿੱਕਤ ਨਹੀਂ। ਤੂੰ ਬਹੁਤ ਕਮਜ਼ੋਰ ਲੱਗ ਰਿਹਾ ਏਂ। ਢੰਗ ਨਾਲ ਖਾਇਆ-ਪੀਆ ਕਰੋ। ਵਹੁਟੀ ਦਾ ਵੀ ਧਿਆਨ ਰੱਖ।"

ਮੈਂ ਕੁਝ ਨਹੀਂ ਬੋਲ ਸਕਿਆ। ਸ਼ਬਦ ਜਿਵੇਂ ਮੇਰੇ ਗਲੇ ਵਿੱਚ ਫਸ ਕੇ ਰਹਿ ਗਏ। ਮੈਂ ਕੁਝ ਕਹਿੰਦਾ ਇਸ ਤੋਂ ਪਹਿਲਾਂ ਹੀ ਪਿਤਾ ਜੀ ਨੇ ਪਿਆਰ ਨਾਲ ਝਿੜਕਿਆ, "ਲੈ ਲੈ। ਬਹੁਤ ਵੱਡਾ ਹੋ ਗਿਆਂ ਏਂ ਕੀ?"

"ਨਹੀਂ ਤਾਂ।" ਮੈਂ ਹੱਥ ਵਧਾਇਆ। ਪਿਤਾ ਜੀ ਨੇ ਨੋਟ ਮੇਰੇ ਹੱਥ ਉਤੇ ਰੱਖ ਦਿੱਤੇ। ਵਰ੍ਹਿਆਂ ਪਹਿਲਾਂ ਵੀ ਪਿਤਾ ਜੀ ਮੈਨੂੰ ਸਕੂਲ ਭੇਜਣ ਦੇ ਲਈ ਇਸੇ ਤਰ੍ਹਾਂ ਹੱਥ 'ਤੇ ਅਠਿਆਨੀ ਟਿਕਾ ਦਿੰਦੇ ਸਨ, ਪਰ ਤਦ ਮੇਰੀਆਂ ਨਜ਼ਰਾਂ ਅੱਜ ਵਾਂਗ ਝੁਕੀਆਂ ਨਹੀਂ ਹੁੰਦੀਆਂ ਸਨ।





## ਪੀ ਪੀ ਈ ਕਿੱਟ ਘਪਲਾ :
# ਅੰਮ੍ਰਿਤਸਰ ਮੈਡੀਕਲ ਕਾਲਜ ਦੀ ਪ੍ਰਿੰਸੀਪਲ ਅਹੁਦੇ ਤੋਂ ਹਟਾਈ ਗਈ

ਅੰਮ੍ਰਿਤਸਰ, 2 ਜੁਲਾਈ (ਪੋਸਟ ਬਿਊਰੋ)- ਪੰਜਾਬ ਸਰਕਾਰ ਦੇ ਮੈਡੀਕਲ ਸਿਖਿਆ ਤੇ ਰਿਸਰਚ ਵਿਭਾਗ ਵੱਲੋਂ ਸਥਾਨਕ ਸਰਕਾਰੀ ਮੈਡੀਕਲ ਕਾਲਜ ਅੰਮ੍ਰਿਤਸਰ ਦੀ ਪ੍ਰਿੰਸੀਪਲ ਡਾਕਟਰ ਸੁਜਾਤਾ ਸ਼ਰਮਾ ਤੇ ਵਾਈਸ ਪ੍ਰਿੰਸੀਪਲ ਡਾਕਟਰ ਵੀਨਾ ਨੂੰ ਅਹੁਦਿਆਂ ਤੋਂ ਹਟਾ ਕੇ ਡਾਕਟਰ ਰਾਜੀਵ ਕੁਮਾਰ ਦੇਵਗਨ ਨੂੰ ਨਵਾਂ ਪ੍ਰਿੰਸੀਪਲ ਤੇ ਡਾਕਟਰ ਜਗਦੇਵ ਸਿੰਘ ਕੁਲਾਰ ਨੂੰ ਨਵਾਂ ਵਾਈਸ ਪ੍ਰਿੰਸੀਪਲ ਨਿਯੁਕਤ ਕੀਤਾ ਗਿਆ ਹੈ। ਡਾਕਟਰ ਦੇਵਗਨ ਇਸ ਤੋਂ ਪਹਿਲਾਂ ਰੇਡੀਓ ਥੈਰੇਪੀ ਵਿਭਾਗ ਦੇ ਪ੍ਰੋਫੈਸਰ ਅਤੇ ਮੁਖੀ ਸਨ, ਜਦੋਂ ਕਿ ਡਾਕਟਰ ਕੁਲਾਰ ਐਨੋਟਮੀ ਵਿਭਾਗ ਦੇ ਪ੍ਰੋਫੈਸਰ ਸਨ।



ਵਰਣਨ ਯੋਗ ਹੈ ਕਿ ਅੰਮ੍ਰਿਤਸਰ ਦੇ ਸਰਕਾਰੀ ਮੈਡੀਕਲ ਕਾਲਜ ਵਿੱਚ ਪੀ ਪੀ ਈ ਕਿੱਟਾਂ ਦੀ ਖਰੀਦ ਕਰਨ ਵਿੱਚ ਹੋਏ ਘਪਲੇ ਦੀ ਹਰ ਪਾਸੇ ਚਰਚਾ ਹੈ। ਕੁਝ ਹਫਤੇ ਪਹਿਲਾਂ ਅੰਮ੍ਰਿਤਸਰ ਤੋਂ ਪਾਰਲੀਮੈਂਟ ਮੈਂਬਰ ਗੁਰਜੀਤ ਸਿੰਘ ਔਜਲਾ ਨੇ ਸਰਕਾਰੀ ਮੈਡੀਕਲ ਕਾਲਜ ਨੂੰ ਕੋਰੋਨਾ ਵਾਇਰਸ ਦੇ ਇਲਾਜ ਕਰਨ ਵਾਲੇ ਡਾਕਟਰਾਂ ਲਈ ਪੀ ਪੀ ਈ ਕਿੱਟਾਂ, ਐੱਨ 95 ਮਾਸਕ, ਸੈਨੇਟਾਈਜ਼ਰ ਤੇ ਹੋਰ ਲੋੜੀਂਦਾ ਸਾਮਾਨ ਖਰੀਦਣ ਲਈ ਆਪਣੇ ਐੱਮ ਪੀ ਹਲਕਾ ਵਿਕਾਸ ਫੰਡ ਵਿੱਚੋਂ ਇੱਕ ਕਰੋੜ ਰੁਪਏ ਦਿੱਤੇ ਸਨ। ਕਾਲਜ ਨੇ ਤਿੰਨ ਵੱਖ-ਵੱਖ ਕੰਪਨੀਆਂ ਕੋਲੋਂ ਪੀ ਪੀ ਈ ਕਿੱਟਾਂ ਮੰਗਵਾਈਆਂ, ਪਰ ਡਾਕਟਰਾਂ ਅਤੇ ਹੋਰ ਅਮਲੇ ਨੇ ਇਨ੍ਹਾਂ ਕਿੱਟਾਂ ਦੇ ਗੈਰ ਮਿਆਰੀ ਹੋਣ ਦਾ ਦੋਸ਼ ਲਾਇਆ ਸੀ। ਇਸ ਦੀ ਜਾਂਚ ਦੀ ਸੁਸਤ ਰਫਤਾਰ ਕਾਰਨ ਐੱਮ ਪੀ ਗੁਰਜੀਤ ਸਿੰਘ ਔਜਲਾ ਨੇ ਕੇਂਦਰ ਸਰਕਾਰ ਨੂੰ ਇੱਕ ਪੱਤਰ ਭੇਜ ਕੇ ਇਸ ਦੀ ਸ਼ਿਕਾਇਤ ਕੀਤੀ ਤਾਂ ਕੇਂਦਰੀ ਸਿਹਤ ਵਿਭਾਗ ਨੇ ਪੰਜਾਬ ਸਰਕਾਰ ਨੂੰ ਜਾਂਚ ਸਮਾਂਬੱਧ ਕਰਨ ਅਤੇ ਰਿਪੋਰਟ ਜਲਦੀ ਭੇਜਣ ਨੂੰ ਕਿਹਾ ਸੀ। ਇਸ ਤੋਂ ਕੁਝ ਦਿਨ ਬਾਅਦ ਸਰਕਾਰੀ ਮੈਡੀਕਲ ਕਾਲਜ ਦੀ ਪ੍ਰਿੰਸੀਪਲ ਨੂੰ ਹਟਾ ਕੇ ਨਵਾਂ ਪ੍ਰਿੰਸੀਪਲ ਲਾ ਦਿੱਤਾ ਗਿਆ ਹੈ। ਇਸ ਦੇ ਨਾਲ-ਨਾਲ ਵਾਈਸ ਪ੍ਰਿੰਸੀਪਲ ਅਤੇ ਇਸ ਕੇਸ ਦੇ ਸ਼ਿਕਾਇਤ ਕਰਤਾ ਨੂੰ ਵੀ ਟਰਾਂਸਫਰ ਕਰ ਦਿੱਤਾ ਗਿਆ ਹੈ।

# ਵਿਆਹ ਕਰਾਉਣ ਪਿੱਛੋਂ ਵਿਦੇਸ਼ ਭੱਜਣ ਵਾਲੇ 450 ਠੱਗ ਲਾੜਿਆਂ ਦੇ ਪਾਸਪੋਰਟ ਰੱਦ

ਚੰਡੀਗੜ੍ਹ, 2 ਜੁਲਾਈ (ਪੋਸਟ ਬਿਊਰੋ)- ਭਾਰਤ ਵਿੱਚ ਵਿਆਹ ਕਰਵਾ ਕੇ ਵਿਦੇਸ਼ ਨੱਠੇ 450 ਲਾੜਿਆਂ ਦੇ ਪਾਸਪੋਰਟ ਰੀਜ਼ਨਲ ਪਾਸਪੋਰਟ ਦਫਤਰ ਚੰਡੀਗੜ੍ਹ ਨੇ ਰੱਦ ਕਰ ਦਿੱਤੇ ਹਨ। ਪਾਸਪੋਰਟ ਦਫਤਰ ਦੀ ਕਾਰਵਾਈ ਪਿੱਛੋਂ 83 ਲਾੜੇ ਵਤਨ ਪਰਤ ਆਏ ਹਨ। ਇਸ ਦੌਰਾਨ ਰੀਜ਼ਨਲ ਪਾਸਪੋਰਟ ਦਫਤਰ ਨੇ ਕੈਨੇਡਾ, ਬ੍ਰਿਟੇਨ ਤੇ ਅਮਰੀਕਾ ਸਣੇ ਕਈ ਹੋਰ ਦੇਸ਼ਾਂ ਨੂੰ ਅਜਿਹੇ ਭਾਰਤੀਆਂ ਖਿਲਾਫ ਕਾਰਵਾਈ ਲਈ ਲਿਖਿਆ ਹੈ, ਜਿਹੜੇ ਭਾਰਤ ਵਿੱਚ ਵਿਆਹ ਕਰਨ ਪਿੱਛੋਂ ਵਿਦੇਸ਼ ਨੱਠ ਗਏ। ਇਨ੍ਹਾਂ ਸਾਰਿਆਂ ਨੇ ਪਾਸਪੋਰਟ ਰੱਦ ਕਰਨ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਗਈ ਹੈ।

ਹਰਿਆਣਾ, ਪੰਜਾਬ ਤੇ ਚੰਡੀਗੜ੍ਹ ਦੇ 20 ਹਜ਼ਾਰ ਤੋਂ ਵੱਧ ਲਾੜੇ ਵਿਆਹ ਕਰਨ ਤੋਂ ਬਾਅਦ ਵਿਦੇਸ਼ ਨੱਠ ਗਏ ਹਨ। ਰੀਜ਼ਨਲ ਪਾਸਪੋਰਟ ਦਫਤਰ ਚੰਡੀਗੜ੍ਹ ਨੇ 450 ਐੱਨ ਆਰ ਆਈ ਲਾੜਿਆਂ ਦੇ ਪਾਸਪੋਰਟ ਰੱਦ ਕੀਤੇ ਹਨ। ਪਾਸਪੋਰਟ ਦਫਤਰ ਦੇ ਕੋਲ ਪੀੜਤ ਧਿਰਾਂ ਵੱਲੋਂ ਵਿਆਹ



ਕਰ ਕੇ ਵਿਦੇਸ਼ ਭੱਜੇ ਲਾੜਿਆਂ ਦੇ ਪਾਸਪੋਰਟ ਰੱਦ ਕਰਨ ਦੀ ਮੰਗ ਪਹੁੰਚ ਰਹੀ ਹੈ। ਇਸ ਦਫਤਰ ਦੀ ਕਾਰਵਾਈ ਤੋਂ ਬਾਅਦ ਪੰਜਾਬ, ਹਰਿਆਣਾ ਅਤੇ ਚੰਡੀਗੜ੍ਹ ਦੇ 83 ਲਾੜੇ ਵਾਪਸ ਆਏ ਆਏ ਤੇ ਇੱਕ ਵਾਰ ਫਿਰ ਆਪਣੇ ਪਰਵਾਰ ਨਾਲ ਰਹਿਣ ਨੂੰ ਰਾਜ਼ੀ ਹੋ ਗਏ ਹਨ। 14 ਲਾੜਿਆਂ ਨੂੰ ਵੱਖ-ਵੱਖ ਏਅਰਪੋਰਟਾਂ 'ਤੇ ਲੈਂਡਿੰਗ ਕਰਦੇ ਹੀ ਗ੍ਰਿਫਤਾਰ ਕਰ ਲਿਆ ਗਿਆ। ਪਾਸਪੋਰਟ ਦਫਤਰ ਕੋਲ ਹਾਲੇ ਲਗਭਗ 60 ਸ਼ਿਕਾਇਤਾਂ ਲੰਬਿਤ ਹਨ। ਅਧਿਕਾਰੀਆਂ ਮੁਤਾਬਕ ਬਹੁਤੇ ਕੇਸਾਂ ਵਿੱਚ ਇਹ ਐਨ ਆਰ ਆਈ ਲਾੜੇ ਪਤਨੀ ਦੇ ਗਹਿਣੇ ਤੱਕ ਲੈ ਕੇ ਨੱਠ ਗਏ ਹਨ।

# ਦੁਕਾਨਦਾਰ ਨੇ ਆਧਾਰ ਕਾਰਡ ਬਣਾਉਣ ਬਹਾਨੇ ਅੰਗੂਠਾ ਲਵਾ ਕੇ 92 ਹਜ਼ਾਰ ਕਢਵਾਏ

ਮੁਕਤਸਰ, 2 ਜੁਲਾਈ (ਪੋਸਟ ਬਿਊਰੋ)- ਏਥੋਂ ਦੇ ਇੱਕ ਦੁਕਾਨਦਾਰ ਨੇ ਆਧਾਰ ਬਣਵਾਉਣ ਦੇ ਨਾਂਅ 'ਤੇ ਅੰਗੂਠਾ ਲਵਾ ਕੇ ਗ੍ਰਾਹਕਾਂ ਦੇ ਖਾਤੇ ਵਿੱਚੋਂ 92 ਹਜ਼ਾਰ ਰੁਪਏ ਕਢਵਾਏ ਲਏ। ਪੁਲਸ ਨੇ ਸ਼ਿਕਾਇਤ ਉੱਤੇ ਦੋ ਜਣਿਆਂ ਉੱਤੇ ਧੋਖਾਧੜੀ ਦਾ ਕੇਸ ਦਰਜ ਕੀਤਾ ਹੈ, ਜਿਸ ਬਾਰੇ ਅਗਲੀ ਪੜਤਾਲ ਚੱਲ ਰਹੀ ਹੈ।

ਪਿੰਡ ਸੰਗੂਧੌਨ ਦੇ ਅਜਮੇਰ ਸਿੰਘ ਨੇ ਦੱਸਿਆ ਕਿ ਵਿਕਰਮ ਤੇ ਸੰਨੀ ਵਾਸੀ ਗੋਨਿਆਣਾ ਕੋਲ ਆਉਣਾ-ਜਾਣਾ ਸੀ। ਇਹ ਦੋਵੇਂ ਵਿਅਕਤੀ ਲੋਕਾਂ ਦੇ ਆਧਾਰ ਕਾਰਡ ਬਣਵਾਉਣ ਅਤੇ ਅੰਗੂਠਾ ਲਵਾ ਕੇ ਲੋਕਾਂ ਨੂੰ ਪੈਸੇ ਕਢਵਾ ਕੇ ਦੇਣ ਦਾ ਕੰਮ ਕਰਦੇ ਹਨ। ਕੁਝ ਸਮਾਂ ਪਹਿਲਾਂ ਉਨ੍ਹਾਂ ਕੋਲ ਵਿਕਰਮ ਆਇਆ ਅਤੇ ਕਹਿਣ ਲੱਗਾ ਕਿ ਉਸ ਦਾ ਆਧਾਰ ਕਾਰਡ ਨਹੀਂ ਚੱਲ ਰਿਹਾ, ਇਸ ਲਈ ਉਹ ਉਸ ਨੂੰ ਨਵਾਂ ਆਧਾਰ ਕਾਰਡ ਬਣਾ ਦੇਣ। ਇਸ 'ਤੇ ਉਨ੍ਹਾਂ ਨੇ ਆਧਾਰ ਕਾਰਡ ਉਸ ਤੋਂ ਲੈ ਲਿਆ ਤੇ ਉਸ ਦਾ ਅੰਗੂਠਾ ਲਗਵਾ ਲਿਆ। ਸ਼ਿਕਾਇਤ ਕਰਤਾ ਨੇ ਦੱਸਿਆ ਕਿ ਜਦ ਉਸ ਨੇ ਬੈਂਕ ਵਿੱਚ ਜਾ ਕੇ ਆਪਣੇ ਖਾਤੇ ਦੀ ਜਾਂਚ ਕੀਤੀ ਤਾਂ ਉਸ ਨੂੰ ਖਾਤੇ ਵਿੱਚ ਪੈਸੇ ਘੱਟ ਮਿਲੇ। ਉਸ ਨੇ ਇਸ ਬਾਰੇ ਵਿੱਚ ਜਾਣਕਾਰੀ ਲਈ ਤਾਂ ਉਸ ਨੂੰ ਇਸ ਠੱਗੀ ਦਾ ਪਤਾ ਲੱਗਾ। ਅਜਮੇਰ ਸਿੰਘ ਨੇ ਦੱਸਿਆ ਕਿ ਉਕਤ ਲੋਕਾਂ ਨੇ ਉਨ੍ਹਾਂ ਦੇ 'ਚ ਖਾਤੇ ਵੱਖ-ਵੱਖ ਤਰੀਕਾਂ ਵਿੱਚ 52 ਹਜ਼ਾਰ ਰੁਪਏ ਕਢਵਾ ਲਏ ਤਾਂ ਉਸ ਨੇ ਇਸ ਦੀ ਸੂਚਨਾ ਥਾਣਾ ਸਿਟੀ ਮੁਕਤਸਰ ਪੁਲਸ ਨੂੰ ਦਿੱਤੀ।

ਇਸ ਦੇ ਇਲਾਵਾ ਮੁਕਤਸਰ ਦੇ ਕੁਲਵਿੰਦਰ ਸਿੰਘ ਦੇ ਖਾਤੇ ਵਿੱਚੋਂ ਵੀ ਦੋਸ਼ੀਆਂ ਨੇ ਚਾਲੀ ਹਜ਼ਾਰ ਰੁਪਏ ਕਢਵਾ ਲਏ। ਪੁਲਸ ਨੇ ਅਜਮੇਰ ਸਿੰਘ ਅਤੇ ਕੁਲਵਿੰਦਰ ਸਿੰਘ ਦੇ ਬਿਆਨ 'ਤੇ ਵਿਕਰਮ ਅਤੇ ਸੰਨੀ ਦੇ ਖਿਲਾਫ ਮਾਮਲਾ ਦਰਜ ਕਰ ਲਿਆ ਹੈ, ਪਰ ਦੋਸ਼ੀਆਂ ਦੀ ਗ੍ਰਿਫਤਾਰੀ ਅਜੇ ਬਾਕੀ ਹੈ।

# ਗੁਰੂ ਗ੍ਰੰਥ ਸਾਹਿਬ ਦੇ ਸਰੂਪਾਂ ਦੇ ਕੇਸ ਵਿੱਚ ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਸਬ-ਕਮੇਟੀ ਬਣਾਈ

ਅੰਮ੍ਰਿਤਸਰ, 2 ਜੁਲਾਈ (ਪੋਸਟ ਬਿਊਰੋ)- ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਇਸ ਕਮੇਟੀ ਦੇ ਪਬਲੀਕੇਸ਼ਨ ਵਿਭਾਗ ਵਿੱਚੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਘਟਣ ਦੇ ਮੁੱਦੇ ਬਾਰੇ ਸਬ-ਕਮੇਟੀ ਬਣਾ ਦਿੱਤੀ ਹੈ। ਉਨ੍ਹਾਂ ਕਿਹਾ ਕਿ ਇਸ ਮਾਮਲੇ ਦੀ ਨਿਰਪੱਖ ਜਾਂਚ ਹੋਵੇਗੀ ਅਤੇ ਦੋਸ਼ੀ ਨੂੰ ਸਜ਼ਾ ਜ਼ਰੂਰ ਮਿਲੇਗੀ।

ਵਰਣਨ ਯੋਗ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਇਸ ਬਾਰੇ ਇੱਕ ਸਬ-ਕਮੇਟੀ ਬਣਾ ਕੇ ਜਾਂਚ ਕਰਨ ਲਈ ਕਿਹਾ ਸੀ। ਸ਼੍ਰੋਮਣੀ ਕਮੇਟੀ ਵੱਲੋਂ ਬਣਾਈ ਇਹ ਸਬ-ਕਮੇਟੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪਾਂ ਦੇ ਵੇਰਵੇ ਜਾਨਣ ਪਿੱਛੋਂ ਜੋ ਰਿਪੋਰਟ ਦੇਵੇਗੀ, ਉਸ ਅਨੁਸਾਰ ਕਾਰਵਾਈ ਕੀਤੀ ਜਾਵੇਗੀ। ਇਹ ਰਿਪੋਰਟ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਨੂੰ ਵੀ ਭੇਜੀ ਜਾਵੇਗੀ।

ਇਸ ਦੌਰਾਨ ਪਿਛਲੇ ਦਿਨੀਂ ਧਰਮ ਪ੍ਰਚਾਰ ਕਮੇਟੀ ਦੀ ਬੈਠਕ ਵਿੱਚ ਚੀਨ ਦੀ ਸਰਹੱਦ 'ਤੇ ਗੁਰੂ ਬਖ਼ਸ਼ੀ ਕਿਰਪਾਨ ਨਾਲ ਦੁਸ਼ਮਣ ਦਾ ਮੁਕਾਬਲਾ ਕਰਨ ਵਾਲੇ ਅੰਮ੍ਰਿਤਧਾਰੀ ਗੁਰਸਿੱਖ ਗੁਰਤੇਜ ਸਿੰਘ ਦੀ ਬਹਾਦਰੀ ਦੀ ਪ੍ਰਸ਼ੰਸਾ ਕਰਦੇ ਹੋਏ ਪੰਜਾਬ ਸਰਕਾਰ ਤੋਂ ਮੰਗ ਕੀਤੀ ਗਈ ਹੈ ਕਿ ਇਸ ਨੌਜੁਆਨ ਦੀ ਜੀਵਨ ਗਾਥਾ ਪ੍ਰੇਰਨਾ ਵਜੋਂ ਵਿਦਿਆਰਥੀਆਂ ਨੂੰ ਪੜ੍ਹਾਈ ਜਾਵੇ। ਇਸ ਤੋਂ ਇਲਾਵਾ ਭਵਿੱਖ ਵਿੱਚ ਆ ਰਹੀਆਂ ਸ਼ਤਾਬਦੀਆਂ ਬਾਰੇ ਵਿਚਾਰ-ਵਟਾਂਦਰਾ ਕਰ ਕੇ ਫ਼ਿਲਹਾਲ ਇੰਟਰਨੈੱਟ ਆਨਲਾਈਨ ਸੈਮੀਨਾਰ ਅਤੇ ਬੱਚਿਆਂ ਦੇ ਵੱਖ-ਵੱਖ ਤਰ੍ਹਾਂ ਦੇ ਗੁਰਮਤਿ ਸਮਾਗਮ ਕਰਨ ਦਾ ਫ਼ੈਸਲਾ ਕੀਤਾ ਗਿਆ।

# ਢੀਂਡਸਾ ਦੀ ਟਕਸਾਲੀ ਦਲ ਦਾ ਪ੍ਰਧਾਨ ਬਣਨ ਤੋਂ ਨਾਂਹ

ਚੰਡੀਗੜ੍ਹ, 2 ਜੁਲਾਈ (ਪੋਸਟ ਬਿਊਰੋ)- ਅਕਾਲੀ ਦਲ ਤੋਂ ਬਾਗੀ ਆਗੂ ਹੋਏ ਰਾਜ ਸਭਾ ਮੈਂਬਰ ਸੁਖਦੇਵ ਸਿੰਘ ਢੀਂਡਸਾ ਨੇ ਸ਼੍ਰੋਮਣੀ ਅਕਾਲੀ ਦਲ (ਟਕਸਾਲੀ) ਦੇ ਪ੍ਰਧਾਨ ਰਣਜੀਤ ਸਿੰਘ ਬ੍ਰਹਮਪੁਰਾ ਵੱਲੋਂ ਪ੍ਰਧਾਨਗੀ ਦੀ ਪੇਸ਼ਕਸ਼ ਠੁਕਰਾ ਦਿੱਤੀ ਹੈ। ਇਸ ਬਾਰੇ ਢੀਂਡਸਾ ਨੇ ਕਿਹਾ ਕਿ ਬ੍ਰਹਮਪੁਰਾ ਦਾ ਸਤਿਕਾਰ ਹੈ, ਪਰ ਕੋਈ ਵੀ ਅਹੁਦਾ ਜਾਂ ਪਾਰਟੀ ਸ਼ਰਤਾਂ ਨਾਲ ਨਹੀਂ ਚਲਾਈ ਜਾ ਸਕਦੀ। ਉਨ੍ਹਾਂ ਕਿਹਾ ਕਿ ਪੰਜਾਬ ਦੇ ਮੌਜੂਦਾ ਸਿਆਸੀ ਮਾਹੌਲ ਵਿੱਚ ਹਮ ਖਿਆਲ ਆਗੂ ਬਾਦਲਾਂ ਤੇ ਕਾਂਗਰਸ ਤੋਂ ਸੂਬੇ ਬਚਾਉਣਾ ਚਾਹੁੰਦੇ ਹਨ ਤਾਂ ਇੱਕ ਮੰਚ 'ਤੇ ਇਕੱਠੇ ਹੋਣਾ ਪਵੇਗਾ।

ਸੁਖਦੇਵ ਸਿੰਘ ਢੀਂਡਸਾ ਨੇ ਕਿਹਾ ਕਿ ਪੰਜਾਬ ਹਿਤੈਸ਼ੀ ਆਗੂਆਂ ਨੂੰ ਅਹੁਦਿਆਂ ਦੀ ਲਾਲਸਾ ਛੱਡ ਕੇ ਇਸ ਵਕਤ ਪੰਜਾਬ ਦੀ ਬਿਹਤਰੀ ਲਈ ਸੋਚਣਾ ਪਵੇਗਾ। ਉਨ੍ਹਾਂ ਕਿਹਾ ਕਿ ਜਥੇਦਾਰ ਰਣਜੀਤ ਸਿੰਘ ਬ੍ਰਹਮਪੁਰਾ ਪੰਥਕ ਸੋਚ ਦੇ ਧਾਰਨੀ ਆਗੂਆਂ ਨੂੰ ਇਕੱਠੇ ਕਰਨਾ ਚਾਹੁੰਦੇ ਹਨ ਤਾਂ ਪਹਿਲਾਂ ਸ਼੍ਰੋਮਣੀ ਅਕਾਲੀ ਦਲ (ਟਕਸਾਲੀ) ਭੰਗ ਕਰਨਾ ਪਵੇਗਾ। ਢੀਂਡਸਾ ਨੇ ਕਿਹਾ ਕਿ ਨਵਾਂ ਅਕਾਲੀ ਦਲ ਅਤੇ ਨਵਾਂ ਵਿਧੀ ਵਿਧਾਨ ਬਣਾ ਕੇ ਉਸ ਦੇ ਮੁਤਾਬਕ ਪੰਥਕ ਸੋਚ ਦੇ ਆਧਾਰ 'ਤੇ ਅਕਾਲੀ ਦਲ ਦੀ ਲੋਕਾਂ ਵਿੱਚ ਪਛਾਣ ਬਣਾਉਣੀ ਪਵੇਗੀ। ਉਨ੍ਹਾਂ ਕਿਹਾ ਕਿ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਅਕਾਲੀ ਦਲ ਲੋਕਾਂ ਵਿੱਚੋਂ ਆਧਾਰ ਗਵਾ ਚੁੱਕਾ ਹੈ। ਇਸ ਲਈ ਸਿੱਖਾਂ ਨੂੰ ਸੇਧ ਦੇਣ ਲਈ 1920 ਦੇ ਜਜ਼ਬੇ ਵਾਲਾ ਅਕਾਲੀ ਦਲ ਕਾਇਮ ਕਰਨਾ ਪਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਦਾ ਸਰਮਾਇਆ ਪਹਿਲਾਂ ਬਾਦਲਾਂ ਨੇ ਲੁੱਟਿਆ ਤੇ ਅੱਜਕੱਲ੍ਹ ਕਾਂਗਰਸੀਆਂ ਵੱਲੋਂ ਲੁੱਟਿਆ ਜਾ ਰਿਹਾ ਹੈ, ਜਿਸ ਨੂੰ ਬਚਾਉਣ ਲਈ ਸਭ ਨੂੰ ਇਕੱਠੇ ਹੋਣ ਦੀ ਲੋੜ ਹੈ।

# ਨਾਜਾਇਜ਼ ਸਬੰਧਾਂ ਕਾਰਨ 17 ਸਾਲਾ ਨੌਜਵਾਨ ਵੱਲੋਂ ਖ਼ੁਦਕੁਸ਼ੀ

ਮਲੇਰਕੋਟਲਾ, 2 ਜੁਲਾਈ (ਪੋਸਟ ਬਿਊਰੋ)- ਨੇੜਲੇ ਪਿੰਡ ਸਦਰਾਬਾਦ (ਨੌਸਹਿਰਾ) ਦੇ ਇੱਕ 17 ਸਾਲਾ ਨੌਜਵਾਨ ਦੇ ਇੱਕ ਸ਼ਾਦੀ ਸੁਦਾ ਔਰਤ ਨਾਲ ਨਾਜਾਇਜ਼ ਸਬੰਧਾਂ ਕਾਰਨ ਜ਼ਹਿਰੀਲੀ ਵਸਤੂ ਨਿਗਲਣ ਨਾਲ ਮੌਤ ਹੋ ਗਈ।

ਮ੍ਰਿਤਕ ਨੌਜਵਾਨ ਯਾਮੀਨ ਦੀ ਮਾਂ ਖਲੀਲੀ ਬੇਗ਼ਮ ਪਤਨੀ ਪੱਪੂ ਖਾਨ ਨੇ ਥਾਣਾ ਸਿਟੀ-1 ਮਲੇਰਕੋਟਲਾ ਵਿਖੇ ਦਰਜ ਕਰਵਾਈ ਸ਼ਿਕਾਇਤ ਵਿੱਚ ਦੋਸ਼ ਲਾਇਆ ਹੈ ਕਿ ਉਸ ਦਾ 17 ਸਾਲਾ ਪੁੱਤਰ ਯਾਮੀਨ ਇਰਫਾਜ਼ ਕਿਲ੍ਹਾ ਰਹਿਮਤਗੜ੍ਹ ਦੇ ਮੁਹੱਲਾ ਕਸਾਈਆਂ ਵਾਲਾ ਵਿਖੇ 10-11 ਦਿਨਾਂ ਤੋਂ ਇੱਕ ਕਿਰਾਏ ਦੇ ਮਕਾਨ ਵਿੱਚ ਰਹਿੰਦੀ ਵਿਆਹੁਤਾ ਔਰਤ ਸੁਖਵਿੰਦਰ ਕੌਰ ਪਤਨੀ ਜਗਸੀਰ ਸਿੰਘ ਵਾਸੀ ਭਸੌੜ ਨਾਲ ਉਸੇ ਦੇ ਘਰ ਵਿੱਚ ਰਹਿ ਰਿਹਾ ਸੀ ਪਰ 28 ਜੂਨ ਦੀ ਰਾਤ ਨੂੰ ਉਸ ਮਹਿਲਾ ਅਤੇ ਉਸ ਦੇ ਪਤੀ ਨੇ ਰਲ ਕੇ ਯਾਮੀਨ ਇਰਫਾਜ਼ ਨੂੰ ਕੋਈ ਜ਼ਹਿਰੀਲੀ ਚੀਜ਼ ਖੁਆ ਕੇ ਮਾਰ ਦਿੱਤਾ ਹੈ। ਮ੍ਰਿਤਕ ਦੀ ਲਾਸ਼ ਉਸ ਮਹਿਲਾ ਦੇ ਘਰੋਂ ਬੈਡ 'ਤੇ ਪਈ ਮਿਲੀ ਹੈ। ਥਾਣਾ ਸਿਟੀ-1 ਦੇ ਐਸ ਐਚ ਓ ਹਰਜਿੰਦਰ ਸਿੰਘ ਨੇ ਦੱਸਿਆ ਕਿ ਮ੍ਰਿਤਕ ਲੜਕੇ ਦੀ ਮਾਂ ਖਲੀਲਾ ਬੇਗ਼ਮ ਪਤਨੀ ਪੱਪੂ ਖਾਨ ਦੇ ਬਿਆਨਾਂ 'ਤੇ ਸੁਖਵਿੰਦਰ ਕੌਰ ਅਤੇ ਉਸ ਦੇ ਪਤੀ ਜਗਸੀਰ ਸਿੰਘ ਉਤੇ ਕੇਸ ਦਰਜ ਕਰਕੇ ਦੋਵਾਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਖਲੀਲਾ ਬੇਗਮ ਦੇ ਮੁਤਾਬਕ ਉਸ ਦੇ ਪੁੱਤਰ ਦੇ ਪਿਛਲੇ 5-6 ਮਹੀਨੇ ਤੋਂ ਸੁਖਵਿੰਦਰ ਕੌਰ ਨਾਲ ਸਬੰਧ ਸਨ ਤੇ 10-11 ਦਿਨ ਤੋਂ ਉਹ ਔਰਤ ਮੁਹੱਲਾ ਕਸਾਈਆਂ ਵਾਲਾ ਦੇ ਇੱਕ ਕਿਰਾਏ ਦੇ ਮਕਾਨ ਵਿੱਚ ਰਹਿਣ ਲੱਗ ਗਈ ਸੀ। ਉਸੇ ਦਿਨ ਤੋਂ ਉਸ ਦਾ ਪੁੱਤਰ ਵੀ ਉਸ ਔਰਤ ਨਾਲ ਉਸੇ ਘਰ ਰਹਿਣ ਲੱਗ ਪਿਆ ਸੀ। ਉਸ ਨੇ ਦੋਸ਼ ਲਾਇਆ ਕਿ ਸੁਖਵਿੰਦਰ ਕੌਰ ਅਤੇ ਉਸ ਦੇ ਪਤੀ ਨੇ ਉਸ ਦੇ ਪੁੱਤਰ ਨੂੰ ਕੋਈ ਜ਼ਹਿਰੀਲੀ ਚੀਜ਼ ਖੁਆ ਜਾਂ ਪਿਲਾ ਕੇ ਮਾਰ ਦਿੱਤਾ ਹੈ।

# ਪਾਕਿ ਦੂਤਘਰ ਦੇ ਅਧਿਕਾਰੀ ਗਏ ਤੇ ਭਾਰਤ ਦੇ ਵਾਪਸ ਆਏ

## * ਸਾਲ 2001 ਤੋਂ ਬਾਅਦ ਪਹਿਲੀ ਵਾਰ ਲਿਆ ਸਟਾਫ ਦੀ ਛਾਂਟੀ

ਅਟਾਰੀ, 2 ਜੂਨ (ਪੋਸਟ ਬਿਊਰੋ)- ਭਾਰਤ-ਪਾਕਿਸਤਾਨ ਦੋਵਾਂ ਧਿਰਾਂ ਵੱਲੋਂ ਇਸਲਾਮਾਬਾਦ ਅਤੇ ਦਿੱਲੀ ਵਿਚਲੇ ਦੂਤਘਰਾਂ 'ਚ ਅਧਿਕਾਰੀਆਂ ਦੀ ਗਿਣਤੀ 50 ਫ਼ੀਸਦੀ ਘਟਾਉਣ ਦੇ ਫੈਸਲੇ ਪਿੱਛੋਂ ਕੱਲ੍ਹ ਦਿੱਲੀ ਵਿਚਲੇ ਪਾਕਿਸਤਾਨੀ ਦੂਤਘਰ ਦੇ 143 ਅਧਿਕਾਰੀ ਅਤੇ ਉਨ੍ਹਾਂ ਦੇ ਪਰਵਾਰਕ ਮੈਂਬਰ ਮੁਹੰਮਦ ਯੂਸਫ਼ ਦੀ ਅਗਵਾਈ ਹੇਠ ਅਟਾਰੀ-ਵਾਹਗਾ ਸਰਹੱਦ ਰਸਤੇ ਪਾਕਿਸਤਾਨ ਚਲੇ ਗਏ ਅਤੇ ਇਸਲਾਮਾਬਾਦ ਵਿਚਲੇ ਭਾਰਤੀ ਦੂਤਘਰ ਦੇ 38 ਅਧਿਕਾਰੀ ਤੇ ਉਨ੍ਹਾਂ ਦੇ ਪਰਵਾਰਕ ਮੈਂਬਰ ਅਖਿਲੇਸ਼ ਸਿੰਘ ਫਸਟ ਸੈਕਟਰੀ ਦੀ ਅਗਵਾਈ ਹੇਠ ਇਸੇ ਸੜਕ ਰਸਤੇ ਭਾਰਤ ਆ ਗਏ।

ਵਰਨਣ ਯੋਗ ਹੈ ਕਿ ਸਾਲ 2001 ਦੇ ਬਾਦਅ ਇਹ ਪਹਿਲੀ ਵਾਰ ਹੋਇਆ ਹੈ ਕਿ ਦੋਹਾਂ ਦੇਸ਼ਾਂ ਨੇ ਆਪਣੇ ਦੂਤਘਰਾਂ ਦੇ ਅਧਿਕਾਰੀਆਂ ਦੀ ਗਿਣਤੀ 'ਚ ਵੱਡੀ ਛਾਂਟੀ ਕੀਤੀ ਹੈ। ਭਾਰਤ ਵੱਲੋਂ ਪਾਕਿ-ਸਤਾਨ ਖ਼ਿਲਾਫ਼ ਲਏ ਸਖ਼ਤ ਫ਼ੈਸਲੇ ਕਾਰਨ ਕੱਲ੍ਹ ਦੋਹਾਂ ਦੇਸ਼ਾਂ ਦੇ ਦੂਤਘਰਾਂ ਵਿੱਚ ਅਧਿਕਾਰੀਆਂ ਦੀ ਗਿਣਤੀ 'ਚ 50 ਫ਼ੀਸਦੀ ਕਟੌਤੀ ਕਰ ਦਿੱਤੀ ਗਈ ਹੈ। ਦੋਵਾਂ ਦੇਸ਼ਾਂ ਦੇ ਦੂਤਘਰ ਅਧਿਕਾਰੀਆਂ ਦੀ ਵਾਪਸੀ ਦਾ ਮੁੱਖ ਕਾਰਨ ਇਸਲਾਮਾਬਾਦ ਵਿੱਚ ਭਾਰਤੀ



ਦੂਤਘਰ ਦੇ ਦੋ ਅਧਿਕਾਰੀਆਂ ਪੋਲ ਸਿਲਵਾਦਾਸ ਅਤੇ ਦਿਵੂ ਬ੍ਰਹਮਾ ਨੂੰ ਬੀਤੇ ਹਫ਼ਤੇ ਕੰਮ ਉੱਤੇ ਜਾਣ ਸਮੇਂ ਪਾਕਿਸਤਾਨੀ ਖ਼ੁਫ਼ੀਆ ਏਜੰਸੀ ਆਈ ਐਸ ਆਈ ਵੱਲੋਂ ਅਗਵਾ ਕਰਕੇ ਕਈ ਘੰਟੇ ਪੁੱਛਗਿੱਛ ਦੇ ਨਾਂਅ 'ਤੇ ਜ਼ਲੀਲ ਕੀਤੇ ਜਾਣਾ ਮੰਨਿਆ ਜਾ ਰਿਹਾ ਹੈ। ਭਾਰਤ ਵੱਲੋਂ ਦਬਾਅ ਪਾਉਣ 'ਤੇ ਇਨ੍ਹਾਂ ਦੋਹਾਂ ਦੇ ਖ਼ਿਲਾਫ਼ ਐਕਸੀਡੈਂਟ ਦੀ ਝੂਠੀ ਸ਼ਿਕਾਇਤ ਦਰਜ ਕਰਕੇ ਇਨ੍ਹਾਂ ਨੂੰ ਗਰੁੱਪ ਕੈਪਟਨ ਮੰਨੂੰ ਮੱਢਾ, ਸ਼ਿਵ ਕੁਮਾਰ ਸੁੰਦਰ ਮੂਰਤੀ ਅਤੇ ਪੰਕਜ ਕੁਮਾਰ ਨਾਲ ਅਟਾਰੀ ਵਾਹਗਾ ਸਰਹੱਦ ਰਸਤੇ ਭਾਰਤ ਭੇਜ ਦਿੱਤਾ ਗਿਆ ਸੀ।

ਇਸ ਤੋਂ ਪਹਿਲਾਂ ਭਾਰਤ ਨੇ 31 ਮਈ ਨੂੰ ਦਿੱਲੀ ਵਿੱਚ ਪਾਕਿਸਤਾਨੀ ਦੂਤਘਰ ਦੇ ਦੋ ਅਧਿਕਾਰੀਆਂ ਆਬਿਦ ਹੁਸੈਨ ਅਤੇ ਮੁਹੰਮਦ ਤਾਹਿਰ ਨੂੰ ਭਾਰਤ ਦੀ ਜਾਸੂਸੀ ਕਰਦਿਆਂ ਕੁਝ ਖ਼ੁਫ਼ੀਆ ਕਾਗਜ਼ਾਤਾਂ ਸਮੇਤ ਫੜੇ ਜਾਣ ਪਿੱਛੋਂ 24 ਘੰਟਿਆਂ ਵਿੱਚ ਭਾਰਤ ਛੱਡ ਜਾਣ ਦੇ ਹੁਕਮ ਦਿੱਤੇ ਗਏ ਸਨ। ਓਦੋਂ ਤੋਂ ਲਗਾਤਾਰ ਪਾਕਿਸਤਾਨੀ ਖ਼ੁਫ਼ੀਆ ਏਜੰਸੀ ਆਈ ਐਸ ਆਈ ਵੱਲੋਂ ਭਾਰਤੀ ਅਧਿਕਾਰੀਆਂ ਨੂੰ ਤੰਗ ਕੀਤਾ ਜਾ ਰਿਹਾ ਸੀ।

ਕੁਝ ਸਮਾਂ ਪਹਿਲਾਂ ਇਸਲਾਮਾਬਾਦ ਦੇ ਭਾਰਤੀ ਦੂਤਘਰ ਦੇ ਅਧਿਕਾਰੀ ਗੌਰਵ ਆਹਲੂਵਾਲੀਆ ਨੂੰ ਆਈ ਐਸ ਆਈ ਦੇ ਮੋਟਰ ਸਾਈਕਲ ਸਵਾਰ ਏਜੰਟਾਂ ਨੇ ਪਿੱਛਾ ਕਰਕੇ ਤੰਗ ਕੀਤਾ ਸੀ। ਇਨ੍ਹਾਂ ਨੀਤੀਆਂ ਤੋਂ ਤੰਗ ਆ ਕੇ ਅਤੇ ਭਾਰਤ ਵਿੱਚ ਰਹਿ ਕੇ ਪਾਕਿਸਤਾਨੀ ਦੂਤਘਰ ਦੇ ਅਧਿਕਾਰੀਆਂ ਵੱਲੋਂ ਭਾਰਤ ਵਿਰੋਧੀ ਕਾਰਵਾਈਆਂ ਕਰਨ ਕਰ ਕੇ ਭਾਰਤ ਵੱਲੋਂ ਇਹ ਸਖ਼ਤ ਫ਼ੈਸਲਾ ਲਿਆ ਗਿਆ ਹੈ, ਜਿਸ ਕਾਰਨ ਕੱਲ੍ਹ ਦੋਹਾਂ ਦੇਸ਼ਾਂ ਦੇ ਦੂਤਘਰ ਦੇ ਅਧਿਕਾਰੀ ਅਟਾਰੀ-ਵਾਹਗਾ ਰਸਤੇ ਆਪੋ ਆਪਣੇ ਵਤਨ ਚਲੇ ਗਏ ਹਨ। ਪਿਛਲੇ ਸਾਲ ਪੁਲਵਾਮਾ ਹਮਲੇ ਕਾਰਨ ਭਾਰਤ ਪਾਕਿਸਤਾਨ ਵਿਚਾਲੇ ਹੁੰਦਾ ਖਰਬਾਂ ਰੁਪਏ ਦਾ ਵਪਾਰ, ਸਮਝੌਤਾ ਐਕਸਪ੍ਰੈਸ ਰੇਲ ਗੱਡੀ ਤੇ ਦਿੱਲੀ ਲਾਹੌਰ ਬੱਸ ਸੇਵਾ ਸਸਪੈਂਡ ਕੀਤੀ ਜਾ ਚੁੱਕੀ ਹੈ। ਦੋਹਾਂ ਦੇਸ਼ਾਂ ਵੱਲੋਂ ਕੂਟਨੀਤਕ ਸਬੰਧ ਘਟਾਉਣ ਕਾਰਨ ਦੋਹਾਂ ਦੇਸ਼ਾਂ ਦੇ ਹਾਈ ਕਮਿਸ਼ਨਰ ਪਹਿਲਾਂ ਹੀ ਆਪੋ ਆਪਣੇ ਦੇਸ਼ ਮੁੜ ਚੁੱਕੇ ਹਨ।

# ਪੁਲਸ ਵਰਦੀ ਵਿੱਚ ਲੁਟੇਰਿਆਂ ਨੇ ਨਕਦੀ ਅਤੇ ਸੋਨਾ ਲੁੱਟਿਆ

ਗੁਰਦਾਸਪੁਰ, 2 ਜੁਲਾਈ (ਪੋਸਟ ਬਿਊਰੋ)- ਦੀਨਾਨਗਰ ਥਾਣੇ ਦੇ ਪਿੰਡ ਝੰਡੇ ਚੱਕ ਵਿੱਚ ਸੋਮਵਾਰ ਰਾਤ ਕਰੀਬ ਪੌਣੇ ਦਸ ਵਜੇ ਪੁਲਸ ਵਰਦੀ ਵਿੱਚ ਆਏ ਲੁਟੇਰਿਆਂ ਨੇ ਸਾਮਾਨ ਲੈਣ ਦੇ ਬਹਾਨੇ ਕਰਿਆਨੇ ਦੀ ਦੁਕਾਨ ਖੁੱਲ੍ਹਵਾ ਕੇ ਫਿਰ ਦੁਕਾਨਦਾਰ ਨੂੰ ਪਿਸਤੌਲ ਦੀ ਨੋਕ 'ਤੇ ਉਪਰਲੀ ਮੰਜ਼ਿਲ ਉੱਤੇ ਉਸ ਦੇ ਘਰ ਲਿਜਾ ਕੇ ਲੁੱਟ-ਖੋਹ ਕੀਤੀ ਹੈ। ਉਹ ਦੁਕਾਨਦਾਰ ਨਿਸ਼ਾਂਤ ਮਹਾਜਨ ਦੇ ਘਰੋਂ ਉਸ ਦੇ ਪਿਤਾ ਰਵਿੰਦਰ ਮਹਾਜਨ ਅਤੇ ਪਤਨੀ ਰਸ਼ਮੀ ਤੋਂ ਪਿਸਤੌਲ ਦੀ ਨੋਕ ਉੱਤੇ ਦੋ ਤੋਲੇ ਸੋਨੇ ਦੀ ਚੇਨ, 58 ਹਜ਼ਾਰ ਪੰਜ ਸੌ ਰੁਪਏ ਨਕਦ, ਦੋ ਮੋਬਾਈਲ ਲੁੱਟ ਕੇ ਫਰਾਰ ਹੋ ਗਏ। ਜਾਂਦੇ ਹੋਏ ਲੁਟੇਰੇ ਭੱਜਣ ਸਮੇਂ ਤਿੰਨਾਂ ਨੂੰ ਬਾਥਰੂਮ ਵਿੱਚ ਬੰਦ ਕਰ ਗਏ, ਪਰ ਬਾਹਰੋਂ ਸਹੀ ਤਰ੍ਹਾਂ ਕੁੰਡੀ ਨਹੀਂ ਲਾ ਸਕੇ ਤੇ ਦੁਕਾਨ ਦਾ ਸ਼ਟਰ ਬਾਹਰੋਂ ਬੰਦ ਕਰ ਗਏ। ਇਸ ਤੋਂ ਇਲਾਵਾ ਉਹ ਸੀ ਸੀ ਟੀ ਵੀ ਕੈਮਰਿਆਂ ਦੀ ਹਾਰਡ ਡਿਸਕ ਵੀ ਨਾਲ ਲੈ ਗਏ।



ਇਸ ਵਾਰਦਾਤ ਮੌਕੇ ਨਿਸ਼ਾਂਤ ਮਹਾਜਨ ਦੀ ਮਾਂ ਪ੍ਰਵੇਸ਼, ਉਸ ਦਾ ਭਰਾ ਰਾਜਨ ਤੇ ਬੱਚੇ ਹੇਠਾਂ ਵਾਲੇ ਘਰ ਵਿੱਚ ਸਨ। ਲੁਟੇਰਿਆਂ ਦੇ ਜਾਂਦੇ ਸਾਰ ਬਾਥਰੂਮ ਵਿੱਚ ਬੰਦ ਕੀਤੇ ਪਰਵਾਰ ਦੇ ਤਿੰਨੇ ਮੈਂਬਰ ਬਾਹਰ ਨਿਕਲ ਕੇ ਪਿਛਲੇ ਦਰਵਾਜ਼ੇ ਰਾਹੀਂ ਹੇਠਾਂ ਉਤਰੇ ਅਤੇ ਦੂਸਰੇ ਲੜਕੇ ਰਾਜਨ ਨੂੰ ਸਾਰੀ ਗੱਲ ਦੱਸੀ, ਜਿਸ ਉੱਤੇ ਰਾਜਨ ਤੇ ਨਿਸ਼ਾਂਤ ਨੇ ਗੁਆਂਢੀ ਰਮਨਦੀਪ ਅਤੇ ਉਸ ਦੇ ਭਰਾ ਅਨਿਲ ਨੂੰ ਨਾਲ ਲੈ ਕੇ ਆਪਣੀ ਕਾਰ ਵਿੱਚ ਲੁਟੇਰਿਆਂ ਦਾ ਪਿੱਛਾ ਕੀਤਾ, ਪਰ ਲੁਟੇਰੇ ਭੱਜਣ ਵਿੱਚ ਸਫਲ ਹੋ ਗਏ। ਲੁਟੇਰਿਆਂ ਨੇ ਵਾਰਦਾਤ ਵਾਲੀ ਜਗ੍ਹਾ ਤੋਂ ਦੋ ਸੌ ਮੀਟਰ ਦੂਰ ਬਾਈਪਾਸ ਮੋੜ ਤੇ ਰੈਸਟੋਰੈਂਟ ਦੇ ਬਾਹਰ ਆਪਣੀ ਕਾਰ ਖੜ੍ਹੀ ਕੀਤੀ ਸੀ, ਪਰ ਭੱਜਦੇ ਹੋਏ ਉਹ ਕਾਰ ਦੇ ਕੋਲ ਪਹੁੰਚੇ ਹੀ ਸਨ ਕਿ ਨਿਸ਼ਾਂਤ ਅਤੇ ਰਾਜਨ ਨੇ ਆਪਣੀ ਕਾਰ ਉਨ੍ਹਾਂ 'ਤੇ ਚੜ੍ਹਾ ਦਿੱਤੀ। ਪੁਲਸ ਵਰਦੀ ਵਿੱਚ ਆਏ ਇੱਕ ਲੁਟੇਰੇ ਦੀ ਲੱਤ ਟੁੱਟ ਗਈ। ਉਸ ਦੇ ਹੱਥ ਵਿੱਚ ਫੜਿਆ ਪਿਸਤੌਲ ਸੜਕ 'ਤੇ ਡਿੱਗ ਪਿਆ। ਵਾਰਦਾਤ ਦੀ ਸੂਚਨਾ ਮਿਲਣ ਤੇ ਥਾਣਾ ਮੁਖੀ ਕੁਲਵਿੰਦਰ ਸਿੰਘ ਓਥੇ ਪਹੁੰਚੇ ਤੇ ਲੁਟੇਰਿਆਂ ਦਾ ਪਿਸੌਤਲ ਅਤੇ ਕਾਰਤੂਸ ਕਬਜ਼ੇ ਵਿੱਚ ਲੈ ਲਏ। ਦੀਨਾਨਗਰ ਪੁਲਸ ਨੇ ਪੰਜ ਅਣਪਛਾਤੇ ਲੁਟੇਰਿਆਂ ਖਿਲਾਫ ਕੇਸ ਦਰਜ ਕੀਤਾ ਹੈ।

ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ

ਅਵਤਾਰ ਸਿੰਘ ਟਿਵਾਣਾ

- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

Avtar Singh Tiwana
Sales Representative

Tel: 905.793.5777

416.802.5866

31 Melanie Dr. Unit #4 Brampton, ON L6T 5H8






2645 KIPLING AVE

ਬਹੁਤ ਹੀ ਵਧੀਆ ਲੋਕੇਸ਼ਨ ਤੇ 2 ਬੈਡਰੂਮ ਅਤੇ 2 ਵਾਸ਼ਰੂਮ ਦਾ ਕਾਂਡੋ, ਸਾਰਾ ਘਰ ਰੈਨੋਵੇਟਡ, ਬਹੁਤ ਸਾਰੀ ਸਟੋਰੇਜ ਲਈ ਥਾਂ, ਪਹਿਲੀ ਵਾਰ ਘਰ ਖਰੀਦਣ ਵਾਲਿਆਂ ਲਈ ਸੁਨਹਿਰੀ ਮੌਕਾ ਹੈ। ਬਹੁਤ ਸਾਰੀ ਬਾਹਰੋ ਰੋਸ਼ਨੀ ਘਰ ਦੇ ਅੰਦਰ ਆਉਂਦੀ ਹੈ। ਬਹੁਤ ਹੀ ਚੰਗੀ ਤਰ੍ਹਾਂ ਮੈਨਟੇਨ ਕੀਤਾ ਘਰ ਹੈ। ਬਸ ਸਟਾਪ, ਏਅਰਪੋਰਟ, ਸਕੂਲ ,ਹਾਈਵੇ ਆਦਿ ਸਹੂਲਤਾਂ ਦੇ ਨੇੜੇ ਹੈ।




VAUGHAN

ਬਹੁਤ ਹੀ ਵਧੀਆ ਲੋਕੇਸ਼ਨ ਤੇ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ, ਵਧੀਆ ਚਲ ਰਿਹਾ ਬਿਊਟੀ ਸੈਲੂਨ। ਰੈਂਟ ਸਿਰਫ $3324/ਮਹੀਨਾ।




Bovaird/Worthington

8 ਬੈਡਰੂਮ, 4 ਵਾਸ਼ਰੂਮ ਦਾ ਡਬਲ ਸਟੋਰੀ ਦੇ ਡਿਟੈਚਡ ਘਰ। ਸੇਪਰੇਟ ਲਿਵਿੰਗ ਤੇ ਡਾਇਨਿੰਗ ਰੂਮ, ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਬਸਾਂ ਆਦਿ ਦੇ ਨੇੜੇ।

NEED A LAWYER ??

Red Seal NOTARY

KAUR LAW OFFICE



MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
- Skilled Worker Category
- Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization



BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1



# ਰਾਬਰਟ ਵਾਡਰਾ ਦੀ ਬੇਨਾਮੀ ਪ੍ਰਾਪਰਟੀ ਦੀ ਖਰੀਦ ਵਿੱਚ ਦਲਾਲੀ ਵਾਲੇ ਪੈਸੇ ਦੀ ਜਾਂਚ ਸ਼ੁਰੂ

ਨਵੀਂ ਦਿੱਲੀ, 2 ਜੁਲਾਈ (ਪੋਸਟ ਬਿਊਰੋ)- ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਦੇ ਜਵਾਈ ਰਾਬਰਟ ਵਾਡਰਾ ਵੱਲੋਂ ਲੰਡਨ ਵਿੱਚ ਬੇਨਾਮੀ ਜਾਇਦਾਦ ਖਰੀਦਣ ਲਈ ਕੋਰੀਆ ਦੀ ਕੰਪਨੀ ਸੈਮਸੰਗ ਇੰਜੀਨੀਅਰਿੰਗ ਤੋਂ ਲਈ ਗਈ ਦਲਾਲੀ ਦੇ ਕੇਸ ਬਾਰੁ ਕੇਂਦਰੀ ਜਾਂਚ ਬਿਊਰੋ (ਸੀ ਬੀ ਆਈ) ਨੇ ਜਾਂਚ ਸ਼ੁਰੂ ਕਰ ਦਿੱਤੀ ਹੈ।

ਇਸ ਬਾਰੇ ਦਰਜ ਸ਼ਿਕਾਇਤ ਵਿੱਚ ਸੀ ਬੀ ਆਈ ਨੇ ਰੱਖਿਆ ਸੌਦੇ ਦੇ ਦਲਾਲ ਸੰਜੇ ਭੰਡਾਰੀ ਨੂੰ ਦੋਸ਼ੀ ਬਣਾਇਆ ਹੈ। ਸੀ ਬੀ ਆਈ ਦੇ ਅਨੁਸਾਰ ਦੱਖਣੀ ਕੋਰੀਆਈ ਕੰਪਨੀ ਨੂੰ ਓ ਐਨ ਜੀ ਸੀ ਪੈਟਰੋ ਐਡੀਸ਼ੰਸ ਲਿਮਟਿਡ (ਓਪਲ) ਨਾਲ ਗੁਜਰਾਤ ਦੇ ਦਾਹੇਜ ਵਿੱਚ ਇੱਕ ਪ੍ਰੋਜੈਕਟ ਦਾ ਠੇਕਾ ਦਿਵਾਉਣ ਬਦਲੇ ਵਿੱਚ 49.99 ਲੱਖ ਡਾਲਰ (ਤਤਕਾਲੀ ਕਰੰਸੀ ਰੇਟ ਦੇ ਹਿਸਾਬ ਨਾਲ 23.50 ਕਰੋੜ ਰੁਪਏ) ਦੀ ਦਲਾਲੀ ਲਈ ਗਈ ਸੀ। ਮੀਡੀਆ ਵਿੱਚ 12 ਮਾਰਚ 2019 ਨੂੰ ਵਿਸਥਾਰ ਨਾਲ ਇਸ ਘੋਟਾਲੇ ਦੀ ਖਬਰ ਛਾਪੀ ਸੀ। ਉਚ ਪੱਧਰੀ ਸੂਤਰਾਂ ਅਨੁਸਾਰ ਇਨਕਮ ਟੈਕਸ ਵਿਭਾਗ ਅਤੇ ਈ ਡੀ ਨੇ ਪਿਛਲੇ ਸਾਲ ਦੇ ਸ਼ੁਰੂ ਵਿੱਚ ਸੀ ਬੀ ਆਈ ਨੂੰ



ਇਸ ਘੋਟਾਲੇ ਦੇ ਦਸਤਾਵੇਜ਼ ਸੌਂਪ ਕੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਕੇਸ ਦਰਜ ਕਰ ਕੇ ਇਸ ਦੀ ਜਾਂਚ ਦੀ ਲੋੜ ਦੱਸੀ ਸੀ। ਇਸ ਆਧਾਰ 'ਤੇ ਸੀ ਬੀ ਆਈ ਨੇ 11 ਜੁਲਾਈ 2019 ਨੂੰ ਸ਼ੁਰੂਆਤੀ ਜਾਂਚ ਦਾ ਕੇਸ ਦਰਜ ਕੀਤਾ ਸੀ। ਲਗਭਗ ਇੱਕ ਸਾਲ ਦੀ ਜਾਂਚ ਦੇ ਬਾਅਦ ਸੀ ਬੀ ਆਈ ਨੇ ਰੈਗੂਲਰ ਕੇਸ ਦਰਜ ਕਰਨ ਦਾ ਫੈਸਲਾ ਕੀਤਾ। ਇਸ ਵਿੱਚ ਸੰਜੇ ਭੰਡਾਰੀ ਅਤੇ ਸੈਮਸੰਗ ਇੰਜੀਨੀਅਰਿੰਗ ਦੇ ਸੀਨੀਅਰ ਮੈਨੇਜਰ ਹੋਂਗ ਨੈਮਕੁੰਗ ਦੇ ਨਾਲ-ਨਾਲ ਓ ਐੱਨ ਜੀ ਸੀ ਅਤੇ ਓਪਲ ਦੇ ਅਣਪਛਾਤੇ ਅਧਿਕਾਰੀਆਂ ਨੂੰ ਦੋਸ਼ੀ ਬਣਾਇਆ ਗਿਆ ਹੈ।

ਸੀ ਬੀ ਆਈ ਦੀ ਰਿਪੋਰਟ ਮੁਤਾਬਕ ਓਪਲ ਨੇ ਨਵੰਬਰ 2006 ਵਿੱਚ ਗੁਜਰਾਤ ਦੇ ਦਾਹੇਜ ਵਿੱਚ ਐਸ ਈ ਜ਼ੈੱਡ ਵਿੱਚ ਇਥੇਨ, ਪ੍ਰੋਪੇਨ ਅਤੇ ਬੂਟੇਨ ਕੱਢਣ ਦਾ ਪਲਾਂਟ ਲਾਉਣ ਦਾ ਫੈਸਲਾ ਕੀਤਾ ਤੇ ਇਸ ਦੇ ਲਈ ਇੱਕ ਪ੍ਰੋਜੈਕਟ ਦਾ ਠੇਕਾ ਮਾਰਚ 2008 ਵਿੱਚ ਜਰਮਨੀ ਦੀ ਲਿੰਡੇ ਤੇ ਦੱਖਣੀ ਕੋਰੀਆ ਦੀ ਸੈਮਸੰਗ ਇੰਜੀਨੀਅਰਿੰਗ ਦੇ ਕੰਸੋਰਟੀਅਮ ਨੂੰ ਦਿੱਤਾ। ਉਂਝ ਠੇਕੇ ਵਿੱਚ ਹਿੱਸਾ ਲੈਣ ਵਾਲੀ ਭਾਰਤੀ ਕੰਪਨੀ ਐੱਲ ਐਂਡ ਟੀ ਅਤੇ ਸ਼ਾਅ ਸਟੇਨ ਅਤੇ ਵੈੱਬਸਟਰ ਦੇ ਕੰਸੋਰਟਿੰਗਸ ਨੇ ਠੇਕੇ ਦੀ ਪ੍ਰਕਿਰਿਆ ਵਿੱਚ ਗੜਬੜ ਦਾ ਦੋਸ਼ ਲਗਾਇਆ, ਪ੍ਰੰਤੂ ਉਸ ਨੂੰ ਰੱਦ ਕਰ ਦਿੱਤਾ ਗਿਆ।

# ਸਿੱਖ ਕਤਲੇਆਮ ਦੇ ਸਹਿ ਦੋਸ਼ੀ ਨੂੰ ਸੁਪਰੀਮ ਕੋਰਟ ਨੇ ਜ਼ਮਾਨਤ ਦੇਣ ਤੋਂ ਨਾਂਹ ਕੀਤੀ

ਨਵੀਂ ਦਿੱਲੀ, 2 ਜੁਲਾਈ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਕੱਲ੍ਹ ਸਾਬਕਾ ਵਿਧਾਇਕ ਮਹਿੰਦਰ ਯਾਦਵ ਨੂੰ ਅੰਤਰਮ ਜ਼ਮਾਨਤ ਦੇਣ ਤੋਂ ਇਨਕਾਰ ਕਰ ਦਿੱਤਾ ਹੈ। ਮਹਿੰਦਰ ਯਾਦਵ 1984 ਸਿੱਖ ਕਤਲੇਆਮ ਦੇ ਸਹਿ-ਦੋਸ਼ੀ ਹੈ।

ਕੋਰੋਨਾ ਪਾਜ਼ੇਟਿਵ ਮਹਿੰਦਰ ਯਾਦਵ ਦਿੱਲੀ ਦੀ ਮੰਡੌਲੀ ਜੇਲ੍ਹ ਵਿੱਚ ਸਜ਼ਾ ਕੱਟ ਰਿਹਾ ਹੈ। ਉਸ ਨੇ ਜ਼ਮਾਨਤ ਲਈ ਪਟੀਸ਼ਨ ਦਾਇਰ ਕੀਤੀ ਸੀ। ਬੀਤੇ ਦਿਨੀਂ ਢਿੱਡ ਦਰਦ ਦੀ ਸ਼ਿਕਾਇਤ ਵਿੱਚ ਉਨ੍ਹਾਂ ਨੂੰ ਜੇਲ ਪ੍ਰਸ਼ਾਸਨ ਨੇ ਹਸਪਤਾਲ ਵਿੱਚ ਭਰਤੀ ਕਰਵਾਇਆ ਸੀ। ਹਸਪਤਾਲ ਵਿੱਚ ਉਨ੍ਹਾਂ ਦਾ ਕੋਵਿਡ-19 ਦਾ ਟੈਸਟ ਵੀ ਹੋਇਆ ਤਾਂ ਰਿਪੋਰਟ ਪਾਜ਼ੇਟਿਵ ਆਈ।

ਜਸਟਿਸ ਇੰਦਰਾ ਬੈਨਰਜੀ ਅਤੇ ਜਸਟਿਸ ਬੀ ਆਰ ਗਵਈ ਦੀ ਬੈਂਚ ਨੇ ਯਾਦਵ ਦੀ ਅੰਤਰਮ ਜ਼ਮਾਨਤ ਪਟੀਸ਼ਨ 'ਤੇ ਵਿਚਾਰ ਕਰਨ ਤੋਂ ਇਨਕਾਰ ਕਰਦੇ ਹੋਏ ਕਿਹਾ ਕਿ ਉਸ ਦਾ ਹਸਪਤਾਲ ਵਿੱਚ ਇਲਾਜ ਚੱਲ ਰਿਹਾ ਹੈ, ਜਿੱਥੇ ਕਿਸੇ ਰਿਸ਼ਤੇਦਾਰ ਦੇ ਜਾਣ ਦੀ ਆਗਿਆ ਨਹੀਂ ਹੈ। ਜ਼ਮਾਨਤ ਦੇਣ ਦਾ ਕੋਈ ਆਧਾਰ ਨਹੀਂ ਹੈ, ਕਿਉਂਕਿ ਯਾਦਵ ਦੇ ਇਲਾਜ ਬਾਰੇ ਪ੍ਰਵਾਰ ਨੂੰ ਕੋਈ ਸ਼ਿਕਾਇਤ ਨਹੀਂ ਹੈ। ਬੈਂਚ ਨੇ ਸਾਫ਼ ਕੀਤਾ ਕਿ ਉਂਝ ਵੀ ਉਹ ਆਈ ਸੀ ਯੂ ਵਿੱਚ ਹੈ ਤੇ ਪ੍ਰਵਾਰ ਦਾ ਕੋਈ ਵੀ ਮੈਂਬਰ ਉਸ ਨੂੰ ਨਹੀਂ ਮਿਲ ਸਕਦਾ, ਜਿੱਥੇ ਕੋਵਿਡ-19 ਦੇ ਲਾਗ ਦਾ ਉਸ ਦਾ ਇਲਾਜ ਚਲ ਰਿਹਾ ਹੈ।

ਦੰਗਾ ਪੀੜਤਾਂ ਵੱਲੋਂ ਸੀਨੀਅਰ ਵਕੀਲ ਐਚ ਐਸ ਫੂਲਕਾ ਨੇ ਯਾਦਵ ਦੀ ਅੰਤਰਮ ਜ਼ਮਾਨਤ ਦੀ ਅਰਜ਼ੀ ਦਾ ਵਿਰੋਧ ਕੀਤਾ। ਦਿੱਲੀ ਗੁਰਦਵਾਰਾ ਕਮੇਟੀ ਦੇ ਸਾਬਕਾ ਕਾਨੂੰਨੀ ਸੈਲ ਦੇ ਚੇਅਰਮੈਨ ਜਸਵਿੰਦਰ ਸਿੰਘ ਜੌਲੀ ਨੇ ਕਿਹਾ ਕਿ 1984 ਦੇ ਬਾਕੀ ਹੋਰਨਾਂ ਦੋਸ਼ੀਆਂ ਅਤੇ ਜਗਦੀਸ਼ ਟਾਈਟਲਰ ਵਿਰੁਧ ਸਜ਼ਾ ਦਿਵਾਉਣ ਲਈ ਦਿੱਲੀ ਕਮੇਟੀ ਦੀ ਲੜਾਈ ਜਾਰੀ ਰਹੇਗੀ ਤੇ ਅਸੀਂ ਹਰ ਹੀਲੇ ਉਨ੍ਹਾਂ ਨੂੰ ਵੀ ਜੇਲ ਪਹੁੰਚਾ ਕੇ ਹੀ ਸਾਹ ਲਵਾਂਗੇ।

## ਸੁਸ਼ਾਂਤ ਖ਼ੁਦਕੁਸ਼ੀ ਕੇਸ ਵਿੱਚ ਸਲਮਾਨ ਸਣੇ ਅੱਠ ’ਤੇ ਕੇਸ ਦਰਜ

ਹਾਜੀਪੁਰ, 2 ਜੁਲਾਈ (ਪੋਸਟ ਬਿਊਰੋ)- ਬਾਲੀਵੁੱਡ ਅਦਾਕਾਰ ਸੁਸ਼ਾਂਤ ਸਿੰਘ ਰਾਜਪੂਤ ਦੀ ਖ਼ੁਦਕੁਸ਼ੀ ਦੇ ਕੇਸ ਵਿੱਚ ਕੱਲ੍ਹ ਐਕਟਰ ਸਲਮਾਨ ਖ਼ਾਨ, ਡਾਇਰੈਕਟਰ ਕਰਨ ਜੌਹਰ ਤੇ ਸਾਜਿਦ ਨਾਡੀਆਵਾਲਾ ਸਮੇਤ ਅੱਠ ਲੋਕਾਂ ਖ਼ਿਲਾਫ਼ ਬਿਹਾਰ ਦੇ ਜ਼ਿਲ੍ਹਾ ਵੈਸ਼ਾਲੀ ਦੀ ਇੱਕ ਅਦਾਲਤ 'ਚ ਸ਼ਿਕਾਇਤ ਦਰਜ ਕਰਵਾਈ ਗਈ ਹੈ। ਹਾਜੀਪੁਰ ਮੁੱਖ ਅਦਾਲਤ ਵਿੱਚ ਭਾਜਪਾ ਨੇਤਾ ਡਾ. ਅਜੀਤ ਕੁਮਾਰ ਨੇ ਅਦਾਕਾਰ ਸਲਮਾਨ ਖ਼ਾਨ, ਨਿਰਦੇਸ਼ਕ ਕਰਨ ਜੌਹਰ, ਏਕਤਾ ਕਪੂਰ, ਸੰਜੈ ਲੀਲਾ ਨਾਡੀਆਵਾਲਾ, ਭੂਸ਼ਣ ਕੁਮਾਰ ਅਤੇ ਦਿਨੇਸ਼ ਵਿਜਯਾਨ ਦੇ ਖ਼ਿਲਾਫ਼ ਕੱਲ੍ਹ ਦੋਸ਼ ਪੱਤਰ ਦਾਇਰ ਕੀਤਾ ਹੈ। ਡਾ. ਕੁਮਾਰ ਨੇ ਆਪਣੇ ਵਕੀਲਾਂ ਰਾਹੀਂ ਪੱਤਰ ਪੇਸ਼ ਕਰਕੇ ਦੋਸ਼ ਲਾਇਆ ਕਿ ਸੁਸ਼ਾਂਤ ਸਿੰਘ ਰਾਜਪੂਤ ਨੇ ਆਤਮ ਹੱਤਿਆ ਨਹੀਂ ਕੀਤੀ, ਸਾਜ਼ਿਸ਼ ਰਚ ਕੇ ਅਤੇ ਮਾਨਸਿਕ ਪ੍ਰੇਸ਼ਾਨ ਕਰਕੇ ਸੁਸ਼ਾਂਤ ਨੂੰ ਮਰਨ ਨੂੰ ਮਜ਼ਬੂਰ ਕੀਤਾ ਗਿਆ ਹੈ। ਵਰਨਣ ਯੋਗ ਹੈ ਕਿ ਇਸ ਤੋਂ ਪਹਿਲਾਂ ਮੁਜ਼ੱਫਰਪੁਰ 'ਚ ਵੀ ਉਕਤ ਮਾਮਲੇ 'ਚ ਅਦਾਕਾਰ ਸਲਮਾਨ ਖ਼ਾਨ, ਨਿਰਮਾਤਾ ਸੰਜੇ ਲੀਲਾ ਭੰਸਾਲੀ ਸਮੇਤ ਕਈ ਲੋਕਾਂ ਨੂੰ ਦੋਸ਼ੀ ਬਣਾਇਆ ਗਿਆ ਹੈ।

## ਤਿਹਾੜ ਜੇਲ੍ਹ ਵਿੱਚ ਇੱਕ ਕੈਦੀ ਨੇ ਭੈਣ ਨਾਲ ਬਲਾਤਕਾਰ ਕਰਨ ਵਾਲੇ ਕੈਦੀ ਦਾ ਕਤਲ ਕੀਤਾ

ਨਵੀਂ ਦਿੱਲੀ, 2 ਜੁਲਾਈ (ਪੋਸਟ ਬਿਊਰੋ)- ਏਸ਼ੀਆ ਦੀ ਬਹੁਤ ਸੁਰੱਖਿਅਤ ਮੰਨੀ ਜਾਣ ਵਾਲੀ ਤਿਹਾੜ ਜੇਲ੍ਹ ਵਿੱਚ ਇੱਕ ਕੈਦੀ ਨੇ ਫ਼ਿਲਮੀ ਅੰਦਾਜ਼ ਵਿੱਚ ਆਪਣੀ ਭੈਣ ਨਾਲ ਬਲਾਤਕਾਰ ਕਰਨ ਵਾਲੇ ਦੀ ਹੱਤਿਆ ਕਰ ਦਿੱਤੀ ਹੈ।



ਪੁਲਸ ਅਨੁਸਾਰ ਕਤਲ ਦੇ ਦੋਸ਼ ਵਿੱਚ ਜੇਲ੍ਹ ਵਿੱਚ ਬੰਦ ਜ਼ਾਕਿਰ (22) ਨੇ ਮੁਹੰਮਦ ਮਹਿਤਾਬ (28) ਦੀ ਕਿਸੇ ਨੁਕੀਲੀ ਚੀਜ ਨਾਲ ਕਈ ਵਾਰ ਕਰਕੇ ਕੱਲ੍ਹ (29 ਜੂਨ) ਨੂੰ ਹੱਤਿਆ ਕਰ ਦਿੱਤੀ ਹੈ। ਮੁਢਲੀ ਜਾਂਚ ਵਿੱਚ ਪਤਾ ਲੱਗਾ ਕਿ ਮਹਿਤਾਬ ਨੇ ਸਾਲ 2014 'ਚ ਦਿੱਲੀ ਦੇ ਅੰਬੇਡਕਰ ਨਗਰ ਦੇ ਵਸਨੀਕ ਜ਼ਾਕਿਰ ਦੀ ਨਾਬਾਲਿਗ ਭੈਣ ਨਾਲ ਬਲਾਤਕਾਰ ਕੀਤਾ ਸੀ ਤੇ ਮਹਿਤਾਬ ਉਸ ਕੇਸ 'ਚ ਤਿਹਾੜ ਜੇਲ੍ਹ 'ਚ ਬੰਦ ਸੀ। ਜ਼ਾਕਿਰ ਦੀ ਭੈਣ ਨੇ ਕੁਝ ਸਮੇਂ ਬਾਅਦ ਖ਼ੁਦਕੁਸ਼ੀ ਕਰ ਲਈ ਸੀ ਤੇ ਇਸ ਘਟਨਾ ਤੋਂ ਜ਼ਾਕਿਰ ਦੁਖੀ ਸੀ। ਉਹ ਆਪਣੀ ਭੈਣ ਨਾਲ ਹੋਏ ਬਲਾਤਕਾਰ ਦਾ ਬਦਲਾ ਕਿਸੇ ਵੀ ਕੀਮਤ 'ਤੇ ਲੈਣਾ ਚਾਹੁੰਦਾ ਸੀ। ਕਿਉਂਕਿ ਦੋਸ਼ੀ ਤਿਹਾੜ ਜੇਲ੍ਹ 'ਚ ਬੰਦ ਸੀ, ਉਹ ਉਸ ਦੀ ਪਹੁੰਚ ਤੋਂ ਦੂਰ ਸੀ। ਇਸ ਲਈ ਜ਼ਾਕਿਰ ਇੱਕ ਯੋਜਨਾ ਦੇ ਤਹਿਤ ਕਤਲ ਕੇਸ ਤਿਹਾੜ ਜੇਲ੍ਹ 'ਚ ਚਲਾ ਗਿਆ ਤੇ ਉਥੇ ਹੋਰਨਾਂ ਕੈਦੀਆਂ ਨਾਲ ਲੜਾਈ-ਝਗੜੇ ਕਰਨ ਲੱਗਾ, ਜਿਸ ਕਾਰਨ ਉਸ ਨੂੰ ਤਿਹਾੜ ਜੇਲ੍ਹ ਨੰਬਰ ਅੱਠ ਦੀ ਵਾਰਡ ਨੰਬਰ ਚਾਰ ਦੇ ‘ਗਰਾਊਂਡ ਫਲੋਰ’ ਵਿੱਚ ਤਬਦੀਲ ਕਰ ਦਿੱਤਾ ਗਿਆ, ਜਿਸ ਦੀ ਪਹਿਲੀ ਮੰਜ਼ਿਲ 'ਤੇ ਜ਼ਾਕਿਰ ਦੀ ਭੈਣ ਦਾ ਦੋਸ਼ੀ ਮਹਿਤਾਬ ਰਹਿ ਰਿਹਾ ਸੀ। ਜ਼ਾਕਿਰ ਨੇ 29 ਜੂਨ ਦੀ ਸਵੇਰ ਮੌਕਾ ਦੇਖ ਕੇ ਚਾਕੂ ਵਰਗੀ ਕਿਸੇ ਨੁਕੀਲੀ ਚੀਜ ਨਾਲ ਮਹਿਤਾਬ 'ਤੇ ਕਈ ਵਾਰ ਕਰਕੇ ਉਸ ਨੂੰ ਸਖ਼ਤ ਜ਼ਖ਼ਮੀ ਕਰ ਦਿੱਤਾ ਗਿਆ। ਜੇਲ੍ਹ ਪ੍ਰਸ਼ਾਸਨ ਨੇ ਮਹਿਤਾਬ ਨੂੰ ਹਸਪਤਾਲ ਪੁਚਾਇਆ, ਪਰ ਉਸ ਦੀ ਮੌਤ ਹੋ ਗਈ।

## ਚੀਨੀ ਕੰਪਨੀ ਦਾ ਟੈਂਡਰ ਭਾਰਤੀ ਰੇਲਵੇ ਨੇ ਰੱਦ ਕੀਤਾ

ਨਵੀਂ ਦਿੱਲੀ, 2 ਜੁਲਾਈ (ਪੋਸਟ ਬਿਊਰੋ)- ਭਾਰਤ ਵਿੱਚ ਚੀਨੀ ਉਤਪਾਦਾਂ ਅਤੇ ਕਾਰੋਬਾਰੀ ਸਮਝੌਤਿਆਂ ਖਿਲਾਫ ਮਾਹੌਲ ਦੇ ਦੌਰਾਨ ਭਾਰਤੀ ਰੇਲਵੇ ਨੇ ਥਰਮਲ ਕੈਮਰੇ ਲੈਣ ਦਾ ਇੱਕ ਚੀਨੀ ਕੰਪਨੀ ਦਾ ਟੈਂਡਰ ਰੱਦ ਕਰ ਦਿੱਤਾ ਹੈ।

ਰੇਲ ਵਿਭਾਗ ਨੇ ਇਹ ਫੈਸਲਾ ਉਸ ਵੇਲੇ ਲਿਆ ਜਦ ਉਨ੍ਹਾਂ ਨੂੰ ਇਹ ਜਾਣਕਾਰੀ ਮਿਲੀ ਕਿ ਉਸ ਟੈਂਡਰ ਦੇ ਤਹਿਤ ਸਾਮਾਨ ਦੀ ਜ਼ਰੂਰਤ ਅਤੇ ਵਿਸ਼ੇਸ਼ਤਾਵਾਂ ਇੱਕ ਚੀਨੀ ਕੰਪਨੀ ਨੂੰ ਲਾਭ ਪਹੁੰਚਾਉਣ ਲਈ ਦਿੱਤੀਆਂ ਗਈਆਂ ਹੋ ਸਕਦੀਆਂ ਹਨ। ਰੇਲਵੇ ਦੀ ਪੀ ਐੱਸ ਯੂ ਰੇਲਟੈਲ ਨੇ ਕਰੀਬ ਇੱਕ ਮਹੀਨੇ ਪਹਿਲਾਂ ਜਾਰੀ ਟੈਂਡਰ ਵਿੱਚ 800 ਅਜਿਹੇ ਕੈਮਰਿਆਂ ਦੀ ਜ਼ਰੂਰਤ ਦੱਸੀ ਸੀ, ਜੋ ਏ ਆਈ ਆਧਾਰਤ ਥਰਮਲ ਕੈਮਰੇ ਹੋਣ ਅਤੇ ਵਿਅਕਤੀ ਦੇ ਤਾਪਮਾਨ ਦੇ ਆਧਾਰ 'ਤੇ ਉਸ ਦੇ ਇਨਫੈਕਸ਼ਨ ਦੀ ਜਾਂਚ ਕਰ ਲੈਣ ਅਤੇ ਇਹ ਦੱਸ ਦੇਣ ਕਿ ਉਸ ਵਿਅਕਤੀ ਨੇ ਮਾਸਕ ਪਾਇਆ ਹੈ ਜਾਂ ਨਹੀਂ। ਰੇਲਟੇਲ ਦੇ ਇੱਕ ਬੁਲਾਰੇ ਨੇ ਦੱਸਿਆ ਕਿ ਉਨ੍ਹਾਂ ਨੇ ਇਸ ਮੰਗ ਦੇ ਲਈ ਆਪਣੀ ਰੂਚੀ ਦੇ ਹਿਸਾਬ ਨਾਲ ਜ਼ਰੂਰਤਾਂ ਦੱਸੀਆਂ ਸਨ। ਉਨ੍ਹਾਂ ਨੂੰ ਕਈ ਵੈਂਡਰਾਂ ਦੇ ਬਦਲ ਮਿਲੇ, ਜੋ ਹੱਲ ਕਰ ਸਕਦੇ ਹਨ। ਇਸ ਲਈ ਅਸੀਂ ਵਿਆਪਕ ਭਾਈਵਾਲੀ ਅਤੇ ਮੁਕਾਬਲੇਬਾਜ਼ੀ ਨੂੰ ਹੱਲਾਸ਼ੇਰੀ ਦੇਣ ਲਈ ਚੀਨੀ ਕੰਪਨੀ ਦੇ ਟੈਂਡਰ ਨੂੰ ਰੱਦ ਕਰ ਦਿੱਤਾ ਹੈ। ਅਸੀਂ ਨਵਾਂ ਟੈਂਡਰ ਜਾਰੀ ਕਰਨ ਜਾ ਰਹੇ ਹਾਂ। ਇਸ ਟੈਂਡਰ ਨੂੰ ਤਦ ਰੱਦ ਕੀਤਾ, ਜਦ ਕਈ ਭਾਰਤੀ ਵੈਂਡਰਾਂ ਨੇ ਚਿੰਤਾ ਜਤਾਈ ਕਿ ਟੈਂਡਰ ਵਿੱਚ ਮੰਗੀਆਂ ਸ਼ਰਤਾਂ ਚੀਨੀ ਕੰਪਨੀ ਹਿਕਵਿਜ਼ਨ ਦੇ ਆਧਾਰ 'ਤੇ ਹੀ ਜਾਰੀ ਕੀਤੀਆਂ ਗਈ ਮਾਲੂਮ ਪੈਂਦੀਆਂ ਹਨ।

## ਕੋਰੋਨਾ ਦੌਰਾਨ ਭਾਰਤ ਸਰਕਾਰ ਦੀ ਆਮਦਨ 45 ਹਜ਼ਾਰ ਕਰੋੜ ਅਤੇ ਖਰਚ 5.11 ਲੱਖ ਕਰੋੜ



ਨਵੀਂ ਦਿੱਲੀ, 2 ਜੁਲਾਈ (ਪੋਸਟ ਬਿਊਰੋ)- ਕੋਵਿਡ-19 ਨਾਲ ਲੜਾਈ ਵਿੱਚ ਜਿਸ ਤਰ੍ਹਾਂ ਨਾਲ ਆਰਥਿਕ ਗਤੀਵਿਧੀਆਂ 'ਤੇ ਲਾਕਡਾਊਨ ਹੋਇਆ ਹੈ, ਉਸ ਦਾ ਅਸਰ ਭਾਰਤ ਸਰਕਾਰ ਦੇ ਮਾਲੀਏ 'ਤੇ ਬਹੁਤ ਉਲਟਾ ਪੈ ਰਿਹਾ ਹੈ। ਸਰਕਾਰ ਦੇ ਖਰਚੇ ਵਿੱਚ ਭਾਰੀ ਵਾਧਾ ਹੋ ਗਿਆ ਅਤੇ ਮਾਲੀਏ ਤੋਂ ਹੋਣ ਵਾਲੀ ਆਮਦਨ ਘਟ ਗਈ ਹੈ। ਅਪ੍ਰੈਲ ਅਤੇ ਮਈ ਦੀ ਸਥਿਤੀ ਦੱਸਦੀ ਹੈ ਕਿ ਆਉਣ ਵਲੇ ਦਿਨਾਂ ਵਿੱਚ ਆਰਥਿਕ ਹਾਲਾਤ ਵਿੱਚ ਵਿਆਪਕ ਸੁਧਾਰ ਕਰਨਾ ਹੋਵੇਗਾ।

ਵਿੱਤੀ ਸਾਲ 2020-21 ਦੇ ਪਹਿਲੇ ਦੋ ਮਹੀਨਿਆਂ ਵਿੱਚ ਕੁੱਲ ਮਾਲੀਆ 45,498 ਕਰੋੜ ਰੁਪਏ ਰਿਹਾ ਹੈ। ਇਹ ਰਾਸ਼ੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਦੇ ਬਜਟੀ ਅਨੁਮਾਨ (2020-21) ਦੇ ਮੁਕਾਬਲੇ ਸਿਰਫ 2.03 ਫੀਸਦੀ ਹੈ। ਕੇਂਦਰ ਸਰਕਾਰ ਨੇ ਜੋ ਅੰਕੜੇ ਦਿੱਤੇ ਹਨ, ਉਹ ਦੱਸਦੇ ਹਨ ਕਿ ਆਮਦਨ ਹੋਈ, ਉਸ ਵਿੱਚੋਂ ਸਰਕਾਰ ਨੂੰ ਮਸਾਂ 33,850 ਕਰੋੜ ਰੁਪਏ ਮਿਲੇ, ਇਸ ਦੇ ਇਲਾਵਾ ਗੈਰ ਟੈਕਸ ਮਦ ਤੋਂ 10,817 ਕਰੋੜ ਰੁਪਏ ਕੁਲੈਕਸ਼ਨ ਹੋਇਆ ਹੈ। 831 ਕਰੋੜ ਰੁਪਏ ਦੀ ਰਾਸ਼ੀ ਗੈਰ ਕਰਜ਼ੇ ਪ੍ਰਾਪਤੀਆਂ ਜਿਵੇਂ ਕਰਜ਼ਾ ਵਸੂਲੀ ਆਦਿ ਤੋਂ ਹੋਈ ਹੈ। ਸਰਕਾਰ ਨੇ ਇਹ ਵੀ ਦੱਸਿਆ ਹੈ ਕਿ ਇਨ੍ਹਾਂ ਦੋ ਮਹੀਨਿਆਂ ਵਿੱਚ ਸੂਬਾ ਸਰਕਾਰਾਂ ਨੂੰ 92,077 ਹਜ਼ਾਰ ਕਰੋੜ ਰੁਪਏ ਟਰਾਂਸਫਰ ਕੀਤੇ ਗਏ ਹਨ।

ਇਸ ਬਾਰੇ ਵਿੱਤ ਮੰਤਰਾਲੇ ਵੱਲੋਂ ਦਿੱਤੇ ਅੰਕੜਿਆਂ ਮੁਤਾਬਕ ਇਨ੍ਹਾਂ ਦੋ ਮਹੀਨਿਆਂ ਵਿੱਚ ਸਰਕਾਰ ਦਾ ਕੁੱਲ ਖਰਚ 5,11,814 ਕਰੋੜ ਰੁਪਏ ਰਿਹਾ। ਇਹ ਸਮੁੱਚੇ ਵਿੱਤੀ ਸਾਲ ਦਾ 16.82 ਫੀਸਦੀ ਬਣਦਾ ਹੈ। ਇਸ ਵਿੱਚੋਂ 4,56,635 ਕਰੋੜ ਰੁਪਏ ਰੈਵੇਨਿਊ ਖਾਤੇ ਵਿੱਚ ਹਨ, ਜਦ ਕਿ 55,206 ਕਰੋੜ ਰੁਪਏ ਪੂੰਜੀਗਤ ਖਾਤੇ ਵਿੱਚ ਗਏ ਹਨ। ਰੈਵੇਨਿਊ ਖਰਚ ਵਿੱਚੋਂ 78,265 ਕਰੋੜ ਰੁਪਏ ਦੀ ਰਾਸ਼ੀ ਵਿਆਜ਼ ਭੁਗਤਾਨ ਵਿੱਚ ਹੋਰ 67,469 ਕਰੋੜ ਰੁਪਏ ਦੀ ਰਾਸ਼ੀ ਪ੍ਰਮੁੱਖ ਸਬਸਿਡੀਆਂ ਵਜੋਂ ਦਿੱਤੀ ਗਈ ਹੈ। ਖਰਚ ਅਤੇ ਮਾਲੀਏ ਦੇ ਇਸ ਫਰਕ ਕਾਰਨ ਪਹਿਲਾਂ ਦੋ ਮਹੀਨਿਆਂ ਵਿੱਚ ਮਾਲੀਆ ਘਾਟਾ ਬਜਟ ਅਨੁਮਾਨ ਦਾ 58.6 ਫੀਸਦੀ ਹੋ ਚੁੱਕਾ ਹੈ। ਸਰਕਾਰੀ ਸੂਤਰਾਂ ਦੇ ਮੁਤਾਬਕ ਅਪ੍ਰੈਲ ਅਤੇ ਮਈ ਲਾਕਡਾਊਨ ਦਾ ਸਭ ਤੋਂ ਜ਼ਿਆਦਾ ਅਸਰ ਰਿਹਾ ਸੀ।

## ਹਰਿਆਣੇ ਵਿੱਚ ਦੋ ਪੁਲਸ ਵਾਲਿਆਂ ਦਾ ਕਤਲ, ਇੱਕ ਬਦਮਾਸ਼ ਨੂੰ ਮਾਰ ਸੁੱਟਿਆ

ਸੋਨੀਪਤ, 2 ਜੁਲਾਈ (ਪੋਸਟ ਬਿਊਰੋ)- ਹਰਿਆਣਾ ਦੇ ਸੋਨੀਪਤ ਵਿੱਚ ਬਦਮਾਸ਼ਾਂ ਨੇ ਕੱਲ੍ਹ ਰਾਤ ਪੁਲਸ ਚੌਕੀ ਵਿੱਚ ਦੋ ਪੁਲਸ ਵਾਲਿਆਂ ਦੀ ਚਾਕੂ ਮਾਰ ਕੇ ਹੱਤਿਆ ਕਰ ਦਿੱਤੀ। ਕੱਲ੍ਹ ਸਵੇਰੇ ਬੁਟਾਨਾ ਪੁਲਸ ਚੌਕੀ ਤੋਂ ਸਿਰਫ 800 ਕਿਲੋਮੀਟਰ ਦੂਰ ਦੋਵਾਂ ਦੀਆਂ ਲਾਸ਼ਾਂ ਸੜਕ ਕਿਨਾਰੇ ਮਿਲੀਆਂ। ਉਨ੍ਹਾਂ ਦੀ ਮੋਟਰ ਸਾਈਕਲ ਨੇੜੇ ਖੜ੍ਹੀ ਸੀ। ਪੁਲਸ ਨੇ ਦੋਵਾਂ ਦੀ ਹੱਤਿਆ ਵਿੱਚ ਦੋਸ਼ੀਆਂ ਦੀ ਤਲਾਸ਼ ਸ਼ੁਰੂ ਕੀਤੀ ਤਾਂ ਜੀਂਦ ਵਿੱਚ ਇੱਕ ਬਦਮਾਸ਼ ਮੁਕਾਬਲੇ ਵਿੱਚ ਮਾਰਿਆ ਗਿਆ।



ਇਸ ਬਾਰੇ ਪੁਲਸ ਟੀਮ ਨੂੰ ਜਾਣਕਾਰੀ ਮਿਲੀ ਸੀ ਕਿ ਪੁਲਸ ਮੁਲਾਜ਼ਮਾਂ ਦੀ ਹੱਤਿਆ ਵਿੱਚ ਸ਼ਾਮਲ ਚਾਰ ਬਦਮਾਸ਼ ਜੀਂਦ ਵਿੱਚ ਰੋਹਤਕ ਰੋਡ ਉੱਤੇ ਬਣੇ ਇੱਕ ਮਕਾਨ ਵਿੱਚ ਛਿਪੇ ਬੈਠੇ ਹਨ। ਜੀਂਦ ਵਿੱਚ ਰੋਹਤਕ ਰੋਡ 'ਤੇ ਸਟੇਟ ਬੈਂਕ ਆਫ ਇੰਡੀਆ ਦੇ ਨੇੜੇ ਭਗਵਾਨ ਨਗਰ ਵਿੱਚ ਉਸ ਮਕਾਨ ਨੂੰ ਘੇਰ ਕੇ ਪੁਲਸ ਨੇੜੇ ਗਈ ਤਾਂ ਓਥੇ ਛਿਪੇ ਬਦਮਾਸ਼ਾਂ ਨੇ ਪੁਲਸ ਟੀਮ 'ਤੇ ਚਾਕੂਆਂ ਨਾਲ ਹਮਲਾ ਕਰ ਦਿੱਤਾ। ਇਸ ਵਿੱਚ ਸੋਨੀਪਤ ਸੀ ਆਈ ਏ ਦੇ ਇੰਸਪੈਕਟਰ ਅਨਿਲ ਕੁਮਾਰ ਅਤੇ ਸਾਈਬਰ ਕਰਾਈਮ ਦੇ ਇੰਸਪੈਕਟਰ ਪ੍ਰਸ਼ਾਂਤ ਗੰਭੀਰ ਜ਼ਖਮੀ ਹੋ ਗਏ ਅਤੇ ਏ ਐੱਸ ਆਈ ਮਨਦੀਪ ਤੇ ਸਿਪਾਹੀ ਰਾਜੇਸ਼ ਨੂੰ ਵੀ ਹਮਲੇ ਵਿੱਚ ਕਾਫੀ ਸੱਟਾਂ ਲੱਗੀਆਂ। ਬਦਮਾਸ਼ਾਂ ਦੇ ਨਾਲ ਪੁਲਸ ਦੀ ਮੁੱਠਭੇੜ ਵਿੱਚ ਪੁਲਸ ਨੂੰ ਵੀ ਫਾਇਰਿੰਗ ਕਰਨੀ ਪਈ। ਇਸ ਵਿੱਚ ਅਮਿਤ ਨਾਂਅ ਦੇ ਇੱਕ ਬਦਮਾਸ਼ ਦੀ ਪੁਲਸ ਦੀ ਗੋਲੀ ਲੱਗਣ ਨਾਲ ਮੌਤ ਹੋ ਗਈ।

# ਬਿਹਾਰ ਚੋਣਾਂ ਵਿੱਚ ਵੋਟਿੰਗ ਅਨੋਖੇ ਤਰੀਕੇ ਨਾਲ ਹੋਵੇਗੀ

ਪਟਨਾ, 2 ਜੁਲਾਈ (ਪੋਸਟ ਬਿਊਰੋ)- ਕੋਰੋਨਾ ਵਾਇਰਸ ਦੇ ਖਤਰੇ ਦੌਰਾਨ ਵਿੱਚ ਪਹਿਲੀ ਵਾਰ ਦੇਸ਼ ਵਿੱਚ ਚੋਣਾਂ ਹੋਣ ਜਾ ਰਹੀਆਂ ਹਨ। ਕਰੋੜਾਂ ਵੋਟਰਾਂ ਵਾਲੇ ਰਾਜ ਬਿਹਾਰ ਵਿੱਚ ਵਿਧਾਨ ਸਭਾ ਚੋਣਾਂ ਲਈ ਖਾਸ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ। ਬਿਜਲਈ ਵੋਟਿੰਗ ਮਸ਼ੀਨਾਂ (ਈ ਵੀ ਐਮ) ਨੂੰ ਛੂਹੇ ਬਿਨਾਂ ਵੋਟਿੰਗ ਲਈ ਟੂਥਪਿਕ (ਦੰਦ ਖੁਰਚਣ ਵਾਲਾ ਤੀਲਾ) ਦੇ ਬਰਾਬਰ ਬਾਂਸ ਦੀ ਲਕੜੀ, ਪੋਲਿੰਗ ਅਫਸਰਾਂ ਦੇ ਟੇਬਲ 'ਤੇ ਸ਼ੀਸ਼ੇ ਦੀ ਦੀਵਾਰ, ਡਿਸਪੋਜੇਬਲ ਸਿਰਿੰਜ ਤੋਂ ਅੰਗੁਲੀਆਂ 'ਤੇ ਨਿਸ਼ਾਨ ਵਰਗੇ ਪ੍ਰਬੰਧਾਂ ਲਈ ਚੋਣ ਕਮਿਸ਼ਨ ਵਿਚਾਰ ਕਰ ਰਿਹਾ ਹੈ।

ਵਰਨਣ ਯੋਗ ਹੈ ਕਿ ਕੋਰੋਨਾ ਵਾਇਰਸ ਦੀ ਸ਼ੁਰੂਆਤ ਦੇ ਬਾਅਦ ਤੋਂ ਦੇਸ਼ ਵਿੱਚ ਇਹ ਪਹਿਲੀਆਂ ਚੋਣਾਂ ਹਨ। ਇਹ ਚੋਣਾਂ ਅਕਤੂਬਰ-ਨਵੰਬਰ ਵਿੱਚ ਹੋਣ ਦੀ ਉਮੀਦ ਹੈ। ਚੋਣ ਕਮਿਸ਼ਨ ਦੇ ਅਧਿਕਾਰੀ ਸਾਰੇ ਪ੍ਰਬੰਧਾਂ ਦੇ ਲਈ ਵਿਚਾਰਾਂ ਵਿੱਚ ਰੁੱਜੈ ਹੋਏ ਹਨ। ਅਧਿਕਾਰੀਆਂ ਦਾ ਕਹਿਣਾ ਹੈ ਕਿ ਡਿਸਪੋਜੇਬਲ ਸਿਰਿੰਜ ਨਾਲ ਸਿਆਹੀ ਲਾਉਣਾ ਸੁਰੱਖਿਆ ਬਦਲ ਹੈ। ਹਰ ਯੂਜਰ ਦੇ ਬਾਅਦ ਇਸ ਸਿਰਿੰਜ ਨੂੰ ਸੁਟਿਆ ਜਾ ਸਕਦਾ ਹੈ। ਪੋਲਿੰਗ ਆਫੀਸਰ ਨੂੰ ਸ਼ੀਸ਼ੇ ਦੀ ਦੀਵਾਰ ਦੇ ਪਿੱਛੇ ਰੱਖਣ ਦੀ ਲੋੜ ਹੈ ਤਾਂ ਕਿ ਵੋਟਰ ਤੋਂ ਅਧਿਕਾਰੀ ਜਾ ਕਿਸੇ ਅਧਿਕਾਰੀ ਤੋਂ ਵੋਟਰਾਂ ਦੇ ਬਿਮਾਰ ਹੋਣ ਦੀ ਸੰਭਾਵਨਾ ਘੱਟ ਰਹੇ। ਇਸ ਦੌਰਾਨ ਪਛਾਣ ਗੁਪਤ ਰੱਖਣ ਦੀ ਸ਼ਰਤ 'ਤੇ ਚੋਣ ਕਮਿਸ਼ਨ ਦੇ ਇੱਕ ਅਧਿਕਾਰੀ ਨੇ ਦੱਸਿਆ ਹੈ ਕਿ ਈ ਵੀ ਐਮ ਦੇ ਬਟਨ ਦਬਾਉਣ ਅਤੇ ਵੌਟਰ ਰਜਿਸਟਰ 'ਤੇ ਦਸਖਤ ਲਈ ਦਸਤਾਨੇ ਅਤੇ ਬਾਂਸ ਦੇ ਤੀਲੇ ਦੀ ਗੱਲ ਚੱਲ ਰਹੀ ਹੈ।

# ਹਜ਼ੂਰ ਸਾਹਿਬ ਦੇ ਗੁਰਦੁਆਰਿਆਂ ਨੂੰ ਕੰਟੇਨਮੈਂਟ ਜ਼ੋਨ ਵਿੱਚੋਂ ਕੱਢਿਆ

ਔਰੰਗਾਬਾਦ, 2 ਜੁਲਾਈ (ਪੋਸਟ ਬਿਊਰੋ)- ਮਹਾਰਾਸ਼ਟਰ ਦੇ ਨਾਂਦੇੜ ਸ਼ਹਿਰ ਵਿੱਚਲੇ ਦੋ ਪ੍ਰਮੁੱਖ ਗੁਰਦ-ਆਰੇ ਕੱਲ੍ਹ ਤੋਂ ਕੰਟੇਨਮੈਂਟ ਜ਼ੋਨਾਂ ਦਾ ਹਿੱਸਾ ਨਹੀਂ ਰਹੇ, ਕਿਉਂਕਿ ਪਿਛਲੇ ਵੀਹ ਦਿਨਾਂ ਵਿੱਚ ਇਸ ਖੇਤਰ ਵਿੱਚੋਂ ਕੋਵਿਡ 19 ਦਾ ਕੋਈ ਵੀ ਨਵਾਂ ਕੇਸ ਸਾਹਮਣੇ ਨਹੀਂ ਆਇਆ। ਇਹ ਜਾਣਕਾਰੀ ਜ਼ਿਲਾ ਅਧਿਕਾਰੀ ਨੇ ਦਿੱਤੀ ਹੈ।



ਗੁਰਦੁਆਰਾ ਸਚਖੰਡ ਹਜ਼ੂਰ ਸਾਹਿਬ ਦੇ ਪ੍ਰਬੰਧਕਾਂ ਅਨੁਸਾ ਇਸ ਖੇਤਰ ਨੂੰ ਕੰਟੇਨਮੈਂਟ ਜ਼ੋਨ 'ਚੋਂ ਕੱਢੇ ਜਾਣ ਦੇ ਬਾਵਜੂਦ ਸਰਕਾਰ ਦੇ ਅਗਲੇ ਹੁਕਮਾਂ ਤੱਕ ਗੁਰਦੁਆਰਾ ਲੰਗਰ ਸਾਹਿਬ ਅਤੇ ਗੁਰਦੁਆਰਾ ਹਜ਼ੂਰ ਸਾਹਿਬ ਦੇ ਦਰਵਾਜ਼ੇ ਸ਼ਰਧਾਲੂਆਂ ਲਈ ਬੰਦ ਰੱਖੇ ਜਾਣਗੇ। ਵਰਨਣ ਯੋਗ ਹੈ ਕਿ ਪਹਿਲੀ ਮਈ ਨੂੰ ਨਾਂਦੇੜ ਤੋਂ ਪੰਜਾਬ ਪੁੱਜੇ ਕਰੀਬ 91 ਤੋਂ ਵੱਧ ਲੋਕਾਂ ਦੇ ਕੋਰੋਨਾ ਵਾਇਰਸ ਪਾਜ਼ੀਟਿਵ ਪਾਏ ਜਾਣ ਮਗਰੋਂ ਗੁਰਦੁਆਰਾ ਹਜ਼ੂਰ ਸਾਹਿਬ ਨੂੰ ਸੀਲ ਕਰ ਦਿੱਤਾ ਗਿਆ ਸੀ। ਪੰਜਾਬ ਵਿਚਲੇ ਅਧਿਕਾਰੀਆਂ ਨੇ ਦੱਸਿਆ ਸੀ ਕਿ ਨਾਂਦੇੜ ਦੇ ਗੁਰਦੁਆਰਿਆਂ ਤੋਂ ਪਰਤੇ 3500 ਸ਼ਰਧਾਲੂਆਂ ਵਿੱਚੋਂ 197 ਕੋਰੋਨਾ ਵਾਇਰਸ ਪਾਜ਼ੀਟਿਵ ਪਾਏ ਗਏ ਸਨ। ਨਾਂਦੇੜ ਦੇ ਕੁਲੈਕਟਰ ਵਿਪਨ ਇਟਾਂਕਰ ਨੇ ਦੱਸਿਆ, ਗੁਰਦੁ-ਆਰਾ ਹਜ਼ੂਰ ਸਾਹਿਬ, ਜਿਸ ਨੂੰ ਤਖਤ ਹਜ਼ੂਰ ਸਾਹਿਬ ਸੱਚਖੰਡ ਕਿਹਾ ਜਾਂਦਾ ਹੈ ਅਤੇ ਗੁਰਦੁਆਰਾ ਲੰਗਰ ਸਾਹਿਬ ਅੱਜ ਤੋਂ ਕੰਟੇਨਮੈਂਟ ਜ਼ੋਨਾਂ ਵਿੱਚ ਨਹੀਂ ਹਨ। ਸਾਨੂੰ ਇਸ ਖੇਤਰ ਵਿੱਚ ਪਿਛਲੇ ਵੀਹ ਦਿਨਾਂ ਤੋਂ ਕੋਈ ਵੀ ਮਰੀਜ਼ ਨਹੀਂ ਮਿਲਿਆ।

# ਭਾਰਤ-ਚੀਨ ਵਿਚਾਲੇ ਤੀਜੇ ਦੌਰ ਦੀ ਮੀਟਿੰਗ ਵਿੱਚ ਸਥਿਤੀ ਜਿਉਂ ਦੀ ਤਿਉਂ ਰੱਖਣ ਦੀ ਗੱਲ ਚੱਲੀ

ਨਵੀਂ ਦਿੱਲੀ, 2 ਜੁਲਾਈ (ਪੋਸਟ ਬਿਊਰੋ)- ਪੂਰਬੀ ਲੱਦਾਖ ਦੇ ਵੱਖ-ਵੱਖੋ ਇਲਾਕਿਆਂ ਵਿੱਚ ਅਸਲ ਕੰਟਰੋਲ ਰੇਖਾ (ਐੱਲ ਏ ਸੀ) ਉੱਤੇ ਜਾਰੀ ਤਣਾਅ ਘੱਟ ਕਰਨ ਤੇ ਫੌਜ ਨੂੰ ਪਿੱਛੇ ਹਟਾਉਣ ਬਾਰੇ ਭਾਰਤ ਤੇ ਚੀਨ ਵਿਚਾਲੇ ਲੈਫਟੀਨੈਂਟ ਜਨਰਲ ਪੱਧਰ ਦੀ ਤੀਜੇ ਦੌਰ ਦੀ ਗੱਲਬਾਤ ਹੋਈ ਹੈ। ਜਾਣਕਾਰ ਸੂਤਰਾਂ ਨੇ ਦੱਸਿਆ ਕਿ ਇਹ ਗੱਲਬਾਤ ਚੁਸ਼ੂਲ ਸੈਕਟਰ 'ਚ ਐੱਲ ਏ ਸੀ (ਅਸਲ ਕੰਟਰੋਲ ਰੇਖਾ) ਨੇੜੇ ਭਾਰਤੀ ਖੇਤਰ ਵਿੱਚ ਹੋ ਰਹੀ ਹੈ।

ਵਰਨਣ ਯੋਗ ਹੈ ਕਿ ਪਹਿਲੇ ਦੋ ਗੇੜਾਂ ਦੀ ਗੱਲਬਾਤ ਵਿੱਚ ਭਾਰਤ ਨੇ ਚੀਨ ਨੂੰ ਸਪੱਸ਼ਟ ਕਿਹਾ ਸੀ ਉਹ ਐੱਲ ਏ ਸੀ ਉੱਤੇ ਪਹਿਲਾਂ ਵਾਲੀ ਸਥਿਤੀ ਰੱਖਣ ਲਈ ਗਲਵਾਨ ਘਾਟੀ, ਪੈਂਗਗੋਂਗ ਤਸੋ ਅਤੇ ਹੋਰ ਖੇਤਰਾਂ ਤੋਂ ਆਪਣੀ ਫੌਜ ਨੂੰ ਤੁਰੰਤ ਹਟਾਏ। ਪੂਰਬੀ ਲੱਦਾਖ ਵਿੱਚ ਵੱਖ-ਵੱਖ ਖੇਤਰਾਂ ਵਿੱਚ ਭਾਰਤ ਅਤੇ ਚੀਨ ਦੇ ਫੌਜੀਆਂ ਵਿਚਕਾਰ ਤਣਾਅ ਵਾਲੀ ਸਥਿਤੀ ਬਣੀ ਹੋਈ ਹੈ। ਗਲਵਾਨ ਘਾਟੀ ਵਿੱਚ 15 ਜੂਨ ਨੂੰ ਦੋਵਾਂ ਦੇਸ਼ਾਂ ਦੇ ਫੌਜੀਆਂ ਵਿਚਾਲੇ ਹਿੰਸਕ ਝੜਪ ਹੋਈ ਸੀ ਜਿਸ ਵਿੱਚ ਵੀਹ ਭਾਰਤੀ ਜਵਾਨ ਮਾਰੇ ਗਏ ਸਨ ਤੇ ਚੀਨ ਦੇ ਵੀ ਚਾਲੀ ਤੋਂ ਵੱਧ ਫੌਜੀ



ਮਾਰੇ ਗਏ ਸਨ, ਪਰ ਚੀਨ ਨੇ ਆਪਣੇ ਫੌਜੀਆਂ ਦੀ ਗਿਣਤੀ ਜਾਂ ਹੋਰ ਕੋਈ ਜਾਣਕਾਰੀ ਨਹੀਂ ਦਿੱਤੀ ਹੈ। ਉਸ ਹਿੰਸਕ ਝੜਪ ਤੋਂ ਬਾਅਦ ਦੋਵਾਂ ਦੇਸ਼ਾਂ ਵਿਚਾਲੇ ਫੌਜੀ ਪੱਧਰ 'ਤੇ ਗੱਲਬਾਤ 22 ਜੂਨ ਨੂੰ ਹੋਈ ਸੀ। ਇਹ ਮੀਟਿੰਗ ਚੀਨ ਵੱਲੋਂ ਮੋਲਡੋ 'ਚ ਹੋਈ ਸੀ ਅਤੇ ਇਸ ਵਿੱਚ ਭਾਰਤ ਨੇ ਪੂਰਬੀ ਲੱਦਾਖ ਦੇ ਪੈਂਗਗੋਂਗ ਤਸੋ ਇਲਾਕੇ ਵਿੱਚੋਂ ਚੀਨੀ ਫੌਜੀਆਂ ਨੂੰ ਹਟਾਉਣ ਦੀ ਮੰਗ ਕੀਤੀ ਸੀ। ਭਾਰਤ ਨੇ ਚੀਨ ਕੋਲ ਮੰਗ ਰੱਖੀ ਸੀ ਕਿ ਉਹ ਲੱਦਾਖ ਵਿੱਚ ਆਪਣੇ ਫੌਜੀਆਂ ਦੀ ਗਿਣਤੀ ਘਟਾ ਕੇ ਉਸ ਪੱਧਰ 'ਤੇ ਲੈ ਜਾਵੇ, ਜੋ ਅਪ੍ਰੈਲ ਵਿੱਚ ਸੀ।

ਦੋਵਾਂ ਦੇਸ਼ਾਂ ਵਿਚਾਲੇ ਪਹਿਲੇ ਦੌਰ ਦੀ ਮੀਟਿੰਗ ਛੇ ਜੂਨ ਨੂੰ ਹੋਈ ਸੀ। ਇਹ ਮੀਟਿੰਗ ਐੱਲ ਏ ਸੀ ਉੱਤੇ ਚੀਨ ਵੱਲ ਮੋਲਡੋ ਵਿੱਚ ਹੋਈ ਸੀ। ਇਸ ਵਿੱਚ ਦੋਵਾਂ ਦੇਸ਼ਾਂ ਵਿਚਾਲੇ ਵਿਵਾਦ ਸ਼ਾਂਤੀ ਪੂਰਨ ਤਰੀਕੇ ਨਾਲ ਸੁਲਝਾ ਕੇ ਆਪਸੀ ਸੰਬੰਧਾਂ ਨੂੰ ਅੱਗੇ ਵਧਾਉਣ ਦੀ ਗੱਲ ਹੋਈ ਸੀ ਅਤੇ ਗਲਵਾਨ ਘਾਟੀ ਤੋਂ ਹੌਲੀ-ਹੌਲੀ ਫੌਜੀਆਂ ਨੂੰ ਹਟਾਉਣ 'ਤੇ ਸਹਿਮਤੀ ਬਣੀ ਸੀ। ਚੀਨ ਇੱਕ ਪਾਸੇ ਗੱਲਬਾਤ ਕਰ ਰਿਹਾ ਸੀ ਤੇ ਦੂਜੇ ਪਾਸੇ ਐੱਲ ਏ ਸੀ ਉੱਤੇ ਆਪਣੇ ਫੌਜੀਆਂ ਦੀ ਗਿਣਤੀ ਵਧਾ ਰਿਹਾ ਸੀ। ਇਸ ਦੇ ਮੱਦੇਨਜ਼ਰ ਭਾਰਤ ਸਰਕਾਰ ਨੇ ਵੀ ਐੱਲ ਏ ਸੀ 'ਤੇ ਵੱਡੀ ਗਿਣਤੀ ਵਿੱਚ ਫੌਜੀਆਂ ਦੀ ਤੈਨਾਤੀ ਕਰਨੀ ਸ਼ੁਰੂ ਕੀਤੀ। ਨਾਲ ਹੀ ਫੌਜੀਆਂ ਨੂੰ ਲੋੜ ਪੈਣ 'ਤੇ ਹਥਿਆਰ ਵਰਤਣ ਦੀ ਛੋਟ ਵੀ ਦੇ ਦਿੱਤੀ।

## ਹਾਂਗਕਾਂਗ ਨੂੰ ਚੀਨ ਹੜੱਪੇਗਾ ਤਾਂ ਅਮਰੀਕਾ ਚੁੱਪ ਨਹੀਂ ਰਹੇਗਾ



ਵਾਸ਼ਿੰਗਟਨ, 2 ਜੁਲਾਈ (ਪੋਸਟ ਬਿਊਰੋ)- ਅਮਰੀਕਾ ਨੇ ਚੀਨ ਨੂੰ ਚਿਤਾਵਨੀ ਦਿੱਤੀ ਹੈ ਕਿ ਜੇਕਰ ਉਸਨੇ ਹਾਂਗਕਾਂਗ ਨੂੰ ਹੜੱਪਣ ਦੀ ਕੋਸ਼ਿਸ਼ ਕੀਤੀ ਤਾਂ ਉਹ ਚੁੱਪ ਨਹੀਂ ਬੈਠੇਗਾ। ਹਾਂਗਕਾਂਗ 'ਚ ਨਵਾਂ ਕਾਨੂੰਨ ਲਾਗੂ ਹੋਣ ਸਬੰਧੀ ਅਮਰੀਕੀ ਵਿਦੇਸ਼ ਮੰਤਰੀ ਮਾਈਕ ਪੋਂਪੀਓ ਨੇ ਕਿਹਾ ਕਿ ਹਾਂਗਕਾਂਗ ਦੇ ਲੋਕਾਂ ਲਈ ਦੁਖ ਭਰਿਆ ਦਿਨ ਹੈ। ਉਨ੍ਹਾਂ ਚੀਨ ਨੂੰ ਨਵੇਂ ਪ੍ਰਤੀਰੋਧੀ ਉਪਾਵਾਂ ਸਬੰਧੀ ਚਿਤਾਵਨੀ ਵੀ ਦਿੱਤੀ ਜਿਨ੍ਹਾਂ ਵਿੱਚ ਖੇਤਰ ਨੂੰ ਰੱਖਿਆ ਅਤੇ ਦੋਹਰੇ ਇਸਤੇਮਾਲ ਵਾਲੀ ਟੈਕਨਾਲੋਜੀ ਦੀ ਬਰਾਮਦ ਨੂੰ ਖਤਮ ਕੀਤਾ ਜਾਣਾ ਸ਼ਾਮਲ ਹੈ।

ਇਸ ਦੌਰਾਨ ਪੋਂਪੀਓ ਨੇ ਕਿਹਾ ਕਿ ਚੀਨੀ ਕਮਿਊਨਿਸਟ ਪਾਰਟੀ ਦਾ ਹਾਂਗਕਾਂਗ ਉੱਤੇ ਬੇਹੱਦ ਜ਼ਾਲਿਮ ਰਾਸ਼ਟਰੀ ਸੁਰੱਖਿਆ ਕਾਨੂੰਨ ਲਾਗੂ ਕਰਨ ਦਾ ਫੈਸਲਾ ਇਸ ਖੇਤਰ ਦੀ ਖੁਦਮੁਖਤਿਆਰੀ ਤੇ ਚੀਨ ਦੀਆਂ ਮਹਾਨ ਪ੍ਰਾਪਤੀਆਂ 'ਚੋਂ ਇੱਕ ਨੂੰ ਨਸ਼ਟ ਕਰਦਾ ਹੈ। ਅਮਰੀਕਾ ਨੇ ਹਾਂਗਕਾਂਗ 'ਚ ਲਾਗੂ ਕੀਤੇ ਰਾਸ਼ਟਰੀ ਸੁਰੱਖਿਆ ਕਾਨੂੰਨ ਦਾ ਸਖ਼ਤ ਵਿਰੋਧ ਕਰਦੇ ਹੋਏ ਕਿਹਾ ਕਿ ਉਹ ਚੁੱ-ਪਚਾਪ ਨਹੀਂ ਬੈਠੇਗਾ ਅਤੇ ਕਿਸੇ ਵੀ ਹਾਲਤ 'ਚ ਚੀਨ ਨੂੰ ਹਾਂਗਕਾਂਗ 'ਤੇ ਮਨਮਾਨਾ ਕਾਨੂੰਨ ਲਾਗੂ ਕਰਕੇ ਉਸਦੀ ਆਜ਼ਾਦੀ ਖ਼ਤਮ ਨਹੀਂ ਕਰਨ ਦੇਵੇਗਾ। ਅਮਰੀਕਾ ਦੇ ਵਿਦੇਸ਼ ਮੰਤਰਾਲਾ ਨੇ ਬਿਆਨ ਜਾਰੀ ਕਰਕੇ ਕਿਹਾ ਕਿ ਚੀਨ ਦੀ ਕਮਿਊਨਿਸਟ ਪਾਰਟੀ ਵੱਲੋਂ ਹਾਂਗਕਾਂਗ 'ਤੇ ਮਨਮਾਨਾ ਤੇ ਸਖ਼ਤ ਰਾਸ਼ਟਰੀ ਸੁਰੱਖਿਆ ਕਾਨੂੰਨ ਲਾਗੂ ਕਰਨ ਦੇ ਫੈਸਲੇ ਨਾਲ ਹਾਂਗਕਾਂਗ ਦੀ ਖੁਦਮੁਖਤਿਆਰੀ ਤੇ ਆਜ਼ਾਦੀ ਖ਼ਤਮ ਹੋ ਜਾਵੇਗੀ।

# ਤਹਿਰਾਨ 'ਚ ਮੈਡੀਕਲ ਕਲੀਨਿਕ ਵਿੱਚ ਗੈਸ ਲੀਕ ਨਾਲ ਧਮਾਕਾ, 19 ਮੌਤਾਂ





ਤਹਿਰਾਨ, 2 ਜੁਲਾਈ (ਪੋਸਟ ਬਿਊਰੋ)- ਉਤਰੀ ਤਹਿਨਾਤ ਦੇ ਇੱਕ ਮੈਡੀਕਲ ਕਲੀਨਿਕ ਵਿੱਚ ਗੈਸ ਲੀਕ ਹੋਣ ਕਾਰਨ ਹੋਏ ਧਮਾਕੇ ਵਿੱਚ 19 ਲੋਕਾਂ ਦੀ ਮੌਤ ਹੋ ਗਈ ਹੈ। ਈਰਾਨ ਦੇ ਸਰਕਾਰੀ ਟੈਲੀਵਿਜ਼ਨ ਨੇ ਇਹ ਜਾਣਕਾਰੀ ਦਿੱਤੀ ਹੈ। ਅਧਿਕਾਰੀਆਂ ਨੇ ਪਹਿਲਾਂ 13 ਲੋਕਾਂ ਦੀ ਮੌਤ ਦੀ ਖ਼ਬਰ ਦਿੱਤੀ ਸੀ। ਤਹਿਰਾਨ ਦੇ ਫ਼ਾਇਰ ਵਿਭਾਗ ਦੇ ਬੁਲਾਰੇ ਜਲਾਲ ਮਲੇਕੀ ਨੇ ਬਾਅਦ ਵਿੱਚ ਸਰਕਾਰੀ ਟੈਲੀਵਿਜ਼ਨ ਨੂੰ ਦੱਸਿਆ ਕਿ ਮਰਨ ਵਾਲਿਆਂ ਦੀ ਗਿਣਤੀ 19 ਹੋ ਗਈ ਹੈ। ਸਰਕਾਰੀ ਸਮਾਚਾਰ ਏਜੰਸੀ ਮੁਤਾਬਕ ਮਰਨ ਵਾਲਿਆਂ ਵਿੱਚ 15 ਔਰਤਾਂ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਅੱਗ ਬੁਝਾਊ ਵਿਭਾਗ ਨੇ 20 ਲੋਕਾਂ ਨੂੰ ਕੱਢ ਲਿਆ ਹੈ। ਤਹਿਰਾਨ ਦੇ ਡਿਪਟੀ ਗਵਰਨਰ ਹਾਮਿਦਰੇਜ਼ਾ ਗੌਦਰਜੀ ਨੇ ਦੱਸਿਆ ਕਿ ਇਮਾਰਤ ਵਿੱਚ ਮੈਡੀਕਲ ਗੈਸ ਟੈਂਕ ਤੋਂ ਗੈਸ ਲੀਕ ਹੋਣ ਕਾਰਨ ਇੱਕ ਧਮਾਕਾ ਹੋਇਆ ਤੇ ਅੱਗ ਲੱਗ ਗਈ। ਸਰਕਾਰੀ ਟੈਲੀਵੀਜ਼ਨ ਦਾ ਕਹਿਣਾ ਹੈ ਕਿ ਉਥੇ ਹੋਰ ਧਮਾਕੇ ਹੋਣ ਦਾ ਡਰ ਬਣਿਆ ਹੋਇਆ ਹੈ ਕਿਉਂਕਿ ਮੈਡੀਕਲ ਸੈਂਟਰ ਵਿੱਚ ਹਾਲੇ ਕਈ ਹੋਰ ਆਕਸੀਜ਼ਨ ਟੈਂਕ ਮੌਜੂਦ ਹੈ। ਮੌਕੇ ਦੇ ਗਵਾਹ ਮਰਜਾਨ ਹੀਘੀਘੀ ਨੇ ਦੱਸਿਆ ਕਿ ਪੁਲਸ ਨੇ ਨੇੜੇ-ਤੇੜੇ ਦੀਆਂ ਸਾਰੀਆਂ ਸੜਕਾਂ 'ਤੇ ਰੁਕਾਵਟਾਂ ਲਗਾ ਦਿੱਤੀਆਂ ਹਨ।

## ਸਿਆਟਲ ਦਾ ਕੈਪੀਟਲ ਹਿੱਲ ਏਰੀਆ ਪ੍ਰਦਰਸ਼ਨ ਕਰਨ ਵਾਲਿਆਂ ਤੋਂ ਖਾਲੀ ਕਰਵਾਇਆ ਗਿਆ

ਸਿਆਟਲ, 2 ਜੁਲਾਈ (ਪੋਸਟ ਬਿਊਰੋ)- ਬੀਤੇ ਕਈ ਦਿਨਾਂ ਤੋਂ ਸਿਆਟਲ ਡਾਊਨ ਟਾਊਨ ਦੇ ਕੈਪੀਟਿਲ ਏਰੀਏ ਦੇ ਕਾਫ਼ੀ ਹਿੱਸੇ ਨੂੰ ਪ੍ਰਦਰਸ਼ਨਕਾਰੀਆਂ ਨੇ ਬੈਰੀਕੇਡ ਲਾ ਕੇ ਬੰਦ ਕੀਤਾ ਹੋਇਆ ਸੀ ਤੇ ਰੋਜ਼ ਨਸਲਵਾਦ ਦੇ ਖ਼ਿਲਾਫ਼ ਪ੍ਰਦਰਸ਼ਨ ਚੱਲ ਰਿਹਾ ਸੀ। ਕਈ ਪ੍ਰਦਰਸ਼ਨਕਾਰੀਆਂ ਨੇ ਆਪਣੇ ਟੈਂਟ ਲਾ ਕੇ ਵੀ ਸੜਕਾਂ ਬੰਦ ਕੀਤੀਆਂ ਹੋਈਆਂ ਹਨ।

ਕੱਲ੍ਹ ਸਵੇਰੇ ਸਿਆਟਲ ਟਰਾਂਸਪੋਰਟੇਸ਼ਨ ਦੇ ਅਧਿਕਾਰੀ ਭਾਰੀ ਅਮਲੇ ਸਣੇ ਮਸ਼ੀਨਰੀ ਲੈ ਕੇ ਇਥੇ ਆਏ ਅਤੇ ਆਪਣੀ ਕਰਾਵਾਈ ਸ਼ੁਰੂ ਕੀਤੀ। ਉਨ੍ਹਾਂ ਨੇ ਕਾਫ਼ੀ ਬੈਰੀਕੇਡ ਹਟਾ ਕੇ ਰਸਤੇ ਸਾਫ਼ ਕੀਤੇ ਤੇ ਕਾਫ਼ੀ ਵੱਡੇ ਏਰੀਏ ਨੂੰ ਦੁਬਾਰਾ ਖੋਲ੍ਹ ਦਿੱਤਾ। ਸਿਆਟਲ ਸਿਟੀ ਵੱਲੋਂ ਅਮਲੇ ਦੀ ਮਦਦ ਲਈ ਕਈ ਵੱਡੇ ਅਫ਼ਸਰ ਮੌਕੇ ਉੱਤੇ ਮੌਜੂਦ ਰਹੇ। ਭਾਰੀ ਪੁਲਸ ਫੋਰਸ ਵੀ ਲਾਈ ਹੋਈ ਸੀ। ਪ੍ਰਦਰਸ਼ਨਕਾਰੀਆਂ ਨੇ ਸੜਕਾਂ ਵਿੱਚ ਟੁੱਟਾ-ਫੁੱਟਾ ਫਰਨੀਚਰ, ਗਾਂਰਬੇਜ ਕੇਨ ਅਤੇ ਪਲਾਈਵੁੱਡ ਅਤੇ ਚੀਜ਼ਾਂ ਰੱਖ ਕੇ ਸੜਕਾਂ ਨੂੰ ਬੰਦ ਕੀਤਾ ਸੀ, ਜੋ ਕਾਫ਼ੀ ਹੱਦ ਤੱਕ ਹਟਾ ਦਿੱਤੇ ਗਏ।

ਸਿਆਟਲ ਦੀ ਮੇਅਰ ਜੈਨੀ ਦਰਕਨ ਨੇ ਪਹਿਲਾਂ ਵੀ ਕਿਹਾ ਸੀ ਕਿ ਇਸ ਹਫ਼ਤੇ ਦੇ ਅੰਤ ਤੱਕ ਅਸੀਂ ਕੈਪੀਟਿਲ ਹਿੱਲ ਏਰੀਏ ਨੂੰ ਪ੍ਰਦਰਸ਼ਨਕਾਰੀਆਂ ਤੋਂ ਖਾਲੀ ਕਰਾ ਲਵਾਂਗੇ। ਉਨ੍ਹਾਂ ਕੱਲ੍ਹ ਕਿਹਾ ਕਿ ਸੜਕਾਂ ਖਾਲੀ ਕਰਾਉਣ ਦੀ ਕਾਰਵਾਈ ਅਮਨ-ਅਮਾਨ ਨਾਲ ਹੋਈ, ਕੋਈ ਵਿਰੋਧ ਨਹੀਂ ਹੋਇਆ। ਕੈਪੀਟਿਲ ਹਿੱਲ ਏਰੀਆ ਸਿਆਟਲ ਦੇ ਰੁੱਝੇ ਹੋਏ ਇਲਾਕਿਆਂ ਵਿੱਚੋਂ ਹੈ, ਇਥੇ ਜ਼ਿਆਦਾ ਰੈਸਟੋਰੈਂਟ, ਨਾਈਟ ਕਲੱਬ ਅਤੇ ਬਾਰ ਹਨ ਤੇ ਜ਼ਿਆਦਾਤਰ ਨੌਜਵਾਨ ਇਸ ਏਰੀਏ ਵਿੱਚ ਜਾਂਦੇ ਹਨ ਤੇ ਰਾਤ ਨੂੰ ਇਥੇ ਹਮੇਸ਼ਾ ਰੌਣਕਾਂ ਰਹਿੰਦੀਆਂ ਹਨ ਪਰ ਕੋਰੋਨਾ ਤੋਂ ਬਾਅਦ ਇਥੇ ਬੇਰੌਣਕੀ ਪੱਸਰੀ ਹੋਈ ਹੈ ਤੇ ਉਪਰੋਂ ਨਸਲਵਾਦ ਦੇ ਖ਼ਿਲਾਫ਼ ਪ੍ਰਦਰਸ਼ਨਾਂ ਨੇ ਇਥੇ ਕਾਰੋਬਾਰ ਖ਼ਤਮ ਦੇ ਬਰਾਬਰ ਕੀਤਾ ਹੋਇਆ ਹੈ।

## ਚੀਨ ਦੀ ਸਰਕਾਰ ਵੱਲੋਂ ਚਾਰ ਅਮਰੀਕੀ ਅਦਾਰਿਆਂ ਉੱਤੇ ਸ਼ਿਕੰਜਾ



ਬੀਜਿੰਗ, 2 ਜੁਲਾਈ (ਪੋਸਟ ਬਿਊਰੋ)- ਚੀਨ ਨੇ ਅਮਰੀਕਾ ਦੇ ਚਾਰ ਮੀਡੀਆ ਅਦਾਰਿਆਂ ਨੂੰ ਆਪਣੇ ਕੰਮਾਂ ਬਾਰੇ ਵੇਰਵਾ ਪੇਸ਼ ਕਰਨ ਨੂੰ ਕਿਹਾ ਹੈ। ਵਿਦੇਸ਼ ਮੰਤਰ-ਾਲੇ ਨੇ ਕਿਹਾ ਹੈ ਕਿ ਉਸ ਨੇ ਇਹ ਕਦਮ ਅਮਰੀਕਾ ਵੱਲੋਂ ਚੀਨ ਦੇ ਮੀਡੀਆ ਸੰਸਥਾਨਾਂ 'ਤੇ ਕੀਤੀ ਗਈ ਕਾਰਵਾਈ ਦੇ ਵਿਰੋਧ 'ਚ ਚੁੱਕਿਆ ਹੈ।

ਇਸ ਸੰਬੰਧ ਵਿੱਚ ਚੀਨ ਦੇ ਵਿਦੇਸ਼ ਮੰਤਰਾਲੇ ਦੇ ਬੁਲਾਰੇ ਝਾਓ ਲਿਝਿਆਨ ਨੇ ਆਪਣੀ ਰੈਗੂਲਰ ਪ੍ਰੈੱਸ ਬ੍ਰੀਫਿੰਗ 'ਚ ਦੱਸਿਆ ਕਿ ਐਸੋਸੀਏਟਿਡ ਪ੍ਰੈੱਸ (ਏ ਪੀ), ਯੂ ਪੀ ਆਈ, ਸੀ ਬੀ ਐਸ ਤੇ ਨੈਸ਼ਨਲ ਪਬਲਿਕ ਰੇਡੀਓ ਨੂੰ ਸੱਤ ਦਿਨਾਂ ਦੇ ਅੰਦਰ ਚੀਨ 'ਚ ਆਪਣੇ ਮੁਲਾਜ਼ਮਾਂ, ਵਿੱਤੀ ਸੰਚਾਲਨ ਤੇ ਅਚੱਲ ਜਾਇਦਾਦ ਬਾਰੇ ਜਾਣਕਾਰੀ ਦੇਣੀ ਪਵੇਗੀ। ਲਿਝਿਆਨ ਨੇ ਕਿਹਾ ਕਿ ਅਸੀਂ ਅਮਰੀਕਾ ਨੂੰ ਸੁਚੇਤ ਕਰਦੇ ਹਾਂ ਕਿ ਉਹ ਆਪਣੀ ਗਲਤੀ ਸੁਧਾਰੇ ਅਤੇ ਚੀਨੀ ਮੀਡੀਆ ਸੰਸਥਾਨਾਂ ਦਾ ਸਿਆਸੀ ਦਮਨ ਰੋਕੇ ਤੇ ਉਨ੍ਹਾਂ 'ਤੇ ਲਾਈਆਂ ਪਾਬੰਦੀਆਂ ਹਟਾਏ। ਵਰਨਣ ਯੋਗ ਹੈ ਕਿ ਪਿਛਲੇ ਕੁਝ ਮਹੀਨਿਆਂ ਤੋਂ ਚੀਨ ਤੇ ਅਮਰੀਕਾ ਇੱਕ ਦੂਜੇ ਦੇ ਮੀਡੀਆ ਸੰਸਥਾਨਾਂ ਤੇ ਉਨ੍ਹਾਂ ਦੇ ਮੁਲਾਜ਼ਮਾਂ ਖਿਲਾਫ ਕਾਰਵਾਈ ਕਰ ਰਹੇ ਹਨ। ਕੁਝ ਦਿਨ ਪਹਿਲਾਂ ਅਮਰੀਕਾ ਨੇ ਚੀਨ ਦੇ ਚਾਰ ਮੀਡੀਆ ਸੰਸਥਾਨਾਂ ਨੂੰ ਵਿਦੇਸ਼ੀ ਮਿਸ਼ਨ ਦਾ ਦਰਜਾ ਦਿੱਤਾ ਸੀ। ਇਸ ਤੋਂ ਪਹਿਲਾਂ ਉਹ ਫਰਵਰੀ ਵਿੱਚ ਪੰਜ ਚੀਨੀ ਮੀਡੀਆ ਸੰਸਥਾਨਾਂ ਨੂੰ ਵਿਦੇਸ਼ ਮਿਸ਼ਨ ਦਾ ਦਰਜਾ ਦੇ ਚੁੱਕਿਆ ਸੀ। ਮਾਰਚ ਵਿੱਚ ਚੀਨ ਨੇ ਅਮਰੀਕਾ ਦੇ ਦੋ ਦਰਜਨ ਪੱਤਰਕਾਰਾਂ ਨੂੰ ਕੱਢ ਦਿੱਤਾ ਸੀ। ਜਿਨ੍ਹਾਂ ਪੱਤਰਕਾਰਾਂ ਨੂੰ ਦੇਸ਼ ਛੱਡਣ ਲਈ ਕਿਹਾ ਗਿਆ ਸੀ, ਉਨ੍ਹਾਂ ਵਿੱਚ ਨਿਊ ਯਾਰਕ ਟਾਈਮਜ਼, ਵਾਲ ਸਟਰੀਟ ਜਰਨਲ, ਵਾਸ਼ਿੰਗਟਨ ਪੋਸਟ ਦੇ ਰਿਪੋਰਟਰ ਸਨ।

## ਬੋਸਟਨ ਵਿੱਚ ਲਿੰਕਨ ਦੀ ਮੂਰਤੀ ਅੱਗੇ ਗੋਡਿਆਂ ਭਾਰ ਬੈਠੇ ਗ਼ੁਲਾਮ ਦੀ ਮੂਰਤੀ ਹਟਾਈ

ਬੋਸਟਨ, 2 ਜੁਲਾਈ (ਪੋਸਟ ਬਿਊਰੋ)- ਅਮਰੀਕਾ ਦੇ ਬੋਸਟਨ ਸ਼ਹਿਰ ਵਿੱਚ ਕਲਾ ਆਯੋਗ ਨੇ ਉਸ ਮੂਰਤੀ ਨੂੰ ਹਟਾਉਣ ਲਈ ਸਹਿਮਤੀ ਨਾਲ ਵੋਟਿੰਗ ਕੀਤੀ, ਜਿਸ ਵਿੱਚ ਮੁਕਤ ਕੀਤੇ ਗਏ ਇੱਕ ਗੁਲਾਮ ਨੂੰ ਇਬਰਾਹਿਮ ਲਿੰਕਨ ਦੇ ਪੈਰਾਂ ਵਿੱਚ ਗੋਡੀਆਂ ਭਰ ਝੁਕੇ ਹੋਏ ਦਿਖਾਇਆ ਗਿਆ ਹੈ।

ਜਾਰਜ ਫਲਾਇਡ ਦੀ ਪੁਲਸ ਹਿਰਾਸਤ ਵਿੱਚ ਮੌਤ ਤੋਂ ਬਾਅਦ ਦੇਸ਼ ਵਿੱਚ ਗੁਲਾਮ ਪ੍ਰਥਾ ਦੇ ਪ੍ਰਤੀਕਾਂ ਵਿਰੁੱਧ ਵਧ ਰਹੇ ਗੁੱਸੇ ਦੌਰਾਨ ਵਿਭਾਗ ਨੂੰ ਇਮੈਨਿਸਪੇਸ਼ਨ ਮੈਮੋਰੀਅਲ ਬਾਰੇ ਕਾਫ਼ੀ ਸ਼ਿਕਾਇਤਾਂ ਮਿਲੀਆਂ ਸਨ। ਇਹ ਮੂਰਤੀ ਬੋਸਟਨ ਕਾਮਨ ਦੇ ਨੇੜੇ ਇੱਕ ਪਾਰਕ ਵਿੱਚ ਸਾਲ 1879 ਤੋਂ ਲੱਗੀ ਹੈ। ਇਹ ਮੂਰਤੀ ਇਸ ਤੋਂ ਤਿੰਨ ਸਾਲ ਪਹਿਲਾਂ ਵਾਸ਼ਿੰਗਟਨ ਡੀ ਸੀ ਵਿੱਚ ਬਣਾਈ ਗਈ ਸੀ। ਇਸ ਮੂਰਤੀ ਨੂੰ ਬੋਸਟਨ ਵਿੱਚ ਇਸ ਲਈ ਲਾਇਆ ਗਿਆ ਹੈ ਕਿ ਇਸ ਸ਼ਹਿਰ ਵਿੱਚ ਇਸ ਮੂਰਤੀ ਨੂੰ ਬਣਾਉਣ ਵਾਲੇ ਗੋਰੇ ਸ਼ਿਲਪਕਾਰ ਥਾਮਸ ਬਾਲ ਦਾ ਘਰ ਹੈ। ਇਹ ਮੂਰਤੀ ਅਮਰੀਕਾ ਵਿੱਚ ਗੁਲਾਮਾਂ ਨੂੰ ਮੁਕਤ ਕਰਨ ਦੇ ਜਸ਼ਨ ਦੇ ਤੌਰ 'ਤੇ ਲਾਈ ਗਈ ਸੀ, ਪਰ ਲੋਕਾਂ ਨੇ ਗੈਰ



ਗੋਰੇ ਵਿਅਕਤੀ ਦੇ ਲਿੰਕਨ ਦੇ ਸਾਹਮਣੇ ਗੋਡਿਆਂ ਭਾਰ ਝੁਕਣ ਨੂੰ ਲੈ ਕੇ ਇਤਰਾਜ਼ ਕੀਤਾ ਹੈ। ਇਸ ਮੂਰਤੀ ਨੂੰ ਹਟਾਉਣ ਲਈ 12000 ਤੋਂ ਵਧੇਰੇ ਲੋਕਾਂ ਨੇ ਦਸਖਤ ਕੀਤੇ ਹਨ। ਅਧਿਕਾਰੀਆਂ ਨੇ ਇਸ ਨੂੰ ਹਟਾਉਣ ਦੀ ਅਜੇ ਕੋਈ ਤਰੀਕ ਤੈਅ ਨਹੀਂ ਕੀਤੀ ਅਤੇ ਕਿਹਾ ਕਿ 14 ਜੁਲਾਈ ਨੂੰ ਅਗਲੀ ਬੈਠਕ ਵਿੱਚ ਇਸ 'ਤੇ ਫ਼ੈਸਲਾ ਲਿਆ ਜਾਵੇਗਾ।

## ਜਾਰਜ ਫਲਾਇਡ ਦੀ ਮੌਤ ਦੇ ਦੋਸ਼ੀ ਪੁਲਸੀਆਂ ਦੀ ਸੁਣਵਾਈ ਮਾਰਚ 2021 'ਤੇ ਜਾ ਪਈ

ਸਾਨ ਫਰਾਂਸਿਸਕੋ, 2 ਜੁਲਾਈ (ਪੋਸਟ ਬਿਊਰੋ)- ਅਮਰੀਕਾ ਦੇ ਮਿਨੀਪੋਲਿਸ ਵਿੱਚ ਗੈਰ ਗੋਰੇ ਮੂਲ ਦੇ ਅਮਰੀਕੀ ਜਾਰਜ ਫਲਾਇਡ ਦੀ ਮੌਤ ਦੇ ਦੋਸ਼ 'ਚ ਮਿਨੀਐਪੋਲਿਸ ਪੁਲਸ ਦੇ ਚਾਰ ਸਾਬਕਾ ਅਫ਼ਸਰਾਂ ਲਈ ਇੱਕ ਜੱਜ ਨੇ ਮਾਰਚ 2021 ਦੀ ਮੁਕੱਦਮੇ ਦੀ ਤਾਰੀਖ਼ ਤਹਿ ਕੀਤੀ ਹੈ, ਪਰ ਇਸ ਬਾਰੇ ਕਾਫੀ ਅਸਪੱਸ਼ਟਤਾ ਬਣੀ ਹੋਈ ਹੈ ਕਿ ਇਹ ਕੇਸ ਏਥੇ ਕਿਸ ਤਰ੍ਹਾਂ ਸਾਹਮਣੇ ਆਵੇਗਾ। ਚਾਰ ਸਾਬਕਾ ਅਫ਼ਸਰਾਂ ਵਿੱਚੋਂ ਤਿੰਨ ਸਾਂਝੀ ਸੁਣਵਾਈ ਲਈ ਕੱਲ੍ਹ ਨੂੰ ਹੈਨੇਪਿਨ ਕਾਉਂਟੀ ਦੀ ਕਚਹਿਰੀ ਵਿੱਚ ਪੇਸ਼ ਹੋਏ, ਜਿਨ੍ਹਾਂ ਨੂੰ ਸਭ ਤੋਂ ਗੰਭੀਰ ਦੋਸ਼ਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਡੇਰੇਕ ਚੌਵਿਨ, ਜਿਸ ਨੂੰ ਵੀਡੀਓ ਵਿੱਚ ਫਲਾਈਡ ਦੇ ਗਲੇ ਉਤੇ ਗੋਡਾ ਰੱਖਦੇ ਦਿਖਾਇਆ ਗਿਆ ਸੀ, ਦੂਰ-ਦੁਰਾਡੇ ਸਟੇਟ ਦੀ ਜੇਲ੍ਹ ਤੋਂ ਪੇਸ਼ ਹੋਇਆ। ਇਹ ਸਾਫ ਨਹੀਂ ਕਿ ਕੁਝ ਜਾਂ ਸਾਰੇ ਅਧਿਕਾਰੀਆਂ ਦੀ ਇਕੱਠੇ ਜਾਂ ਵੱਖਰੇ ਤੌਰ 'ਤੇ ਸੁਣਵਾਈ ਕੀਤੀ ਜਾਵੇਗੀ, ਜਦੋਂ ਕਿ ਵਕੀਲ ਇਕੱਠੇ ਮੁਕੱਦਮੇ ਲਈ ਜ਼ੋਰ ਪਾ ਰਹੇ ਹਨ। ਬਚਾਅ ਪੱਖ ਦੇ ਵਕੀਲਾਂ ਵੱਲੋਂ ਵੱਖਰੇ ਮੁਕੱਦਮੇ ਚਲਾਉਣ ਦੀ ਚਾਰਜੋਈ ਕੀਤੀ ਜਾ ਰਹੀ ਹੈ। ਵਰਨਣ ਯੋਗ ਹੈ ਕਿ ਚੌਵਿਨ ਉਤੇ ਦੂਜੀ ਡਿਗਰੀ ਦੇ ਕਤਲ ਦਾ ਦੋਸ਼ ਲਾਇਆ ਗਿਆ ਸੀ, ਬਾਕੀ ਤਿੰਨ ਟੌ ਥਾਓ, ਥਾਮਸ ਕੇ ਲੇਨ ਅਤੇ ਜੇ ਐਲਗਜ਼ੈਂਡਰ 'ਤੇ ਚੌਵਿਨ ਨੂੰ ਸਹਾਇਤਾ ਦੇਣ ਅਤੇ ਫਲਾਇਡ ਨਾਲ ਬਦਸਲੂਕੀ ਕਰਨ ਦੇ ਦੋਸ਼ ਲਗਾਏ ਗਏ ਸਨ।

### ਅਮਰੀਕਾ 'ਚ ਸਿੱਖਾਂ ਦੀ ਵੱਡੀ ਪ੍ਰਾਪਤੀ

## ਨਿਊਜਰਸੀ ਸੂਬੇ ਦੀ ਸੈਨੇਟ ਅਤੇ ਅਸੈਂਬਲੀ ਨੇ ਅਹਿਮ ਬਿੱਲ ਸਾਂਝੇ ਤੌਰ ਉੱਤੇ ਪਾਸ ਕੀਤਾ

ਨਿਊਜਰਸੀ, 2 ਜੁਲਾਈ (ਪੋਸਟ ਬਿਊਰੋ)- ਬੀਤੀ 29 ਜੂਨ ਦਾ ਦਿਨ ਵਿਸ਼ਵ ਦੇ ਸਿੱਖਾਂ ਲਈ ਨਿਵੇਕਲੀ ਖ਼ੁਸ਼ਖ਼ਬਰੀ ਲੈ ਕੇ ਆਇਆ ਹੈ। ਅਮਰੀਕਾ ਦੇ ਨਿਊਜਰਸੀ ਸੂਬੇ ਦੀ ਸੈਨੇਟ ਅਤੇ ਐਸੰਬਲੀ ਨੇ ਇੱਕ ਸਾਂਝ ਬਿੱਲ ਪਾਸ ਕੀਤਾ ਹੈ। ਇਸ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸੈਨੇਟ ਅਤੇ ਐਸੰਬਲੀ ਨੇ ਧਾਰਮਿਕ, ਸੱਭਿਆਚਾਰਕ ਤੇ ਬਾਕੀ ਧਰਮਾਂ ਨਾਲ ਸਾਂਝ ਬਣਾਈ ਰੱਖਣ ਦਾ ਦਰਜਾ ਦਿੱਤਾ ਹੈ। ਇਸ ਦੇ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਜਾਗਤ ਜੋਤ ਗੁਰੂ ਵਜੋਂ ਪਰਵਾਨ ਕੀਤਾ ਹੈ। ਇਸ ਬਿੱਲ ਵਿੱਚ ਸਿੱਖ ਕੌਮ ਨੂੰ ਵੱਖਰਾ ਧਰਮ ਅਤੇ ਘੱਟ ਗਿਣਤੀ ਧਰਮ ਐਲਾਨਿਆ ਗਿਆ।

ਇਸ ਬਾਰੇ ਜਾਣਕਾਰੀ ਦਿੰਦੇ ਹੋਏ ਸ਼੍ਰੋਮਣੀ ਅਕਾਲੀ



ਦਲ ਅੰਮ੍ਰਿਤਸਰ ਅਮਰੀਕਾ ਦੇ ਕਨਵੀਨਰ ਬੂਟਾ ਸਿੰਘ ਖੜੌਦ ਨੇ ਦੱਸਿਆ ਕਿ ਇਸ ਬਿੱਲ ਨੂੰ ਸੈਨੇਟ ਅਤੇ ਐਸੰਬਲੀ ਵਿੱਚ ਕ੍ਰਮਵਾਰ ਪਿਛਲੇ ਦਸੰਬਰ ਅਤੇ ਇਸ ਸਾਲ ਫਰਵਰੀ ਵਿੱਚ ਪੇਸ਼ ਕੀਤਾ ਗਿਆ ਸੀ, ਪਰ ਇਸ ਸਾਲ 15 ਮਾਰਚ ਨੂੰ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਅਮਰੀਕਾ ਦੇ ਪ੍ਰਤੀਨਿਧਾਂ ਵੱਲੋਂ ਮੈਜਾਰਟੀ ਸੈਨੇਟ ਆਫਿਸ ਨਾਲ ਮੀਟਿੰਗ ਕਰ ਕੇ ਬਿੱਲ ਵਿੱਚ ਕੁਝ ਸੋਧਾਂ ਕਰ ਕੇ ਦਰੁਸਤ ਕੀਤਾ ਗਿਆ ਸੀ ਅਤੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੀ ਸਹਿਮਤੀ ਤੋਂ ਬਾਅਦ ਦੁਬਾਰਾ ਸੈਨੇਟ ਵਿੱਚ 22 ਜੂਨ ਨੂੰ ਪੇਸ਼ ਕੀਤਾ ਗਿਆ। ਇਸ ਬਿੱਲ ਦੇ ਸਪੌਂਸਰ ਮਿਸਟਰ ਸਟੀਫਨ ਸਬੀਨੀ, ਜੋ ਨਿਊਜਰਸੀ ਸਟੇਟ ਦੀ ਸੈਨੇਟ ਦੇ ਪ੍ਰਧਾਨ ਹਨ ਅਤੇ ਕੋ-ਸਪਾਂਸਰ ਪੈਟਰਿਕ ਡੀਗਨੈਨ ਹਨ। ਮਿਸਟਰ ਪੈਟਰਿਕ ਡੀਗਨੈਨੇ ਦੀਆਂ ਕੋਸ਼ਿਸ਼ਾਂ ਸਦਕਾ ਇਹ ਪ੍ਰਸਤਾਵ ਸੈਨੇਟ ਵਿੱਚ 29 ਜੂਨ ਨੂੰ 37-0 ਦੀ ਬਹੁਗਿਣਤੀ ਨਾਲ ਪਾਸ ਕਰ ਦਿੱਤਾ ਗਿਆ।

## ਹਵਾਈ ਮਾਰਗ ਰਾਹੀਂ ਮਾਲ ਢੁਆਈ ਮਈ ਵਿੱਚ 20 ਫੀਸਦੀ ਘਟੀ

ਜਿਨੇਵਾ, 2 ਜੁਲਾਈ (ਪੋਸਟ ਬਿਊਰੋ)- ਕੋਵਿਡ-19 ਮਹਾਮਾਰੀ ਕਾਰਨ ਜਾਰੀ ਪਾਬੰਦੀਆਂ ਅਤੇ ਮੰਗ ਵਿੱਚ ਆਈ ਕਮੀ ਨਾਲ ਸੰਸਾਰਿਕ ਪੱਧਰ 'ਤੇ ਹਵਾਈ ਮਾਰਗ ਰਾਹੀਂ ਮਾਲ ਢੁਆਈ ਵਿੱਚ ਮਈ 'ਚ 20 ਫੀਸਦੀ ਦੀ ਗਿਰਾਵਟ ਦਰਜ ਕੀਤੀ ਗਈ। ਕੌਮਾਂਤਰੀ ਹਵਾਈ ਟ੍ਰਾਂਸਪੋਰਟ ਐਸੋਸੀਏਸ਼ਨ (ਆਇਟਾ) ਇਸ ਬਾਰੇ ਟਨ ਪ੍ਰਤੀ ਕਿਲੋਮੀਟਰ 'ਚ ਮਾਲ ਢੁਆਈ ਦੇ ਅੰਕੜੇ ਜਾਰੀ ਕਰਦਾ ਹੈ। ਇਸ ਸਾਲ ਅਪ੍ਰੈਲ 'ਚ ਇਸ 'ਚ 25 ਫੀਸਦੀ ਗਿਰਾਵਟ ਦਰਜ ਹੋਈ ਸੀ। ਆਇਟਾ ਦੇ ਮੈਨੇਜਿੰਗ ਡਾਇਰੈਕਟਰ ਅਲੈਗਜੈਂਡਰ ਜੀ ਜੁਨਾਇਕ ਨੇ ਦੱਸਿਆ ਕਿ ਮਾਲ ਢੁਆਈ ਦੀ ਮੰਗ ਵਿੱਚ ਕਮੀ ਅਤੇ ਯਾਤਰੀ ਉਡਾਣਾਂ ਦੇ ਲੱਗਭਗ ਬੰਦ ਰਹਿਣ ਨਾਲ ਮਈ 'ਚ ਮਾਲ ਢੁਆਈ ਦੀ ਸਮਰੱਥਾ 'ਚ ਵੀ ਸਾਲ ਦਰ ਸਾਲ ਆਧਾਰ 'ਤੇ 37 ਫੀਸਦੀ ਕਮੀ ਆਈ ਸੀ। ਕਾਰਗੋ ਮਾਲ ਢੁਆਈ ਕਾਰੋਬਾਰ ਦੇ ਭਵਿੱਖ ਬਾਰੇ ਕਾਫੀ ਅਨਿਸ਼ਚਿਤਤਾ ਹੈ। ਉਂਜ ਇਸ ਦਾ ਦ੍ਰਿਸ਼ ਯਾਤਰੀ ਜਹਾਜ਼ ਸੇਵਾ ਕਾਰੋਬਾਰੀ ਦੀ ਤੁਲਨਾ 'ਚ ਬਿਹਤਰ ਹੈ। ਮੰਦੀ ਕਦੋਂ ਤੱਕ ਰਹੇਗੀ ਅਤੇ ਕਿੰਨੀ ਵਧੇਗੀ, ਇਸ ਦਾ ਅੰਦਾਜ਼ਾ ਲਾਉਣਾ ਔਖਾ ਹੈ। ਮਈ 'ਚ ਹਵਾਈ ਮਾਰਗ ਰਾਹੀਂ ਮਾਲ ਢੁਆਈ ਦੀ ਮੰਗ 'ਚ ਯੂਰਪ 'ਚ ਸਭ ਤੋਂ ਵੱਧ 29.5 ਫੀਸਦੀ ਘਟੀ ਹੈ। ਲੈਟਿਨ ਅਮਰੀਕਾ 'ਚ 28.3 ਫੀਸਦੀ, ਪੱਛਮੀ ਏਸ਼ੀਆ ਵਿੱਚ 25.2 ਫੀਸਦੀ ਅਤੇ ਏਸ਼ੀਆ, ਪ੍ਰਸ਼ਾਂਤ ਖੇਤਰ 'ਚ 24.2 ਫੀਸਦੀ ਦੀ ਗਿਰਾਵਟ ਦਰਜ ਕੀਤੀ ਗਈ ਹੈ। ਅਫਰੀਕਾ ਵਿੱਚ 7.4 ਫੀਸਦੀ ਅਤੇ ਉਤਰੀ ਅਮਰੀਕਾ 'ਚ 3.6 ਫੀਸਦੀ ਦੀ ਗਿਰਾਵਟ ਰਹੀ ਹੈ।

## ਨੇਪਾਲ ਦੇ ਪ੍ਰਧਾਨ ਮੰਤਰੀ ਕੇ ਪੀ ਸ਼ਰਮਾ ਓਲੀ ਦੀ ਕੁਰਸੀ ਖ਼ਤਰੇ ਵਿੱਚ

ਕਾਠਮਾਂਡੂ, 2 ਜੂਨ (ਪੋਸਟ ਬਿਊਰੋ)- ਚੀਨ ਦੇ ਇਸ਼ਾਰੇ 'ਤੇ ਚੱਲਣ ਵਾਲੇ ਅਤੇ ਭਾਰਤ ਵਿਰੁਧੀ ਭਾਵਨਾਵਾਂ ਨੂੰ ਹਵਾ ਦੇਣ ਰਹੇ ਨੇਪਾਲ ਦੇ ਪ੍ਰਧਾਨ ਮੰਤਰੀ ਕੇ ਪੀ ਸ਼ਰਮਾ ਓਲੀ ਦੀ ਕੁਰਸੀ ਖ਼ਤਰੇ ਵਿੱਚ ਪੈ ਗਈ ਹੈ।

ਕੱਲ੍ਹ ਸਤਾਧਾਰੀ ਨੇਪਾਲੀ ਕਮਯੂਨਿਸਟ ਪਾਰਟੀ (ਐਨ ਸੀ ਪੀ) ਦੇ ਕੋ-ਪ੍ਰਧਾਨ ਪੁਸ਼ਪ ਕਮਲ ਦਹਿਲ 'ਪ੍ਰਚੰਡ' ਅਤੇ ਹੋਰ ਵੱਡੇ ਨੇਤਾਵਾਂ ਨੇ ਪ੍ਰਧਾਨ ਮੰਤਰੀ ਕੇ ਪੀ ਸ਼ਰਮਾ ਓਲੀ ਤੋਂ ਅਸਤੀਫਾ ਮੰਗ ਲਿਆ ਹੈ। ਉਨ੍ਹਾਂ ਨੇ ਓਲੀ ਉਤੇ ਸਰਕਾਰ ਚਲਾਉਣ ਵਿੱਚ ਨਾਕਾਮ ਰਹਿਣ ਦਾ ਦੋਸ਼ ਲਾਇਆ ਹੈ। ਇਨ੍ਹਾਂ ਨੇਤਾਵਾਂ ਨੇ ਓਲੀ ਉਤੇ ਕਈ ਮੁੱਦਿਆਂ ਨੂੰ ਹੱਲ ਕਰਨ ਵਿੱਚ ਨਾਕਾਮ ਰਹਿਣ ਦਾ ਦੋਸ਼ ਵੀ ਲਾਇਆ ਹੈ। ਕਾਠਮਾਂਡੂ ਪੋਸਟ ਦੇ ਅਨੁਸਾਰ ਕੱਲ੍ਹ ਪਾਰਟੀ ਦੀ ਸਟੈਂਡਿੰਗ ਕਮੇਟੀ ਦੀ ਬੈਠਕ ਵਿੱਚ ਪੁਸ਼ਪ ਕਮਲ ਦਹਿਲ ਦੇ ਨਾਲ ਪਾਰਟੀ ਦੇ ਹੋਰ ਮੁੱਖ ਨੇਤਾਵਾਂ ਮਾਧਵ ਨੇਪਾਲ, ਝਾਲਾ ਨਾਥ ਖਨਾਲ ਤੇ ਬਾਮਦੇਵ ਗੌਤਮ ਆਦਿ ਨੇ ਵੀ ਪ੍ਰਧਾਨ ਮੰਤਰੀ ਓਲੀ ਤੋਂ ਅਸਤੀਫਾ ਦੇਣ ਦੀ ਮੰਗ ਜ਼ੋਰ ਕੀਤੀ। ਐਨ ਸੀ ਪੀ ਦੇ ਕਾਰਜਕਾਰੀ ਸਾਬਕਾ ਦਹਿਲ ਪਹਿਲੇ ਵੀ ਖੁਲ੍ਹ ਕੇ ਓਲੀ ਦੀ ਆਲੋਚਨਾ ਦੇ ਨਾਲ ਉਨ੍ਹਾਂ ਤੋਂ ਇਸਤੀਫੇ ਦੀ ਮੰਗ ਕਰ ਚੁੱਕੇ ਹਨ।

## ਵਿਵਾਦ ਵਿਚਾਲੇ ਪੌਂਪੀਓ ਨੇ ਤਾਲਿਬਾਨ ਆਗੂ ਨਾਲ ਮੁਲਾਕਾਤ ਕੀਤੀ

ਇਸਲਾਮਾਬਾਦ, 2 ਜੁਲਾਈ (ਪੋਸਟ ਬਿਊਰੋ)- ਅਮਰੀਕੀ ਫੌਜੀਆਂ ਦੇ ਕਤਲ ਕਰਨ ਬਦਲੇ ਤਾਲਿਬਾਨੀ ਅੱਤਵਾਦੀਆਂ ਨੂੰ ਇਨਾਮ ਦੇਣ ਦੀ ਰੂਸੀ ਪੇਸ਼ਕਸ਼ ਉਤੇ ਜਾਰੀ ਵਿਵਾਦ ਵਿਚਾਲੇ ਅਮਰੀਕੀ ਵਿਦੇਸ਼ ਮੰਤਰੀ ਮਾਈਕ ਪੋਂਪੀਓ ਨੇ ਅੱਤਵਾਦੀ ਸੰਗਠਨ ਦੇ ਮੁੱਖ ਵਾਰਤਾਕਾਰ ਨਾਲ ਗੱਲਬਾਤ ਕੀਤੀ ਹੈ। ਪਤਾ ਲੱਗਾ ਹੈ ਕਿ ਸੋਮਵਾਰ ਨੂੰ ਹੋਈ ਵਾਰਤਾ ਵਿੱਚ ਇਨ੍ਹਾਂ ਦੋਸ਼ਾਂ 'ਤੇ ਕਿਸੇ ਤਰ੍ਹਾਂ ਦੀ ਚਰਚਾ ਨਹੀਂ ਕੀਤੀ ਗਈ।

ਵਰਣਨ ਯੋਗ ਹੈ ਕਿ ਨਿਊ ਯਾਰਕ ਟਾਈਮਜ਼ ਨੇ ਸ਼ਨੀਵਾਰ ਨੂੰ ਇੱਕ ਖਬਰ ਛਾਪੀ ਸੀ, ਜਿਸ ਵਿੱਚ ਦਾਅਵਾ ਕੀਤਾ ਗਿਆ ਸੀ ਕਿ ਅਮਰੀਕੀ ਖੁਫੀਆ ਅਧਿਕਾਰੀਆਂ ਦਾ ਮੰਨਣਾ ਹੈ ਕਿ ਲੰਬੇ ਸਮੇਂ ਤੋਂ ਜਾਰੀ ਯੁੱਧ ਸਮਾਪਤ ਕਰਨ ਲਈ ਸ਼ਾਂਤੀ ਵਾਰਤਾ ਵਿਚਾਲੇ ਰੂਸ ਦੀ ਫੌਜੀ ਖੁਫੀਆ ਬ੍ਰਾਚ ਗੁਪਤ ਰੂਪ ਨਾਲ



ਤਾਲਿਬਾਨ ਨਾਲ ਜੁੜੇ ਅੱਤਵਾਦੀਆਂ ਨੂੰ ਅਫਗਾਨਿਸਤਾਨ ਵਿੱਚ ਅਮਰੀਕੀ ਫੌਜੀਆਂ ਸਮੇਤ ਗਠਜੋੜ ਫੌਜਾਂ ਨੂੰ ਨਿਸ਼ਾਨਾ ਬਣਾਉਣ 'ਤੇ ਇਨਾਮ ਦੇਣ ਦੀ ਪੇਸ਼ਕਸ਼ ਕਰ ਰਹੀ ਹੈ।

ਤਾਲਿਬਾਨ ਦੇ ਬੁਲਾਰੇ ਸੁਹੇਲ ਸ਼ਹੀਨ ਨੇ ਟਵੀਟ ਕੀਤਾ ਕਿ ਪੋਂਪੀਓ ਤੇ ਮੁੱਲਾ ਅਬਦੁਲ ਗਨੀ ਬਰਾਦਰ ਨੇ ਸੋਮਵਾਰ ਰਾਤ ਵੀਡੀਓ ਕਾਨਫਰੰਸਿੰਗ ਰਾਹੀਂ ਗੱਲ ਕੀਤੀ। ਇਸ ਦੌਰਾਨ ਪੋਂਪੀਓ ਨੇ ਬਾਗੀਆਂ ਨਾਲ ਗੱਲਬਾਤ ਮੌਕੇ ਅਫਗਾਨਿਸਤਾਨ ਵਿੱਚ ਹਿੰਸਾ ਘੱਟ ਕਰਨ 'ਤੇ ਜ਼ੋਰ ਦਿੱਤਾ ਅਤੇ ਫਰਵਰੀ ਵਿੱਚ ਅਮਰੀਕਾ ਅਤੇ ਤਾਲਿਬਾਨ ਵਿਚਾਲੇ ਹੋਏ ਸ਼ਾਂਤੀ ਸਮਝੌਤੇ ਨੂੰ ਅੱਗੇ ਵਧਾਉਣ ਦੇ ਢੰਗਾਂ 'ਤੇ ਚਰਚਾ ਕੀਤੀ। ਇਨ੍ਹਾਂ ਦੋਵਾਂ ਵਿਚਾਲੇ ਇਹ ਗੱਲਬਾਤ ਓਦੋਂ ਹੋਈ ਹੈ, ਜਦੋਂ ਅਫਗਾਨਿਸਤਾਨ ਲਈ ਅਮਰੀਕਾ ਦੇ ਵਿਸ਼ੇਸ਼ ਦੂਤ ਜਾਲਮੇ ਖਲੀਲਜਾਦ ਸਮਝੌਤੇ ਨੂੰ ਅੱਗੇ ਵਧਾਉਣ ਲਈ ਖੇਤਰ ਦਾ ਦੌਰਾ ਕਰ ਰਹੇ ਹਨ। ਉਹ ਕੱਲ੍ਹ ਸਵੇਰੇ ਉਜ਼ਬੇਕਿਸਤਾਨ ਵਿੱਚ ਸਨ। ਉਹ ਕਤਰ ਦੀ ਰਾਜਧਾਨੀ ਦੋਹਾ ਵੀ ਜਾਣਗੇ, ਜਿੱਥੇ ਤਾਲਿਬਾਨ ਦਾ ਮੁੱਖ ਸਿਆਸੀ ਦਫਤਰ ਹੈ। ਖੁਫੀਆ ਮਾਮਲਿਆਂ ਨਾਲ ਜੁੜੇ ਅਧਿਕਾਰੀਆਂ ਦੇ ਹਵਾਲੇ ਨਾਲ ਦੱਸਿਆ ਗਿਆ ਹੈ ਕਿ ਸਾਲ 2019 ਦੀ ਸ਼ੁਰੂਆਤ ਤੋਂ ਵ੍ਹਾਈਟ ਹਾਊਸ ਦੇ ਸਿਖਰ ਅਧਿਕਾਰੀਆਂ ਨੂੰ ਪਤਾ ਸੀ ਕਿ ਰੂਸ ਅਫਗਾਨਿਸਤਾਨ ਵਿੱਚ ਅਮਰੀਕਾ ਅਤੇ ਨਾਟੋ ਫੌਜੀਆਂ ਦੀ ਹੱਤਿਆ ਦੇ ਬਦਲੇ ਵਿੱਚ ਉਨ੍ਹਾਂ ਨੂੰ ਇਨਾਮ ਦੇਣ ਦੀ ਪੇਸ਼ਕਸ਼ ਕਰ ਰਿਹਾ ਹੈ।

## ਚੀਨੀ ਸੂਰ ਪਾਲਕਾਂ ਲਈ ਨਵੇਂ ਵਾਇਰਸ ਦੀ ਬਿਪਤਾ ਆਣ ਪਈ

ਪੇਈਚਿੰਗ, 2 ਜੁਲਾਈ (ਪੋਸਟ ਬਿਊਰੋ)- ਚੀਨ 'ਚ ਸੂਰਾਂ 'ਚ ਪਾਏ ਜਾਂਦੇ ਫਲੂ ਵਾਇਰਸ ਦੀ ਨਵੀਂ ਨਸਲ ਸੂਰ ਸਨਅਤ ਨਾਲ ਜੁੜੇ ਕਰਮਚਾਰੀਆਂ ਨੂੰ ਤੇਜ਼ੀ ਨਾਲ ਪ੍ਰਭਾਵਤ ਕਰ ਰਹੀ ਹੈ ਅਤੇ ਇਸ ਵਿੱਚ ਸੰਸਾਰ ਮਹਾਮਾਰੀ ਫੈਲਾ ਸਕਣ ਵਾਲੇ ਵਿਸ਼ਾਣੂ ਵਰਗੀਆਂ ਸਾਰੀਆਂ ਵਿਸ਼ੇਸ਼ਤਾਵਾਂ ਵੀ ਹਨ, ਪਰ ਮਾਹਰਾਂ ਦਾ ਮੰਨਣਾ ਹੈ ਕਿ ਅਜੇ ਇਸ ਵਾਇਰਸ ਦੇ ਕੌਮਾਂਤਰੀ ਖਤਰਾ ਬਣਨ ਦੀ ਸੰਭਾਵਨਾ ਨਹੀਂ ਹੈ। ਇੱਕ ਅਧਿਐਨ 'ਚ ਇਹ ਗੱਲ ਸਾਹਮਣੇ ਆਈ ਹੈ। ਇਹ ਅਧਿਐਨ 2011 ਤੋਂ 2018 ਵਿਚਾਲੇ ਚੀਨ 'ਚ ਸੂਰਾਂ ਦੀ ਨਿਗਰਾਨੀ 'ਤੇ ਆਧਾਰਤ ਹੈ ਅਤੇ ਇਸ 'ਚ ਪਾਇਆ ਗਿਆ ਹੈ ਕਿ ਇਨਫਲੂਐਂਜ਼ਾ ਵਾਇਰਸ ਦੀ ਇਹ ਇੱਕ ਕਿਸਮ ਜਿਨ੍ਹਾਂ ਵਿੱਚ ਜੀ4 ਜੀਨੋਟਾਈਪ ਜੈਨੇਟਿਕ ਸਮੱਗਰੀ ਹੈ, 2016 ਤੋਂ ਸੂਰਾਂ ਵਿੱਚ ਦਿਖਾਈ ਦੇ ਰਹੀ ਹੈ। ਚੀਨ ਵਿੱਚ ਬਿਮਾਰੀ ਦੇ ਕੰਟਰੋਲ ਦੇ



ਬਚਾਅ ਕੇਂਦਰ ਦੇ ਕੁਝ ਵਿਗਿਆਨੀਆਂ ਸਮੇਤ ਹੋਰਨਾਂ ਮੁਤਾਬਕ ਇਹ ਜੀ4 ਵਿਸ਼ਾਣੂ ਮਨੁੱਖੀ ਸੈੱਲਾਂ 'ਚ ਰਿਸੈਪਟਰ ਅਣੂਆਂ ਨਾਲ ਬੰਨ੍ਹੇ ਜਾਂਦੇ ਹਨ ਤੇ ਸਾਹ ਪ੍ਰਣਾਲੀ ਦੀ ਬਾਹਰੀ ਪਰਤ ਵਿੱਚ ਆਪਣੀ ਗਿਣਤੀ ਵਧਾਉਂਦੇ ਹਨ।

ਖੋਜੀਆਂ ਅਨੁਸਾਰ ਮਨੁੱਖ ਨੂੰ ਹੋਰ ਮਨੁੱਖੀ ਇਨਫਲੂਐਂਜ਼ਾਂ ਟੀਕਿਆਂ ਤੋਂ ਮਿਲਣ ਵਾਲੀ ਬਿਮਾਰੀ ਰੋਕੂ ਸਮਰੱਥਾ ਜੀ4 ਵਾਇਰਸ ਤੋਂ ਨਹੀਂ ਬਚਾ ਸਕਦੀ। ਇਹ ਗੱਲ ਇਸ ਦਾ ਸੰਕੇਤ ਹੈ ਕਿ ਵਾਇਰਸ ਨਾਲ ਲੜਨ ਲਈ ਮਨੁੱਖੀ ਸਰੀਰ ਵਿੱਚ ਪਹਿਲਾਂ ਤੋਂ ਕੋਈ ਤਾਕਤ ਮੌਜੂਦ ਨਹੀਂ ਹੈ। ਦੂਜੇ ਪਾਸੇ ਅਮਰੀਕਾ ਦੀ ਹਾਰਵਰਡ ਯੂਨੀਵਰਸਿਟੀ ਵਿੱਚ ਮਹਾਮਾਰੀਆਂ ਦਾ ਅਧਿਐਨ ਕਰ ਰਹੇ ਐਰਿਕ ਫੀਗਲ ਡਿੰਗ ਨੇ ਕਿਹਾ ਕਿ ਇਹ ਵਾਇਰਸ ਅਜੇ ਸਿਰਫ ਸੂਰਾਂਵਿੱ'ਚ ਹੈ। ਇਸ ਦੇ ਮੁੱਖ ਰੂਪ ਵਿੱਚ ਮਨੁੱਖ 'ਚ ਫੈਲਣ ਬਾਰੇ ਕੋਈ ਕੇਸ ਨਹੀਂ ਹੈ। ਇਹ 2016 ਦਾ ਵਾਇਰਸ ਹੈ ਅਤੇ ਸੂਰ ਪਾਲਣ ਵਾਲੇ ਕਿਸਾਨਾਂ ਦੇ ਸਰੀਰ ਇਸ ਵਾਇਰਸ ਨਾਲ ਲੜਨ ਦੀ ਸਮਰੱਥਾ ਹੈ।

# ਕੈਨੇਡਾ-ਅਮਰੀਕਾ ਸਰਹੱਦ ਉਤੇ 4 ਟੰਨ ਤੋਂ ਵੱਧ ਮੈਰੀਯੁਆਨਾ ਫੜ੍ਹੀ

## ਭਾਰਤੀ ਮੂਲ ਦੇ ਕੈਨੇਡੀਅਨ ਨਾਗਰਿਕ ਨੂੰ ਕੀਤਾ ਗਿਆ ਚਾਰਜ



ਟੋਰਾਂਟੋ, 2 ਜੁਲਾਈ (ਪੋਸਟ ਬਿਊਰੋ) : ਅਮਰੀਕੀ ਅਧਿਕਾਰੀਆਂ ਦਾ ਕਹਿਣਾ ਹੈ ਕਿ ਉਨ੍ਹਾਂ ਵੱਲੋਂ ਕੈਨੇਡੀਅਨ ਸਰਹੱਦ ਉੱਤੇ ਮੈਰੀਯੁਆਨਾ ਦੀ ਸੱਭ ਤੋਂ ਵੱਡੀ ਖੇਪ ਫੜ੍ਹੀ ਗਈ ਹੈ।

ਯੂਐਸ ਕਸਟਮਜ਼ ਐਂਡ ਬਾਰਡਰ ਪ੍ਰੋਟੈਕਸ਼ਨ (U.S. Customs and Border Protection) ਦਾ ਕਹਿਣਾ ਹੈ ਕਿ ਉਨ੍ਹਾਂ ਵੱਲੋਂ ਲੱਗਭਗ 4.3 ਟੰਨ ਮੈਰੀਯੁਆਨਾ ਅਜਿਹੇ ਟਰੱਕ ਤੋਂ ਫੜ੍ਹੀ ਗਈ ਜਿਹੜਾ ਦੇਸ਼ ਵਿੱਚ ਦਾਖਲ ਹੋਣ ਦੀ ਕੋਸ਼ਿਸ਼ ਕਰ ਰਿਹਾ ਸੀ। ਇਹ ਟਰੱਕ 25 ਜੂਨ ਨੂੰ ਫੜ੍ਹਿਆ ਗਿਆ। ਫੜ੍ਹੀ ਗਈ ਮੈਰੀਯੁਆਨਾ ਦੀ ਕੀਮਤ 20 ਮਿਲੀਅਨ ਅਮਰੀਕੀ ਡਾਲਰ (27.3 ਮਿਲੀਅਨ ਕੈਨੇਡੀਅਨ ਡਾਲਰ) ਦੱਸੀ ਜਾਂਦੀ ਹੈ।

ਬਾਰਡਰ ਏਜੰਸੀ ਅਨੁਸਾਰ ਇਸ ਟਰੱਕ ਨੂੰ ਓਨਟਾਰੀਓ ਦੇ ਨਾਇਗਰਾ ਰੀਜਨ ਤੇ ਬਫਲੋ, ਨਿਊ ਯੌਰਕ ਦਰਮਿਆਨ ਸਥਿਤ ਪੀਸ ਬ੍ਰਿਜ ਪਾਰ ਕਰਦੇ ਸਮੇਂ ਰੋਕਿਆ ਗਿਆ ਸੀ। ਟਰੱਕ ਦੇ ਦਸਤਾਵੇਜ਼ਾਂ ਵਿੱਚ ਲਿਖਿਆ ਸੀ ਕਿ ਉਸ ਵਿੱਚ ਸਿਰਫ ਸਟੋਰੇਜ ਕੰਟੇਨਰਜ਼ ਸਨ ਪਰ ਜਾਂਚ ਕੀਤੇ ਜਾਣ ਉਪਰੰਤ ਇਸ ਵਿੱਚੋਂ 55 ਫੂਸ ਨਾਲ ਭਰੇ ਲੱਕੜ ਦੇ ਬਕਸੇ ਮਿਲੇ ਜਿਨ੍ਹਾਂ ਵਿੱਚ ਮੈਰੀਯੁਆਨਾ ਦੇ ਵੈਕਿਊਮ ਕੀਤੇ ਗਏ ਪੈਕੇਟ ਸਨ।

ਇਸ ਮੌਕੇ ਭਾਰਤੀ ਮੂਲ ਦੇ 26 ਸਾਲਾ ਕੈਨੇਡੀਅਨ ਪਰਮਾਨੈਂਟ ਰੈਜ਼ੀਡੈਂਟ ਨੂੰ ਮੈਰੀਯੁਆਨਾ ਇੰਪੋਰਟ ਕਰਨ ਅਤੇ ਉਸ ਨੂੰ ਵੰਡਣ ਦੇ ਇਰਾਦੇ ਨਾਲ ਆਪਣੇ ਕੋਲ ਰੱਖਣ ਦੇ ਦੋਸ਼ ਵਿੱਚ ਚਾਰਜ ਕੀਤਾ ਗਿਆ। ਅਮਰੀਕੀ ਬਾਰਡਰ ਏਜੰਸੀ ਵੱਲੋਂ ਇਸ ਨੂੰ ਉੱਤਰੀ ਬਾਰਡਰ ਉੱਤੇ ਫੜ੍ਹੀ ਗਈਆਂ ਨਸ਼ਿਆਂ ਦੀ ਸੱਭ ਤੋਂ ਵੱਡੀ ਖੇਪ ਦੱਸਿਆ ਜਾ ਰਿਹਾ ਹੈ। ਇੱਕ ਮਹੀਨੇ ਦੇ ਅੰਦਰ ਅੰਦਰ ਪੀਸ ਬ੍ਰਿਜ ਉੱਤੇ ਫੜ੍ਹੀ ਗਈ ਮੈਰੀਯੁਆਨਾ ਦੀ ਇਹ ਤੀਜੀ ਵੱਡੀ ਖੇਪ ਹੈ।

## ਅਗਲੇ ਪੜਾਅ ਵਿੱਚ ਜਲਦ ਹੀ ਜਾਵੇਗਾ ਓਨਟਾਰੀਓ : ਕ੍ਰਿਸਟੀਨ ਐਲੀਅਟ



ਓਨਟਾਰੀਓ, 2 ਜੁਲਾਈ (ਪੋਸਟ ਬਿਊਰੋ) : ਅਰਥਚਾਰੇ ਨੂੰ ਮੁੜ ਖੋਲ੍ਹਣ ਦੇ ਅਗਲੇ ਪੜਾਅ ਵਿੱਚ ਦਾਖਲ ਹੋਣਾ ਸੁਰੱਖਿਅਤ ਹੋਵੇਗਾ ਜਾਂ ਨਹੀ ਇਹ ਪਤਾ ਲਾਉਣ ਲਈ ਪਬਲਿਕ ਹੈਲਥ ਅਧਿਕਾਰੀਆਂ ਨੂੰ ਘੱਟੋ ਘੱਟ ਇੱਕ ਹਫਤਾ ਹੋਰ ਕੋਵਿਡ-19 ਡਾਟਾ ਦਾ ਮੁਲਾਂਕਣ ਕਰਨਾ ਹੋਵੇਗਾ।

ਹਾਲਾਂਕਿ ਸਾਰਾ ਪ੍ਰੋਵਿੰਸ ਹੀ ਹੁਣ ਦੂਜੇ ਪੜਾਅ ਵਿੱਚ ਪਹੁੰਚ ਚੁੱਕਿਆ ਹੈ, ਇਸ ਤੋਂ ਭਾਵ ਹੈ ਕਿ ਬਹੁਤੇ ਕਾਰੋਬਾਰਾਂ ਨੂੰ ਖੁੱਲ੍ਹਣ ਦੀ ਇਜਾਜ਼ਤ ਦੇ ਦਿੱਤੀ ਗਈ ਹੈ ਤੇ ਰੈਸਟੋਰੈਂਟਸ ਆਪਣੇ ਪੈਟੀਓਜ਼ ਵਿੱਚ ਖਾਣਾ ਖੁਆ ਸਕਦੇ ਹਨ ਪਰ ਸਿਹਤ ਮੰਤਰੀ ਕ੍ਰਿਸਟੀਨ ਐਲੀਅਟ ਨੇ ਆਖਿਆ ਕਿ ਉਹ ਹੋਰ ਪਾਬੰਦੀਆਂ ਹਟਾਉਣ ਲਈ ਸਾਰਿਆਂ ਦੀ ਕਾਹਲ ਨੂੰ ਸਮਝ ਸਕਦੇ ਹਨ। ਕਲ੍ਹ ਕੁਈਨਜ਼ ਪਾਰਕ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਐਲੀਅਟ ਨੇ ਆਖਿਆ ਕਿ ਦੂਜੇ ਪੜਾਅ ਵਿੱਚ ਵੀ ਸੱਭ ਕੁੱਝ ਠੀਕ ਚੱਲ ਰਿਹਾ ਹੈ, ਪਰ ਅਸੀ ਅੱਗੇ ਵਧਣ ਤੋਂ ਪਹਿਲਾਂ ਅਜੇ ਇਹ ਵੇਖਣਾ ਚਾਹੁੰਦੇ ਹਾਂ ਕਿ ਕਿਸੇ ਤਰ੍ਹਾਂ ਦੀ ਚਿੰਤਾ ਕਰਨ ਦੀ ਤਾਂ ਕੋਈ ਲੋੜ ਨਹੀ ਹੈ।

ਉਨ੍ਹਾਂ ਆਖਿਆ ਕਿ ਅਸੀ ਇਸ ਸਬੰਧ ਵਿੱਚ ਗੱਲਬਾਤ ਵੀ ਕਰ ਰਹੇ ਹਾਂ। ਅਸੀ ਇਹ ਵੀ ਸਮਝਣਾ ਚਾਹੁੰਦੇ ਹਾਂ ਕਿ ਸਾਨੂੰ ਇਹ ਪੂਰੇ ਪ੍ਰੋਵਿੰਸ ਵਿੱਚ ਕਰਨਾ ਚਾਹੀਦਾ ਹੈ ਜਾਂ ਰੀਜਨਲ ਪੱਧਰ ਉੱਤੇ ਕਰਨਾ ਚਾਹੀਦਾ ਹੈ। ਸਾਨੂੰ ਆਸ ਹੈ ਕਿ ਅਸੀ ਜਲਦ ਤੋਂ ਜਲਦ ਅਗਲੇ ਪੜਾਅ ਵਿੱਚ ਦਾਖਲ ਹੋ ਜਾਵਾਂਗੇ। ਇਸ ਦੌਰਾਨ ਕੈਨੇਡਾ ਦੀ ਚੀਫ ਪਬਲਿਕ ਹੈਲਥ ਆਫੀਸਰ ਡਾ. ਥੈਰੇਸਾ ਟੈਮ ਨੇ ਆਖਿਆ ਕਿ ਕੈਨੇਡਾ ਵਿੱਚ ਭਾਵੇਂ ਕੋਵਿਡ-19 ਦੇ ਮਾਮਲਿਆਂ ਵਿੱਚ ਗਿਰਾਵਟ ਆਈ ਹੈ ਪਰ ਕਈ ਹੋਰਨਾਂ ਦੇਸ਼ਾਂ ਵਿੱਚ ਸੰਕ੍ਰਮਣ ਦੇ ਮਾਮਲਿਆਂ ਵਿੱਚ ਮੁੜ ਹੋਏ ਵਾਧੇ ਤੋਂ ਸਾਨੂੰ ਸਬਕ ਸਿੱਖਣਾ ਚਾਹੀਦਾ ਹੈ ਕਿ ਇਹ ਵਾਇਰਸ ਕਿੰਨੀ ਤੇਜੀ ਨਾਲ ਫੈਲ ਸਕਦਾ ਹੈ। ਸਾਨੂੰ ਚੌਕਸ ਰਹਿਣਾ ਚਾਹੀਦਾ ਹੈ।

## ਆਪਣੇ ਨਾਲ ਹੋ ਰਹੀ ਨਾਇਨਸਾਫੀ ਲਈ ਆਵਾਜ਼ ਉਠਾਉਣਗੇ ਮੂਲਵਾਸੀ



ਟੋਰਾਂਟੋ, 2 ਜੁਲਾਈ (ਪੋਸਟ ਬਿਊਰੋ) : ਸ਼ਾਂਤਮਈ ਢੰਗ ਨਾਲ ਕੀਤੇ ਜਾ ਰਹੇ ਕੈਂਸਲ ਕੈਨੇਡਾ ਡੇਅ 'Cancel Canada Day' ਮਾਰਚ ਦੌਰਾਨ ਮੂਲਵਾਸੀ ਕਾਰਕੁੰਨ ਦੇਸ਼ ਭਰ ਵਿੱਚ ਇੱਕ ਦਿਨ ਸੋਗ ਲਈ ਰੱਖਣਗੇ ਤੇ ਉਦੋਂ ਉਨ੍ਹਾਂ ਦੀ ਕਮਿਊਨਿਟੀ ਨਾਲ ਹੋਣ ਵਾਲੀ ਨਾਇਨਸਾਫੀ ਉੱਤੇ ਚਾਨਣਾ ਪਾਇਆ ਜਾਵੇਗਾ।

ਮੂਲਵਾਸੀਆਂ ਦੇ ਅਧਿਕਾਰਾਂ ਬਾਰੇ ਗਰੁੱਪ ਆਇਡਲ ਨੋ ਮੋਰ (Idle No More) ਦੀ ਅਗਵਾਈ ਵਿੱਚ ਕੈਂਸਲ ਕੈਨੇਡਾ ਡੇਅ ਮੁਜ਼ਾਹਰਿਆਂ ਵਿੱਚ ਉਨ੍ਹਾਂ ਮੂਲਵਾਸੀ, ਸਿਆਹ ਨਸਲ, ਮਾਈਗ੍ਰੈਂਟ, ਔਰਤਾਂ ਤੇ ਟਰਾਂਸ ਲੋਕਾਂ ਨੂੰ ਚੇਤੇ ਕੀਤਾ ਜਾਵੇਗਾ ਜਿਨ੍ਹਾਂ ਦੀਆਂ ਕੀਮਤੀ ਜਾਨਾਂ ਅਜਾਂਈ ਚਲੀਆਂ ਗਈਆਂ। ਆਰਗੇਨਾਈਜ਼ੇਸ਼ਨ ਦੀ ਵੈਬਸਾਈਟ ਉੱਤੇ ਪੋਸਟ ਕੀਤੇ ਗਏ ਬਿਆਨ ਵਿੱਚ ਆਖਿਆ ਗਿਆ ਹੈ ਕਿ ਕੈਨੇਡਾ ਦੇ ਅੰਦਰ ਮੂਲਵਾਸੀ ਲੋਕਾਂ ਦੀ ਹੋ ਰਹੀ ਨਸਲਕੁਸ਼ੀ ਦੇ ਜਸ਼ਨ ਅਸੀ ਨਹੀਂ ਮਨਾਂਵਾਂਗੇ।

ਇਹ ਵੀ ਆਖਿਆ ਗਿਆ ਹੈ ਕਿ ਅ ਸ ੀ ਐਮਐਮਆਈਡਬਲਿਊਜੀ2ਐਸ, ਬੱਚਿਆਂ ਦੀ ਭਲਾਈ, ਬਰਥ ਐਲਰਟਜ਼, ਧੱਕੇ ਨਾਲ ਕੀਤੀ ਜਾਣ ਵਾਲੀ ਨਸਬੰਦੀ, ਪੁਲਿਸ ਅਤੇ ਆਰਸੀਐਮਪੀ ਦੇ ਜ਼ੁਲਮ ਤੇ ਸਾਡੇ ਨਾਲ ਹੋਣ ਵਾਲੀ ਨਾਇਨਸਾਫੀ ਲਈ ਆਪਣੀ ਆਵਾਜ਼ ਉਠਾਵਾਂਗੇ। ਆਇਡਲ ਨੋ ਮੋਰ ਵੱਲੋਂ ਲਾਈਵ ਬ੍ਰੌਡਕਾਸਟ ਤੋਂ ਇਲਾਵਾ ਵੈਨਕੂਵਰ, ਸਸਕਾਟੂਨ, ਹੈਲੀਫੈਕਸ ਤੇ ਹੈਮਿਲਟਨ-ਓਨਟਾਰੀਓ ਵਿੱਚ ਕਈ ਲੋਕਲ ਈਵੈਂਟ ਵੀ ਪਲੈਨ ਕੀਤੇ ਗਏ ਹਨ।


## ਕਾਮਿਆਂ ਦੀ ਲੋੜ

ਫਾਰਮ ਵਿੱਚ ਕੰਮ ਕਰਨ ਲਈ ਕਾਮਿਆਂ ਦੀ ਤੁਰੰਤ ਜਰੂਰਤ ਹੈ । ਮਟਰ ਤੋੜਨ ਲਈ ਬੀਬੀਆਂ ਦੀ ਵੀ ਲੋੜ ਹੈ।
ਪੀਕ ਅਪ ਅਤੇ ਡਰਾਪ ਆਫ ਦਾ ਵੀ ਪੂਰਾ ਪ੍ਰਬੰਧ ਹੈ।
ਵਧੇਰੇ ਜਾਣਕਰੀ ਲਈ ਸੰਪਰਕ ਕਰੋ:
ਸੂਬੇਦਾਰ ਗਰੇਵਾਲ
647-400-0060
ਜਾਂ ਬਲਬੀਰ
289-541-5384



## ਕਾਮਿਆਂ ਦੀ ਲੋੜ

ਨਰਸਰੀ ਵਿੱਚ ਕੰਮ ਕਰਨ ਲਈ ਬੰਦਿਆਂ ਦੀ ਲੋੜ ਹੈ। ਰੋਜਾਨਾ ਕੰਮ ਅਤੇ ਚੰਗੀ ਪੇਅ ਦਿੱਤੀ ਜਾਵੇਗੀ।
ਰਾਈਡ ਦੀ ਵੀ ਪੂਰਾ ਪ੍ਰਬੰਧ ਹੈ।
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:
647-764-3637


## ਟੋਰਾਂਟੋ ਤੇ ਜੀਟੀਏ ਲਈ ਹੀਟ ਵਾਰਨਿੰਗ ਜਾਰੀ

ਟੋਰਾਂਟੋ, 2 ਜੁਲਾਈ (ਪੋਸਟ ਬਿਊਰੋ) : ਐਨਵਾਇਰਮੈਂਟ ਕੈਨੇਡਾ ਵੱਲੋਂ ਬੁੱਧਵਾਰ ਨੂੰ ਟੋਰਾਂਟੋ ਤੇ ਗ੍ਰੇਟਰ ਟੋਰਾਂਟੋ ਏਰੀਆ ਦੇ ਬਹੁਤੇ ਹਿੱਸੇ ਲਈ ਹੀਟ ਵਾਰਨਿੰਗ ਜਾਰੀ ਕੀਤੀ ਗਈ। ਬੁੱਧਵਾਰ ਦੁਪਹਿਰ ਨੂੰ ਐਨਵਾਇਰਮੈਂਟ ਕੈਨੇਡਾ ਨੇ ਆਪਣੀ ਵੈੱਬਸਾਈਟ ਉੱਤੇ ਆਖਿਆ ਕਿ ਵੀਰਵਾਰ ਤੋਂ ਐਤਵਾਰ ਤੱਕ ਅਤੇ ਬਹੁਤੀ ਸੰਭਾਵਨਾ ਹੈ ਕਿ ਅਗਲੇ ਹਫਤੇ ਦੇ ਸ਼ੁਰੂ ਤੱਕ ਮੌਸਮ ਗਰਮ ਰਹੇਗਾ। ਇਨ੍ਹਾਂ ਦਿਨਾਂ ਦੌਰਾਨ ਦਿਨ ਦਾ ਤਾਪਮਾਨ 30 ਡਿਗਰੀ ਸੈਲਸੀਅਸ ਤੇ ਰਾਤ ਦਾ ਤਾਪਮਾਨ 20 ਡਿਗਰੀ ਸੈਲਸੀਅਸ ਰਹਿਣ ਦੀ ਸੰਭਾਵਨਾ ਹੈ।



ਇਹ ਚੇਤਾਵਨੀ ਗੋਲਡਨ ਹੌਰਸਸ਼ੂਅ, ਜਿਸ ਵਿੱਚ ਹਾਲਟਨ, ਪੀਲ, ਯੌਰਕ, ਦਰਹਾਮ, ਨਾਇਗਰਾ ਤੇ ਸਿਟੀ ਆਫ ਹੈਮਿਲਟਨ ਸ਼ਾਮਲ ਹਨ, ਲਈ ਜਾਰੀ ਕੀਤੀ ਗਈ ਹੈ। ਗਰਮ ਮੌਸਮ ਦੀ ਪੇਸ਼ੀਨਿਗੋਈ ਤੋਂ ਬਾਅਦ ਸਿਟੀ ਆਫ ਟੋਰਾਂਟੋ ਵੱਲੋਂ ਵੀਰਵਾਰ ਤੋਂ 15 ਐਮਰਜੰਸੀ ਕੂਲਿੰਗ ਸੈਂਟਰ ਖੋਲ੍ਹਣ ਦਾ ਫੈਸਲਾ ਕੀਤਾ ਗਿਆ ਹੈ।




Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202


## ਲੜਕੀ ਦੀ ਲੋੜ

ਜੱਟ ਸਿੱਖ ਗਰੇਵਾਲ ਲੜਕਾ, 1994, ਕੱਦ 6'2'', ਜੋ ਕਿ ਆਸਟ੍ਰੇਲੀਆ 'ਚ ਸਟੱਡੀ ਵੀਜ਼ੇ 'ਤੇ ਰਹਿ ਰਿਹਾ ਹੈ, ਲਈ ਕੈਨੇਡਾ ਤੋਂ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਭੈਣ ਕੈਨੇਡਾ (ਟੋਰਾਂਟੋ) ਤੇ ਦੂਸਰੀ ਭੈਣ ਆਸਟ੍ਰੇਲੀਆ 'ਚ ਸੈਟਲਡ ਹੈ। ਲੜਕੇ ਦੇ ਮਾਤਾ ਜੀ ਸੁਪਰ ਵੀਜ਼ੇ 'ਤੇ ਕੈਨੇਡਾ ਆਏ ਹੋਏ ਹਨ। ਸੰਪਰਕ:-647-772-6650, ਵਟਸ ਐਪ ਨੰਬਰ:- 99156-62207

Match for Handsome Jat Sikh boy 40/5'10"(Issueless divorce), B.Tech, M.S (USA) Working in MNC as Senior Software Engineer in the USA. Family of Doctors and Engineers. Please respond with recent pics. Email match52020@gmail.com, Whats-app: +91-9815787350

ਜੱਟ ਸਿਖ, 40 ਸਾਲ ਉਮਰ, 1/5 ਸਾਲਾ ਦਾ ਲੜਕਾ, ਬੀ ਫਾਰਮੇਸੀ, ਅਪਨਾ ਬਿਜ਼ਨਸ ਤੇ ਜ਼ਮੀਨ ਜ਼ਾਇਦਾਦ, ਪੰਜਾਬ ਫੀਰੋਜ਼ਪੁਰ ਤੋਂ, ਵੀਜ਼ਟਰ ਵਿਜੇ ਤੇ ਆਏ ਲਈ ਪੀ-ਆਰ ਜਾਂ ਵੱਰਕ ਪਰਮਿਟ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਕੈਨੇਡਾ ਵਿੱਚ ਵੈਲ-ਸੈਟਲਡ ਹੈ। ਸੰਪਰਕ ਕਰੋ: 647-625-5706

ਕੈਨੇਡਾ ਵਿਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਚਾਹਵਾਨ ਸੱਜਣ ਇਨ੍ਹਾਂ ਨੰਬਰਾਂ ਉੱਤੇ ਸੰਪਰਕ ਕਰ ਸਕਦੇ ਹਨ-9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Studentਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸ਼ੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Studentਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਕੈਨੇਡੀਅਨ ਇਮੀਗ੍ਰੈਂਟ ਕੰਬੋਜ ਸਿੱਖ (ਚਤਰਥ) ਲੜਕਾ ਉਮਰ 32 ਸਾਲ 5'8'' ਸੋਹਣਾ ਸੁਨੱਖਾ, ਲਈ ਪੜ੍ਹੀ ਲਿਖੀ ਕੈਨੇਡਾ ਰਹਿੰਦੀ ਲੜਕੀ ਦੀ ਲੋੜ ਹੈ। ਮੁੰਡੇ ਦਾ ਸਾਰਾ ਪਰਿਵਾਰ ਕੈਨੇਡਾ ਸੈਟਲਡ ਹੈ। ਸੰਪਰਕ: 780-297-7375

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10'', Dentist, MBAਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ :647-280-6503 । +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)

## ਲੜਕੀ ਦੀ ਲੋੜ

ਸੁੰਨਿਆਰਾ ਲੜਕਾ, ਉੱਮਰ 25 ਸਾਲ, ਕੱਦ 5'8'', ਕੈਨੇਡੀਅਨ ਸਿਟੀਜ਼ਨ, ਵੈਲ ਸੇਟਲਡ, ਆਪਣਾ ਕਾਰੋਬਾਰ ਲਈ ਕੈਨੇਡੀਅਨ/ਅਮਰੀਕਨ ਸਿਟੀਜਨ ਜਾਂ ਪੀ ਆਰ ਲੜਕੀ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਟ ਹੋਲਡਰ ਵੀ ਸੰਪਰਕ ਕਰ ਸਕਦੇ ਹਨ। ਕਿਰਪਾ ਕਰਕੇ ਆਪਣੇ ਬਰਾਦਰੀ ਵਾਲੇ ਹੀ ਸੰਪਰਕ ਕਰਨ।
ਕਾਲ : 647-739-3600 ।

ਅਰੋੜਾ ਸਿੱਖ ਲੜਕਾ, ਉੱਮਰ 36 ਸਾਲ, ਕੱਦ 5'11',ਕੇਨੈਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰ ਰਹੇ ਲੜਕੇ ਲਈ ਘਰੇਲੂ ਅਤੇ ਪੀ ਆਰ/ ਵਰਕ ਪਰਮਿਟ ਲੜਕੀ ਦੀ ਲੋੜ ਹੈ। ਕਿਰਪਾ 30 ਤੋ ਵੱਧ ਉੱਮਰ ਦੀਆਂ ਲੜਕੀਆਂ ਹੀ ਸੰਪਰਕ ਕਰਨ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 431-998-8022

ਜੱਟ ਸਿੱਖ ਲੜਕਾ, ਉੱਮਰ 27 ਸਾਲ, ਕੱਦ 5'11'', ਕੈਨੇਡਾ ਵਿੱਚ ਪੀ ਆਰ ਹੈ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਓਹੀ ਸੰਪਰਕ ਕਰਨ ਜੋ ਲੜਕੇ ਦੇ ਦੁਬਈ ਰੋਹਿੰਦੇ ਭਰਾ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ ਲੋਕਲ: (587)-936-0127 ਜਾਂ ਇੰਡੀਆ: +91-94179-16049

ਜੱਟ ਸਿੱਖ ਲੜਕਾ, ਉੱਮਰ 28 ਸਾਲ, ਕੱਦ 5'7'', ਕੈਨੇਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੀ ਆਰ ਜਾਂ ਸਿਟੀਜਨ , ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੇਨੈਡਾ ਵਿੱਚ ਪੀ ਆਰ ਅਤੇ ਵਧੀਆ ਸੈਟਲਡ ਹੈ। ਪੰਜਾਬ ਤੋਂ ਮਾਝੇ ਜਿਲ੍ਹੇਂ ਨੂੰ ਪਹਿਲ ਦਿੱਤੀ ਜਾਵੇਗੀ। ਕਾਲ ਕਰੋ: 716-536-1939 ਜਾਂ ਵਟਸਐਪ ਕਰੋ: +91-98144-90449

ਜੱਟ ਸਿੱਖ ਲੜਕਾ ਗਰੇਵਾਲ, ਉੱਮਰ 35 ਸਾਲ, ਕੱਦ 5'5'', ਪੀ ਆਰ, ਕੈਨੇਡਾ ਵਿੱਚ ਵੈਲ ਸੈਟਲਡ, ਤਲਾਕਸ਼ੁਦਾ ਪਰ ਬੇਕਸੂਰ ਅਤੇ ਕੋਈ ਬੱਚਾ ਨਹੀਂ, ਨਸ਼ਾ ਰਹਿਤ, ਪੰਜਾਬ ਵਿੱਚ ਸ਼ਹਿਰੀ ਜ਼ਮੀਨ ਦਾ ਮਾਲਕ ਲਈ ਖਾਨਦਾਨੀ ਲੜਕੀ ਦੀ ਲੋੜ ਹੈ। ਪੀ ਆਰ ਲੜਕੀ ਨੂੰ ਪਹਿਲ। ਲੜਕੇ ਦੇ ਮਾਤਾ ਪਿਤਾ ਸੁਪਰਵੀਜ਼ੇ ਤੇ ਕੈਨੇਡਾ ਆਏ ਹਨ ਅਤੇ ਭੈਣ ਵੇਲ ਸੈਟਲਡ ਹੈ। ਲੜਕੇ ਦਾ ਭਰਾ ਅਮਰੀਕਾ ਵਿੱਚ ਰਹਿੰਦਾ ਹੈ। ਵਧੇਰੀ ਜਾਣਕਾਰੀ ਲਈ ਕਾਲ ਕਰੋ: 647-836-5403

## ਲੜਕੇ ਦੀ ਲੋੜ

ਜੱਟ ਸਿੱਖ ਲੜਕੀ, ਕੱਦ 5 ਫੁੱਟ 3 ਇੰਚ, ਜਨਮ 1989, ਬੀ.ਐੱਡ., ਐਮ.ਏ ਈਕੋਨਾਮਿਕਸ, ਆਈਲੈਟਸ 'ਚ 6.5 ਬੈਂਡਜ਼ ਇਨ ਜਨਰਲ, ਜੋ ਕਿ 6 ਸਾਲ ਦਾ ਪੜ੍ਹਾਉਣ ਦਾ ਤਜਰਬਾ ਰੱਖਦੀ ਹੈ ਅਤੇ ਭਾਰਤ 'ਚ ਰਹਿ ਰਹੀ ਹੈ, ਲਈ ਕੈਨੇਡੀਅਨ ਪੀ.ਆਰ., ਸਪਾਂਸਰਸ਼ਿਪ, ਵਰਕ ਪਰਮਿਟ ਵਾਲੇ ਲੜਕੇ ਦੀ ਲੋੜ ਹੈ। ਲੜਕੀ ਦੀ ਭੈਣ ਕੈਨੇਡਾ ਵੈੱਲ ਸੈਟਲਡ ਹੈ। ਸੰਪਰਕ:- ਭਾਰਤ- 95925-26284, ਕੈਨੇਡਾ- 403-804-9345

ਲੁਬਾਣਾ ਸਿੱਖ ਪਰਿਵਾਰ, ਉੱਮਰ 26 ਸਾਲ, ਕੱਦ 5'5'', ਕੈਨੇਡੀਅਨ ਯੂਨੀਵਰਸਿਟੀ ਤੋਂ ਬੀ ਐਸ ਸੀ ਡੀਗਰੀ ਪ੍ਰਾਪਤ ਕੀਤੀ ਹੈ ਅਤੇ ਆਪਣੀ ਫੀਲਡ ਵਿੱਚ ਹੀ ਚੰਗੀ ਜੋਬ ਕਰ ਰਹੀ ਹੈ ਲਈ ਚੰਗੇ, ਯੋਗ ਅਤੇ ਪੜੇ ਲਿਖੇ ਲੜਕੇ ਦੀ ਲੋੜ ਹੈ। ਜੀ ਟੀ ਏ ਨੂੰ ਪਹਿਲ। ਕਾਲ ਕਰੋ : 647-938-9464

Seeking a suitable match for Canadian born punjabi tonk kshatriya girl, 36 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਢਿੱਲੋ ਲੜਕੀ, ਉਮਰ 31 ਸਾਲ, ਕੱਦ 5'-3'', ਪੜ੍ਹੀ-ਲਿਖੀ ਤੇ ਕੈਨੇਡਾ ਵਿੱਚ P.R ਲੜਕੀ ਲਈ ਪੜ੍ਹਿਆ-ਲਿਖੀਆ P.R ਜਾਂ Work Permit/Visitor Visa ਤੇ ਆਏ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 28 ਸਾਲ ਤੋ ਘੱਟ ਨਾ ਹੋਵੇ ਤੇ ਨਸ਼ਿਆ ਤੋਂ ਰਹਿਤ ਹੋਵੇ। ਮਾਲਵੇ ਨੂੰ ਪਹਿਲ। ਸੰਪਰਕ ਕਰੋ: +91 98881-21412 ਜਾਂ +91 97802-16716

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

## ਲੜਕੇ ਦੀ ਲੋੜ

ਜੱਟ ਸਿੱਖ ਗਿਲ ਲੜਕੀ, ਜਨਮ 1991, ਕੱਦ 5'-4'', Btech Electrical, ਕੈਨੇਡੀਅਨ ਪੀ ਆਰ ਲਈ ਗੁਰਸਿੱਖ, ਪੜੇ ਲਿੱਖੇ ਅਤੇ ਸੈਟਲਡ ਲੜਕੇ ਦੀ ਲੋੜ ਹੈ। ਲੜਕੀ ਦਾ ਸਾਰਾ ਪਰਿਵਾਰ ਇੰਡੀਆ ਵਿੱਚ ਰਹਿੰਦਾ ਹੈ। ਇੰਡੀਆ ਰਹਿੰਦੇ ਲੜਕੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ ਕਰੋ: +91-94640-34653

ਜੱਟ ਸਿੱਖ ਲੜਕੀ, ਉਮਰ 29 ਸਾਲ , ਕੱਦ 5'5'', ਕਨੈਡੀਅਨ ਪੀ ਆਰ, M.A B.Ed , ਚੰਗੀ ਜੋਬ ਕਰ ਰਹੀ ਲੜਕੀ ਲਈ ਪੜ੍ਹਿਆ-ਲਿਖਿਆ, ਖਾਨਦਾਨੀ ਕੈਨੇਡੀਅਨ PR ਜਾਂ ਵੱਰਕ ਪਰਮਿਟ ਤੇ ਆਏ ਲੜਕੇ ਦੀ ਲੋੜ ਹੈ।
ਸੰਪਰਕ ਕਰੋ : 437-233-7609 ।
ਟੋਰਾਂਟੋ ਰਹਿੰਦੇ ਲੜਕੇ ਨੂੰ ਪਹਿਲ ਦਿੱਤੀ ਜਾਵੇਗੀ।

ਰਾਮਗੜ੍ਹੀਆ ਲੜਕੀ, 1986 ਦਾ ਜਨਮ, ਕੱਦ 5'2'', ਗੋਰਾ ਰੰਗ, ਯੋਗਤਾ ਐਮ.ਸੀ.ਏ., ਕੈਨੇਡੀਅਨ ਇਮੀਗ੍ਰਾਂਟ, ਆਈ.ਟੀ. ਕੰਪਨੀ ਟੋਰਾਂਟੋ ਵਿੱਚ ਪ੍ਰੋਫੈਸ਼ਨਲ ਅਤੇ ਚੰਗੀ ਪੋਸਟ 'ਤੇ ਜੌਬ ਕਰ ਰਹੀ, ਲਈ ਪੜ੍ਹੇ ਲਿਖੇ ਅਤੇ ਯੋਗ ਵਰ ਦੀ ਲੋੜ ਹੈ। ਲੜਕੀ ਦੀਆਂ ਦੋ ਭੈਣਾਂ, ਇੱਕ ਯੂ.ਕੇ. ਅਤੇ ਦੂਜੀ ਇੰਡੀਆ ਵਿੱਚ ਵੈਲ ਸੈਟਲਡ ਹਨ। ਕਿਰਪਾ ਕਰਕੇ ਲੜਕਾ ਆਪਣਾ ਅਤੇ ਆਪਣੇ ਪਰਿਵਾਰ ਦਾ ਸਾਰਾ ਵੇਰਵਾ ਆਪਣੀ ਫੋਟੋ ਸਮੇਤ ਭੇਜੇ। Email jeetsjandu@gmail.com ਜਾਂ ਸਾਨੂੰ ਵਟਸਐਪ ਨੰਬਰ ਤੇ ਸੰਪਰਕ ਕਰ ਸਕਦੇ ਹੋ: +919463328029

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਸਰਾਂ, ਉਮਰ 32 ਸਾਲ, ਕੱਦ 6'' ਫੁੱਟ, **Canadian P.R** ਲੜਕੇ ਲਈ ਲੜਕੀ ਦੀ ਲੋੜ ਜਿਹੜੀ **Visitor/Nanny** ਜਾਂ ਫਿਰ **Student** ਹੋਵੇ ਅਤੇ ਉਮਰ 26 ਸਾਲ, ਜਾਂ ਉਸ ਤੋਂ ਉੱਪਰ ਹੋਵੇ। ਸੰਪਰਕ ਕਰੋ: 289-489-9321


ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ

UPPAL LAW


AVTAR UPPAL
Manager

IMMIGRATION SERVICES
* Visitor Visa
* Super Visa
* Study,Work,Visitor Extension Visa
* Spousal Applications
* Family Sponsorship
* Permanent Residence Card Renewal
* Citizenship Application
* All Invitation Letters

OTHER PRACTICES
* Criminal Law
* Family Law
* Power of Attorney
* Change of Name
* Notarization
* Travel Consent
* Affidavit
* Landlord and Tenant Matters


AMAN UPPAL
Barrister,Solicitor

FREE Consultation
Tel: 905-500-1507
351 Parkhurst Square, # 16,
Brampton,ON L6T 0C2, Fax: 905-672-7848
* PRIOR APPOINTMENT NECESSARY

ਫੌਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓਂ
15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਨੋਆ

# ਫੇਸਬੁੱਕ ਉੱਤੇ ਇਸ਼ਤਿਹਾਰਾਂ ਦਾ ਬਾਈਕਾਟ ਕਰਨ ਵਾਲਿਆਂ ਵਿੱਚ ਕੈਨੇਡਾ ਦੇ ਪੰਜ ਬੈਂਕ ਵੀ ਸ਼ਾਮਲ

ਟੋਰਾਂਟੋ, 2 ਜੁਲਾਈ (ਪੋਸਟ ਬਿਊਰੋ) : ਜੁਲਾਈ ਦੇ ਮਹੀਨੇ ਫੇਸਬੁੱਕ ਉੱਤੇ ਇਸ਼ਤਿਹਾਰ ਦੇਣੇ ਬੰਦ ਕਰਨ ਵਾਲੀਆਂ ਕੰਪਨੀਆਂ ਦੀ ਵੱਧ ਰਹੀ ਸੂਚੀ ਵਿੱਚ ਕੈਨੇਡਾ ਦੇ ਪੰਜ ਵੱਡੇ ਬੈਂਕ ਵੀ ਸ਼ਾਮਲ ਹੋ ਗਏ ਹਨ। ਨਫਰਤ ਭਰੇ ਮਸੌਦੇ ਨੂੰ ਅੱਗੇ ਫੈਲਣ ਤੋਂ ਰੋਕਣ ਵਿੱਚ ਫੇਸਬੁੱਕ ਦੇ ਕਾਮਯਾਬ ਨਾ ਹੋਣ ਕਾਰਨ ਇਹ ਫੈਸਲਾ ਲਿਆ ਗਿਆ ਹੈ।

ਮੰਗਲਵਾਰ ਨੂੰ ਸਕੋਸ਼ੀਆਬੈਂਕ ਨੇ ਜੁਲਾਈ ਦੇ ਮਹੀਨੇ ਫੇਸਬੁੱਕ ਦੇ




ਪਲੇਟਫੌਰਮਜ਼ ਉੱਤੇ ਆਰਜ਼ੀ ਤੌਰ ਉੱਤੇ ਇਸ਼ਤਿਹਾਰ ਦੇਣੇ ਬੰਦ ਕਰਨ ਦੀ ਪੁਸ਼ਟੀ ਕੀਤੀ ਸੀ ਜਦਕਿ ਆਰਬੀਸੀ, ਸੀਆਈਬੀਸੀ, ਟੀਡੀ ਤੇ ਬੀਐਮਓ ਨੇ ਬੁੱਧਵਾਰ ਨੂੰ ਇਸ ਸਬੰਧੀ ਫੈਸਲਾ ਸੁਣਾਇਆ। ਇੱਕ ਈਮੇਲ ਰਾਹੀਂ ਦਿੱਤੇ ਬਿਆਨ ਵਿੱਚ ਸਕੋਸ਼ੀਆਬੈਂਕ ਦੇ ਬੁਲਾਰੇ ਨੇ ਆਖਿਆ ਕਿ ਸਾਡੇ ਕਰਮਚਾਰੀਆਂ, ਗਾਹਕਾਂ, ਸ਼ੇਅਰਹੋਲਡਰਜ਼ ਤੇ ਕਮਿਊਨਿਟੀਜ਼ ਲਈ ਸੁਖਾਵਾਂ ਮਾਹੌਲ ਬਣਾਉਣ ਦੀ ਸਾਡੀ ਮੌਲਿਕ ਮਾਨਤਾ ਤੇ ਰੁਝਾਨ ਦੇ ਅਧਾਰ ਉੱਤੇ ਇਹ ਫੈਸਲਾ ਲਿਆ ਗਿਆ ਹੈ।

ਆਰਬੀਸੀ ਦੇ ਬੁਲਾਰੇ ਏਜੇ ਗੌਡਮੈਨ ਨੇ ਆਖਿਆ ਕਿ ਬੈਂਕ ਦਾ ਮੰਨਣਾ ਹੈ ਕਿ ਪੂਰੇ ਸਿਸਟਮ ਵਿੱਚ ਫੈਲੇ ਨਸਲਵਾਦ ਕਾਰਨ ਸਿਆਹ ਨਸਲ ਦੇ ਲੋਕਾਂ, ਮੂਲਵਾਸੀਆਂ ਤੇ ਹੋਰ ਨਸਲਾਂ ਦੇ ਲੋਕਾਂ ਲਈ ਆਰਥਿਕ ਤੇ ਸਮਾਜਕ ਤਰੱਕੀ ਲਈ ਮਿਲਣ ਵਾਲੇ ਮੌਕਿਆਂ ਲਈ ਬਰਾਬਰੀ ਨਾਲ ਮੁਕਾਬਲਾ ਕਰਨ ਦੀ ਸਮਰੱਥਾ ਵਿੱਚ ਰੁਕਾਵਟ ਆਉਂਦੀ ਹੈ। ਉਨ੍ਹਾਂ ਆਖਿਆ ਕਿ ਆਰਬੀਸੀ ਦਾ ਮੰਤਵ ਆਪਣੇ ਗਾਹਕਾਂ ਤੇ ਕਮਿਊਨਿਟੀਜ਼ ਦੀ ਖੁਸ਼ਹਾਲੀ ਲਈ ਕੰਮ ਕਰਨਾ ਹੈ ਤੇ ਇਸ ਟੀਚੇ ਦੀ ਪ੍ਰਾਪਤੀ ਲਈ ਸਾਨੂੰ ਸਿਸਟਮ ਵਿਚਲੇ ਨਸਲਵਾਦ ਤੇ ਪੱਖਪਾਤ ਨੂੰ ਖ਼ਤਮ ਕਰਨ ਵੱਲ ਕੰਮ ਕਰਨਾ ਹੋਵੇਗਾ।

ਉਨ੍ਹਾਂ ਆਖਿਆ ਕਿ ਇਸ ਦਾ ਇੱਕ ਢੰਗ ਗਲਤ ਜਾਣਕਾਰੀ ਤੇ ਨਫਰਤ ਭਰੇ ਭਾਸ਼ਣ ਖਿਲਾਫ ਖੜ੍ਹੇ ਹੋਣਾ ਹੈ। ਉਨ੍ਹਾਂ ਸਪਸ਼ਟ ਕੀਤਾ ਕਿ ਪਿੱਛੇ ਜਿਹੇ ਵਾਪਰੀਆਂ ਘਟਨਾਵਾਂ ਦੀ ਪ੍ਰਤੀਕਿਰਿਆ ਵਜੋਂ ਪਹਿਲੀ ਜੁਲਾਈ ਤੋਂ ਆਰਬੀਸੀ ਪੂਰੇ ਮਹੀਨੇ ਲਈ ਫੇਸਬੁੱਕ ਤੇ ਇੰਸਟਾਗ੍ਰਾਮ ਉੱਤੇ ਇਸ਼ਤਿਹਾਰ ਲਵਾਉਣੇ ਬੰਦ ਕਰੇਗਾ।

ਇਸ ਬਾਈਕਾਟ ਵਿੱਚ ਹਿੱਸਾ ਲੈਣ ਵਾਲੀਆਂ ਹੋਰ ਕੈਨੇਡੀਅਨ ਕੰਪਨੀਆਂ ਵਿੱਚ ਲੁਲੁਲੈਮਨ ਅਥਲੈਟਿਕਾ, ਮਾਊਨਟੇਨ ਇਕਿਉਪਮੈਂਟ ਕੋ-ਆਪ, ਆਰਕਟੈਰਿਕਸ ਤੇ ਮੂਜ਼ਹੈੱਡ ਬ੍ਰਿਊਰੀਜ਼ ਸ਼ਾਮਲ ਹਨ। ਇਸ ਕੈਂਪੇਨ ਵਿੱਚ ਹਿੱਸਾ ਲੈਣ ਵਾਲੇ ਕੌਮਾਂਤਰੀ ਬ੍ਰੈਂਡਜ਼ ਵਿੱਚ ਕੋਕਾ-ਕੋਲਾ, ਬੈਨ ਐਂਡ ਜੈਰੀਜ਼, ਐਡੀ ਬਾਇਰ, ਹਰਸ਼ੀਜ਼, ਹੌਂਡਾ ਤੇ ਪੈਟੇਗੌਨੀਆ ਸ਼ਾਮਲ ਹਨ।

jobs! jobs! jobs! jobs! jobs!

DUNDAS · JAFINE

HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton

ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com

# ਹੁਣ ਟੋਰਾਂਟੋ ਵਿੱਚ ਇੰਡੋਰ ਪਬਲਿਕ ਥਾਂਵਾਂ ਉੱਤੇ ਮਾਸਕ ਪਾਉਣਾ ਹੋਵੇਗਾ ਲਾਜ਼ਮੀ

ਟੋਰਾਂਟੋ, 2 ਜੁਲਾਈ (ਪੋਸਟ ਬਿਊਰੋ) : ਟੋਰਾਂਟੋ ਸਿਟੀ ਕਾਊਂਸਲ ਵੱਲੋਂ ਇੱਕ ਅਜਿਹੇ ਬਾਇਲਾਅ ਨੂੰ ਮਨਜ਼ੂਰੀ ਦਿੱਤੀ ਗਈ ਜਿਸ ਨਾਲ ਹੁਣ ਇੰਡੋਰ ਪਬਲਿਕ



ਥਾਂਵਾਂ ਉੱਤੇ ਮਾਸਕ ਪਾਉਣਾ ਲਾਜ਼ਮੀ ਹੋਵੇਗਾ।

ਟੋਰਾਂਟੋ ਦੇ ਉੱਘੇ ਹੈਲਥ ਅਧਿਕਾਰੀ ਨੇ ਪਹਿਲਾਂ ਇਹ ਸਿਫਾਰਿਸ਼ ਕੀਤੀ ਸੀ ਕਿ ਸਿਟੀ ਕਾਊਂਸਲ ਵੱਲੋਂ ਅਜਿਹਾ ਨਵਾਂ ਬਾਇਲਾਅ ਲਿਆਂਦਾ ਜਾਣਾ ਚਾਹੀਦਾ ਹੈ ਜਿਸ ਤਹਿਤ ਇੰਡੋਰ ਪਬਲਿਕ ਥਾਂਵਾਂ ਉੱਤੇ ਮਾਸਕ ਪਾਉਣਾ ਲਾਜ਼ਮੀ ਕੀਤਾ ਜਾਵੇ। ਮੰਗਲਵਾਰ ਸਵੇਰੇ ਮੈਡੀਕਲ ਆਫੀਸਰ ਆਫ ਹੈਲਥ ਡਾ. ਐਲੀਨ ਡੀ ਵਿੱਲਾ ਨੇ ਨਿਊਜ਼ ਕਾਨਫਰੰਸ ਵਿੱਚ ਇਹ ਐਲਾਨ ਕੀਤਾ ਕਿ ਕੋਵਿਡ-19 ਦੇ ਪਸਾਰ ਨੂੰ ਰੋਕਣ ਲਈ ਸਿਟੀ ਵੱਲੋਂ ਵੱਧ ਤੋਂ ਵੱਧ ਲੋਕਾਂ ਦੇ ਕੱਪੜੇ ਦੇ ਮਾਸਕ ਪਾਉਣੇ ਤੇ ਮੂੰਹ ਢਕਣੇ ਲਾਜ਼ਮੀ ਕਰ ਦਿੱਤੇ ਗਏ ਹਨ।

ਇਹ ਨਿਯਮ ਇਸ ਸਾਲ ਦੇ ਅੰਤ ਤੱਕ ਸਿਟੀ ਕਾਊਂਸਲ ਦੀ ਹੋਣ ਵਾਲੀ ਪਹਿਲੀ ਮੀਟਿੰਗ, ਜੋ ਕਿ ਇਸ ਸਮੇਂ 30 ਸਤੰਬਰ ਤੋਂ ਪਹਿਲੀ ਅਕਤੂਬਰ ਤੱਕ ਹੋਣੀ ਨਿਰਧਾਰਤ ਹੈ, ਤੱਕ ਪ੍ਰਭਾਵੀ ਰਹਿਣਗੇ।

ਦੋ ਸਾਲ ਤੋਂ ਘੱਟ ਉਮਰ ਦੇ ਬੱਚਿਆਂ, ਕਿਸੇ ਮੈਡੀਕਲ ਕਾਰਨ ਕਰਕੇ ਕਿਸੇ ਨੂੰ ਪਰੇਸ਼ਾਨੀ ਹੋਣ ਵਰਗੀ ਸਥਿਤੀ ਵਿੱਚ ਮਾਸਕ ਪਾਉਣ ਤੋਂ ਛੋਟ ਹੋਵੇਗੀ। ਇਹ ਐਲਾਨ ਕਰਦਿਆਂ ਵਿਲਾ ਨੇ ਆਖਿਆ ਕਿ ਮਹਾਂਮਾਰੀ ਦੀ ਸ਼ੁਰੂਆਤ ਤੋਂ ਹੀ ਉਹ ਸਾਰਿਆਂ ਨੂੰ ਇੱਕ ਦੂਜੇ ਦਾ ਧਿਆਨ ਰੱਖਣ ਲਈ ਆਖ ਰਹੇ ਹਨ। ਅੱਜ ਇਕ ਵਾਰੀ ਫਿਰ ਅਜਿਹੀ ਬੇਨਤੀ ਸਾਰਿਆਂ ਨੂੰ ਕੀਤੀ ਜਾ ਰਹੀ ਹੈ।

ਇੱਥੇ ਦੱਸਣਾ ਬਣਦਾ ਹੈ ਕਿ ਗ੍ਰੇਟਰ ਟੋਰਾਂਟੋ ਏਰੀਆ ਤੇ ਹੈਮਿਲਟਨ ਏਰੀਆ ਦੀਆਂ ਮਿਊਂਸਪੈਲਿਟੀਜ਼ ਦੇ ਮੇਅਰਜ਼ ਤੇ ਚੇਅਰਜ਼ ਨੇ ਸੋਮਵਾਰ ਨੂੰ ਇੱਕ ਖੁੱਲ੍ਹਾ ਪੱਤਰ ਲਿਖ ਕੇ ਮਾਸਕਸ ਨੂੰ ਲਾਜ਼ਮੀ ਕਰਨ ਦੀ ਮੰਗ ਕੀਤੀ ਸੀ ਪਰ ਸਿਹਤ ਮੰਤਰੀ ਕ੍ਰਿਸਟੀਨ ਐਲੀਅਟ ਨੇ ਅਜਿਹਾ ਕਰਨ ਤੋਂ ਇਨਕਾਰ ਕਰ ਦਿੱਤਾ ਸੀ। ਐਲੀਅਟ ਨੇ ਇਹ ਆਖਿਆ ਸੀ ਕਿ ਹੈਲਥ ਪ੍ਰੋਟੈਕਸ਼ਨ ਐਂਡ ਪ੍ਰਮੋਸ਼ਨ ਐਕਟ ਤਹਿਤ ਲੋਕਲ ਅਧਿਕਾਰੀਆਂ ਕੋਲ ਪਹਿਲਾਂ ਹੀ ਅਜਿਹੀ ਪਾਲਿਸੀ ਲਾਗੂ ਕਰਨ ਦਾ ਅਧਿਕਾਰ ਹੈ।

**WAREHOUSE ORDER PICKER** (For a Food distribution company in Scarborough)

**Job Description:**
- Order picking and packing as well as stocking up of shelves.
- Contribute to daily inbound or outbound warehouse operations.
- Palletize and wrap skids, Organize warehouse space, Pick and load orders quickly and accurately and other duties as required.

**Requirements:**
- 2 positions, Preferred Experience - 2-3 yrs. in food wholesale/distribution warehouse. Students/New Immigrants Welcome.
- Capable of lifting up to 50lbs
- Able to speak English
- Full time/ Part time Monday - Friday
- Hourly Rate - Order Picker - $18 to $21, depending upon experience.

Please send your resumes by email at siva@srimi.com or by fax at +1 647-351-7157 or
Call Ram at +1 647-831-9149 (Morning) or Siva at +1 416-666-8525 (Evening).

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

ਪੇਪਰ ਡਲਿਵਰੀ ਵਾਸਤੇ ਕਾਮਿਆਂ ਦੀ ਜ਼ਰੂਰਤ
ਸੈਰ ਸਪਾਟੇ ਨਾਲ ਹੁਣ ਕਰੋ ਕਮਾਈ

Flyer Distribution
ਅਸੀਂ ਪੇਪਰਾਂ ਦੀ ਡਲੀਵਰੀ ਕਰਦੇ ਹਾਂ ਅਤੇ ਸਾਨੂੰ ਵੀਕਡੇਜ਼ ਵਾਸਤੇ ਬੰਦਿਆਂ ਦੀ ਜ਼ਰੂਰਤ ਹੈ ਜਿਨ੍ਹਾਂ ਨੇ ਪੇਪਰਾਂ ਦਾ ਕੰਮ ਕੀਤਾ ਹੋਵੇ ਉਨ੍ਹਾਂ ਨੂੰ ਪਹਿਲ ਦਿੱਤੀ ਜਾਵੇਗੀ।
ਮਾਰਕਟਿੰਗ ਲਈ ਤਜਰੇਬੇਕਾਰ ਪ੍ਰੋਫੈਸ਼ਨਲਜ ਦੀ ਤੁਰੰਤ ਲੋੜ ਹੈ, ਵਧੀਆ ਪੈਕੇਜ
ਰੈਕਸਡੇਲ, ਮਾਲਟਨ ਅਤੇ ਬਰੈਂਪਟਨ ਦੇ ਨਿਵਾਸੀ ਹੀ ਕਾਲ ਕਰਨ।
ਹੋਰ ਜਾਣਕਾਰੀ ਲਈ ਕਾਲ ਕਰੋ। 416-726-9409 647-208-7011

CALL TODAY FOR ANY CLASSIFIED OR MATRIMONIAL AD !!!
905-793-2202

ਫੈਨਸਾਂ ਜਾਂ ਘਰਾਂ ਦੇ ਰੰਗ ਕਰਨ ਲਈ ਇਕੋ ਨਾਂ, ਇਕੋ ਨੂੰ:
647 202 7902 ਜਾਂ 647 794 6514
8 ਸਾਲਾਂ ਦਾ ਤਜ਼ਰਬਾ । ਵਾਜਿਬ ਰੇਟ ਤੇ ਸਮੇ ਸਿਰ ਕੰਮ
ਰੇਟ: $14/ਘੰਟਾ

ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ
• 6 ਦਿਨ ਕੰਮ ਸੋਮਵਾਰ ਤੋ ਸ਼ਨੀਵਾਰ • Biweekly payment
• Homely Environment • ਵਧੀਆ ਤਨਖਾਹ
Minimum 1 year experience & Trained mechanic
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.898.4042/416.505.6857
(Call from 9am to 6pm)

GF1
Security Jobs - Security Guard Training - Licensing
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
■ Ministry of Community Safety and Correctional Services approved. ■ We speak English, Hindi, Punjabi &Urdu.
■ Training by Professional Instructors. First Aid & CPR certification included. ■ Limited time offer:$199/-
We Also Provide All Level's of First Aid & CPR Training
• Emergency First Aid & CPR Level's A.B.C
• Standard First Aid & CPR Level's A.B.C.HCP
• Stay at Home Course
• Baby Sitting Course
• Little Rescuers
H.O: 1332 Khalsa Dr.,Unit 3,2nd Floor,Mississauga, L5S1W5
(Near Dixie Gurdwara)
647-710-7760
Email: info@gf1security.com
1085 Bellamy Rd (N)
Unit #210 Scarbrough (Toronto)
647-929-7736
Web: www.gf1security.com
REVIVE EMS
CANADIAN RED CROSS Training Partner

A/Z CITY DRIVER WANTED
INNOVATION Transportation
○ A/Z City Drivers Needed
○ Good Pay and good Mileage
○ Day, Afternoon & Weekend Shifts
○ Weekly Pay
$22 /Hour
○ 7 Days Work ○ All Shifts Available
Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton

Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
info@a1renovationgta.com
www.a1renovationgta.com
$1,000
Services:
• Complete Basement
• Tiles
• Bathrooms
• Plumbing
• Laminate
• Hardwood Floor
• Painting
A-1 RENOVATION GTA INC.
22 Listcreek Road, Brampton L6p 2n6

ਕੀ ਤੁਸੀਂ ਕੰਮ ਲੱਭ ਰਹੇ ਹੋ?
ਤਾਂ ਅੱਜ ਹੀ ਕਾਲ ਕਰੋ!
AL EMPLOYMENT SERVICES INC
Looking for Experienced:
○ Machine Operators ○ AZ-DZ Drivers
○ Forklift Driver ○ Machine Mechanic
○ Millwright's
(905) 564-2322 | (416) 700 0011
Monday-Friday (10am to 5:30pm)
6630 Tomken Rd., Mississauga, L5T 1N1

HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com

CELLNTELL DISTRIBUTION INC
1-401 Traders Blvd E, Mississauga. ON
Requires F/T Permanent Position. "General Manager Financial Communication and Services to do the following:
• Create and establish finance operational methods /policies or strategies by evaluating trends to increase the growth of business.
• Determine the company's mission and strategic direction as conveyed through policies and concrete objectives which are met through the effective management of human, financial and material resources
• Authorize and organize the establishment of major departments and associated senior staff positions
• Plan, Monitor and review job contributions and compensation strategies.
• Establish productivity, quality and customer service strategies.
• Conduct operation strategies to improve, reduce cost and system enhancement.
• Monitor and Manage support services for accounts and finance. Facilitate coordination and communication between support functions.
• Represent the organization, or delegate representatives to act in negotiations or other official functions.
Salary: $58 per hour with 35hrs week, Experience:5 yrs, Bachelor's Degree (Required) with English Proficiency.
Email Resume : umar.w@cellntell.com

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE
WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

You can Place Your Business Here
(905)793-2202
To Reach Wider Audience

# ਫਿਲਮੀ ਦੁਨੀਆਂ

## ਸ਼ਰੁਤੀ ਹਾਸਨ : 10 ਘੰਟੇ ਸ਼ੂਟਿੰਗ ਲਈ ਸੱਤਰ ਲੱਖ



ਅਮਿਤਾਭ ਬੱਚਨ ਅਤੇ ਤਾਪਸੀ ਪੰਨੂ ਸਟਾਰਰ ਫਿਲਮ ‘ਪਿੰਕ’ ਦੇ ਤੇਲਗੂ ਰੀਮੇਕ 'ਤੇ ਕੰਮ ਚੱਲ ਰਿਹਾ ਹੈ, ਜਿਸ ਵਿੱਚ ਪਵਨ ਕਲਿਆਣ ਲੀਡ ਰੋਲ ਵਿੱਚ ਅਮਿਤਾਭ ਬੱਚਨ ਦਾ ਰੋਲ ਕਰਨ ਵਾਲਾ ਹੈ। ਫਿਲਮ ਦਾ ਨਾਂਅ ‘ਵਕੀਲ ਸਾਹਿਬ’ ਰੱਖਿਆ ਗਿਆ ਹੈ। ਸੂਤਰਾਂ ਮੁਤਾਬਕ ਫਿਲਮ ਲਈ ਸ਼ਰੂਤੀ ਹਾਸਨ ਨੂੰ ਬਤੌਰ ਲੀਡ ਹੀਰੋਇਨ ਸਾਈਨ ਕੀਤਾ ਜਾ ਰਿਹਾ ਹੈ ਤੇ ਇਸ ਦੇ ਬਦਲੇ ਉਹ ਇੱਕ ਬਹੁਤ ਵੱਡੀ ਰਕਮ ਚਾਰਜ ਕਰਨ ਵਾਲੀ ਹੈ। ਫਿਲਮ ਲਈ ਉਸ ਨੇ ਸੱਤਰ ਲੱਖ ਰੁਪਏ ਦੀ ਮੰਗ ਰੱਖੀ ਹੈ। ਖਾਸ ਗੱਲ ਹੈ ਕਿ ਉਸ ਨੂੰ ਇਸ ਦੌਰਾਨ 10 ਘੰਟੇ ਸ਼ੂਟਿੰਗ ਕਰਨੀ ਹੈ। ਹਾਲੇ ਇਸ ਬਾਰੇ ਵਿੱਚ ਅਧਿਕਾਰਕ ਜਾਣਕਾਰੀ ਨਹੀਂ ਮਿਲ ਸਕੀ। ਇਸ ਲਈ ਸ਼ਰੁਤੀ ਹਾਸਨ ਇਸ ਫਿਲਮ ਦਾ ਹਿੱਸਾ ਹੋਵੇਗਾ ਜਾਂ ਨਹੀਂ, ਪਤਾ ਨਹੀਂ।

ਪਤਾ ਲੱਗਾ ਹੈ ਕਿ ਸ਼ਰੁਤੀ ਤੋਂ ਪਹਿਲਾਂ ਨਿਰਮਾਤਾਵਾਂ ਨੇ ਇਸ ਕਿਰਦਾਰ ਲਈ ਲਾਵਣਯਾ ਤ੍ਰਿਪਾਠੀ, ਇਲਿਆਨਾ ਡਿਕਰੂਜ਼ ਅਤੇ ਪੂਜਾ ਹੇਗੜੇ ਆਦਿ ਅਭਿਨੇਤਰੀਆਂ ਨਾਲ ਸੰਪਰਕ ਕੀਤਾ ਸੀ। ਬਾਅਦ ਵਿੱਚ ਨਿਰਮਾਤਾਵਾਂ ਨੇ ਖੁਦ ਫਿਲਮ ਲਈ ਸ਼ਰੁਤੀ ਨਾਲ ਗੱਲ ਕੀਤੀ ਹੈ। ਫਿਲਮ ਵਿੱਚ ਉਹ ਪਵਨ ਕਲਿਆਣ ਦੀ ਪਤਨੀ ਦਾ ਕਿਰਦਾਰ ਨਿਭਾਉਣ ਵਾਲੀ ਸੀ। ਹਿੰਦੀ ਭਾਸ਼ਾ ਵਿੱਚ ਬਣੀ ਇਸ ਫਿਲਮ ਵਿੱਚ ਇਹ ਕਿਰਦਾਰ ਵਿਦਿਆ ਬਾਲਨ ਨੇ ਨਿਭਾਇਆ ਸੀ। ਇਸ ਦੀ ਸ਼ੂਟਿੰਗ ਨਿਰਮਾਤਾ ਜੁਲਾਈ ਵਿੱਚ ਕਰਨ ਵਾਲੇ ਹਨ। ਇਸ ਲਈ ਨਿਰਮਾਤਾ ਇਨ੍ਹੀਂ ਦਿਨੀਂ ਤਿਆਰੀ ਵਿੱਚ ਜੁਟ ਗਏ ਹਨ। ਸ਼ਰੁਤੀ ਨੇ ਸਾਲ 2000 ਵਿੱਚ ਫਿਲਮ ‘ਲਕ’ ਨਾਲ ਬਾਲੀਵੁੱਡ ਵਿੱਚ ਆਪਣੀ ਸ਼ੁਰੂਆਤ ਕੀਤੀ ਤੇ ਫਿਰ ਉਸ ਨੇ ‘ਦਿਲ ਤੋ ਬੱਚਾ ਹੈ ਜੀ’, ‘ਰਮੱਈਆ ਵਸਤਾਵਈਆ’ ਅਤੇ ‘ਬਹਿਨ ਹੋਗੀ ਤੇਰੀ’ ਆਦਿ ਫਿਲਮਾਂ ਵਿੱਚ ਕੰਮ ਕੀਤਾ ਸੀ। ਸਾਊਥ ਫਿਲਮਾਂ ਵਿੱਚ ਉਸ ਨੇ ‘ਗੱਬਰ ਸਿੰਘ’, ‘ਯਦੂ’ ਅਤੇ ‘ਪੁਲੀ’ ਆਦਿ ਹਿੱਟ ਫਿਲਮਾਂ ਵਿੱਚ ਕੰਮ ਕੀਤਾ। ਉਸ ਦੀਆਂ ਅਗਲੀਆਂ ਫਿਲਮਾਂ ਵਿੱਚ ਤੇਲਗੂ ਫਿਲਮ ‘ਕ੍ਰੈਕ’ ਅਤੇ ਤਮਿਲ ਫਿਲਮ ‘ਲਾਬਾਸ’ ਵੀ ਸ਼ਾਮਲ ਹੈ ਜਿਸ ਵਿੱਚ ਉਹ ਨਜ਼ਰ ਆਏਗੀ।

## ਬਾਲੀਵੁੱਡ ਵਿੱਚ ਤੁਸੀਂ ਟੈਲੇਂਟਿਡ ਹੋ ਤਾਂ ਵੀ ਪਿੱਛੇ ਹੋ : ਮਨੋਜ



ਮੰਨੇ ਪ੍ਰਮੰਨੇ ਅਭਿਨੇਤਾ ਮਨੋਜ ਵਾਜਪਾਈ ਨੇ ਫਿਲਮ ਇੰਡਸਟਰੀ ਵਿੱਚ ਨੈਪੋਟਿਜ਼ਮ (ਭਾਈ ਭਤੀਜਾਵਾਦ) ਬਾਰੇ ਕਿਹਾ ਕਿ ਬਾਲੀਵੁੱਡ ਵਿੱਚ ਤੁਸੀਂ ਟੈਲੇਂਟਿਡ ਹੋ ਤਾਂ ਵੀ ਪਿੱਛੇ ਹੋ। ਬਾਲੀਵੁੱਡ ਵਿੱਚ ਨੈਪੋਟਿਜ਼ਮ 'ਤੇ ਚੱਲਦੀ ਬਹਿਸ ਬਾਰੇ ਮਨੋਜ ਵਾਜਪਾਈ ਨੇ ਆਪਣੀ ਪ੍ਰਤੀਕਿਰਿਆ ਦਿੱਤੀ ਹੈ। ਉਸ ਨੇ ਕਿਹਾ, ‘‘ਦੁਨੀਆ ਨਿਰਪੱਖ ਨਹੀਂ, ਇਹ ਗੱਲ 20 ਸਾਲ ਤੋਂ ਕਹਿ ਰਿਹਾ ਹਾਂ, ਸਾਡੀ ਇੰਡਸਟਰੀ ਵਿੱਚ ਟੈਲੇਂਟਿਡ ਐਕਟਰ ਹਨ, ਪਰ ਉਨ੍ਹਾਂ ਨੂੰ ਸਹੀ ਜਗ੍ਹਾ ਨਹੀਂ ਮਿਲ ਰਹੀ, ਇਥੇ ਤੁਸੀਂ ਟੈਲੇਂਟਿਡ ਹੋ ਤਾਂ ਵੀ ਪਿੱਛੇ ਹੋ, ਕਿਉਂਕਿ ਤੁਹਾਨੂੰ ਲੋਕ ਭਜਾਉਣ ਅਤੇ ਅਣਗੌਲੇ ਕਰਨ ਦੀ ਕੋਸ਼ਿਸ਼ ਕਰਨਗੇ।’’

## ਸੁਸ਼ਾਂਤ ਦੀ ਫਿਲਮ ਦਾ ਪ੍ਰਮੋਸ਼ਨ ਕਰਨਗੇ ਰਾਜ ਕੁਮਾਰ ਰਾਓ



ਰਾਜਕੁਮਾਰ ਰਾਓ, ਸੁਸ਼ਾਂਤ ਸਿੰਘ ਰਾਜਪੂਤ ਦੀ ਆਖਰੀ ਫਿਲਮ‘ਦਿਲ ਬੇਚਾਰਾ' ਦਾ ਪ੍ਰਮੋਸ਼ਨ ਕਰਨ ਜਾ ਰਹੇ ਹਨ। ਸੁਸ਼ਾਂਤ ਦੀ ਆਖਰੀ ਫਿਲਮ ‘ਦਿਲ ਬੇਚਾਰਾ’ 24 ਜੁਲਾਈ ਨੂੰ ਓ ਟੀ ਟੀ ਪਲੇਟਫਾਰਮ ਡਿਜ਼ਨੀ ਪਲੱਸ ਹੌਟਸਟਾਰ ਉੱਤੇ ਰਿਲੀਜ਼ ਕੀਤੀ ਜਾ ਰਹੀ ਹੈ। ਰਾਜਕੁਮਾਰ ਰਾਓ ਨੇ ਆਪਣੇ ਇੰਸਟਾਗ੍ਰਾਮ ਅਕਾਊਂਟ 'ਤੇ ਫਿਲਮ ਦਾ ਪੋਸਟਰ ਸ਼ੇਅਰ ਕੀਤਾ। ਸੁਸ਼ਾਂਤ ਦੀ ਡੈਬਿਊ ਫਿਲਮ ‘ਕਾਇ ਪੋ ਛੇ’ ਅਤੇ ਬਾਅਦ ਵਿੱਚ ‘ਰਾਬਤਾ’ ਵਿੱਚ ਉਨ੍ਹਾਂ ਦੇ ਸਹਿ ਕਲਾਕਾਰ ਰਹਿ ਚੁੱਕੇ ਰਾਜ ਕੁਮਾਰ ਰਾਓ ਨੇ ਪੋਸਟਰ ਨੂੰ ਇੱਕ ਰੈਡ ਹਾਰਟ ਇਮੋਜੀ ਦੇ ਨਾਲ ਸਾਂਝਾ ਕੀਤਾ। ਸੁਸ਼ਾਂਤ ਦੀ ਅਚਾਨਕ ਮੌਤ 'ਤੇ ਦੁੱਖ ਪ੍ਰਗਟ ਕਰਦੇ ਹੋਏ ਰਾਜ ਕੁਮਾਰ ਰਾਓ ਨੇ ਸੋਸ਼ਲ ਮੀਡੀਆ 'ਤੇ ਲਿਖਿਆ ਸੀ, ‘‘ਤੁਹਾਡੀ ਯਾਦ ਆਏਗੀ ਭਾਈ।’’ ਇਸ ਦੌਰਾਨ, ਸੋਸ਼ਲ ਮੀਡੀਆ 'ਤੇ ਲੋਕ ਫਿਲਮ ਨੂੰ ਓ ਟੀ ਟੀ ਉੱਤੇ ਰਿਲੀਜ਼ ਕੀਤੇ ਜਾਣ ਦੇ ਫੈਸਲੇ ਤੋਂ ਨਾਖੁਸ਼ ਦਿਸੇ ਅਤੇ ਉਨ੍ਹਾਂ ਨੇ ਕੁਝ ਸਮੇਂ ਤੱਕ ਦੇ ਲਈ ਹੀ ਸਹੀ, ਪਰ ਫਿਲਮ ਨੂੰ ਸਿਨੇਮਾਘਰਾਂ ਵਿੱਚ ਰਿਲੀਜ਼ ਕੀਤੇ ਜਾਣ ਦੀ ਮੰਗ ਕੀਤੀ ਹੈ।

## ਪਤੀ-ਪਤਨੀ ਔਰ ਵੋ : ਕਿੱਸਾ ਦਲੀਪ, ਸਾਇਰਾ ਅਤੇ ਅਸਮਾਂ ਦਾ



ਇੱਕ ਦਿਨ ਇਹ ਖਬਰ ਹੈਦਰਾਬਾਦ ਤੋਂ ਉੱਡੀ ਜਿਸ ਨੇ ਸਾਰੇ ਦੇਸ਼ ਨੂੰ ਹੈਰਾਨ ਕਰ ਦਿੱਤਾ। ਖਬਰ ਅਨੁਸਾਰ ਦਲੀਪ ਕੁਮਾਰ ਨੇ ਹੈਦਰਾਬਾਦ ਦੀ ਇੱਕ ਵਿਆਹੁਤਾ ਔਰਤ ਤੇ ਦੋ ਬੱਚਿਆਂ ਦੀ ਮਾਂ ਅਸਮਾਂ ਬਾਨੋਂ ਨਾਲ ਦੂਜਾ ਵਿਆਹ ਕਰ ਲਿਆ ਸੀ। ਵਿਆਹ ਦੀ ਇਸ ਕਹਾਣੀ ਨੂੰ ਸਭ ਤੋਂ ਪਹਿਲਾਂ ਹੈਦਰਾਬਾਦ ਤੋਂ ਛਪਣ ਵਾਲੀ ਉਰਦੂ ਭਾਸ਼ਾ ਦੀ ਇੱਕ ਮਹੀਨਾਵਾਰ ਮੈਗਜ਼ੀਨ ‘ਫਿਲਮੀ ਸਿਤਾਰੇ' ਨੇ ਛਾਪਿਆ ਸੀ। ਮੈਗਜੀਨ ਨੇ ਇਸ ਵਿਆਹ ਦੀ ਪੂਰੀ ਖਬਰ ਰਿਪੋਰਟਿੰਗ ਨਾਲ ਛਾਪੀ। ਇਹ ਹੰਗਾਮਾ ਚੱਲ ਰਿਹਾ ਸੀ ਕਿ ਮੁੰਬਈ ਵਿੱਚ ਅੰਗਰੇਜ਼ੀ ਹਫਤਾਵਾਰੀ ‘ਕਰੰਟ’ ਨੇ ਵਿਆਹ ਦੀ ਤਸਵੀਰ ਅਤੇ ਇੰਟਰਵਿਊ ਛਾਪ ਕੇ ਕਰੰਟ ਫੈਲਾ ਦਿੱਤਾ। ਨਾਲ ‘ਕਰੰਟ’ ਨੇ ਇੱਕ ਬਾਕਸ ਵਿੱਚ ਇਹ ਛਾਪਿਆ ਕਿ ਆਉਣ ਵਾਲੇ ਹਫਤੇ ਦੇ ਅੰਕ ਵਿੱਚ ਸੰਪਾਦਕ ਅਯੂਬ ਸੱਯਦ, ਦਲੀਪ ਕੁਮਾਰ ਅਤੇ ਸਾਇਰਾ ਬਾਨੋ ਦਾ ਇੰਟਰਵਿਊ ਪ੍ਰਕਾਸ਼ਿਤ ਕਰਨ ਜਾ ਰਹੇ ਹਨ।

ਇਸੇ ਦੌਰਾਨ ਦਲੀਪ ਕੁਮਾਰ ਹੋਰ ਖਬਰਾਂ 'ਚ ਇਸ ਦੂਸਰੇ ਵਿਆਹ ਦਾ ਖੰਡਨ ਕਰਦੇ ਰਹੇ ਅਤੇ ਸਾਇਰਾ ਬਾਨੋ ਨੇ ਆਪਣੇ ਇੰਟਰਵਿਊ ਵਿੱਚ ਇਥੋਂ ਤੱਕ ਕਿਹਾ ਕਿ ਸਾਹਿਬ (ਦਲੀਪ ਕੁਮਾਰ) ਨੇ ਕੁਰਾਨ ਉਤੇ ਹੱਥ ਰੱਖ ਕੇ ਉਨ੍ਹਾਂ ਦੀ ਕਸਮ ਖਾਧੀ ਹੈ ਅਤੇ ਕਿਹਾ ਹੈ ਕਿ ਇਹ ਸਭ ਅਖਬਾਰਾਂ ਦੀਆਂ ਬਣਾਈਆਂ ਝੂਠੀਆਂ ਕਹਾਣੀਆਂ ਹਨ। ਦਲੀਪ ਕੁਮਾਰ ਤੇ ਅਸਮਾਂ ਬਾਨੋ ਦੇ ਵਿਆਹ ਦੀਆਂ ਇੰਨੀਆਂ ਕਹਾਣੀਆਂ ਸੁਣਨ ਵਿੱਚ ਆ ਰਹੀਆਂ ਸਨ ਕਿ ਪਤਾ ਨਹੀਂ ਲੱਗ ਪਾ ਰਿਹਾ ਸੀ ਕਿ ਸੱਚ ਕੀ ਹੈ? ਫਿਰ ‘ਕਰੰਟ’ ਦਾ ਨਵਾਂ ਅੰਕ ਬਾਜ਼ਾਰ ਵਿੱਚ ਆਇਆ ਜੋ ਇਸ ਵਿਆਹ ਦੀ ਕਵਰ ਸਟੋਰੀ ਨਾਲ ਛਾਪਿਆ ਸੀ। ਇਸ 'ਚ ਦਲੀਪ ਕੁਮਾਰ ਅਤੇ ਸਾਇਰਾ ਬਾਨੋ ਦੇ ਇੰਟਰਵਿਊ ਦੇ ਨਾਲ ਉਸ ਮੌਲਵੀ ਦਾ ਇੰਟਰਵਿਊ ਸੀ, ਜਿਸ ਨੇ ਦਲੀਪ ਕੁਮਾਰ ਦਾ ਅਸਮਾਂ ਬਾਨੋਂ ਨਾਲ ਦੂਜਾ ਵਿਆਹ ਕਰਵਾਇਆ ਸੀ। ਮੌਲਵੀ ਨੇ ਆਪਣੇ ਇੰਟਰਵਿਊ ਵਿੱਚ ਮੇਹਰ ਦੀ ਰਕਮ ਤਿੰਨ ਲੱਖ ਰੁਪਏ ਤੈਅ ਹੋਣ ਦੀ ਗੱਲ ਵੀ ਦੱਸੀ ਸੀ। ‘ਕਰੰਟ’ ਦੀ ਇਸ ਕਵਰ ਸਟੋਰੀ ਦਾ ਸਭ ਤੋਂ ਦਿਲਚਸਪ ਪਹਿਲੂ ਇਹ ਸੀ ਕਿ ਇੰਟਰਵਿਊ 'ਚ ਦਲੀਪ ਕੁਮਾਰ ਵਿਆਹ ਦਾ ਖੰਡਨ ਕਰ ਰਹੇ ਸਨ, ਕੁਰਾਨ ਦੀਆਂ ਕਸਮਾਂ ਖਾ ਰਹੇ ਸਨ ਅਤੇ ਸਾਹਮਣੇ ਦੂਜੇ ਪੰਨੇ 'ਤੇ ਵਿਆਹ ਦਾ ਉਹ ‘ਨਿਕਾਹਨਾਮਾ’ ਛਪਿਆ ਸੀ ਜਿਸ ਵਿੱਚ ਯੂਸਫ ਖਾਨ ਅਤੇ ਅਸਮਾਂ ਬਾਨੋ ਦੇ ਉਰਦੂ ਵਿੱਚ ਹਸਤਾਖਰ ਦੇ ਨਾਲ ਮੌਲਵੀ ਦੇ ਹਸਤਾਖਰ ਵੀ ਮੌਜੂਦ ਸਨ। ਸਪੱਸ਼ਟ ਸੀ ਕਿ ‘ਨਿਕਾਹਨਾਮਾ’ ਦਲੀਪ ਕੁਮਾਰ ਦੀਆਂ ਸਾਰੀਆਂ ਗੱਲਾਂ ਨੂੰ ਝੂਠ ਸਾਬਿਤ ਕਰ ਚੁੱਕਾ ਸੀ ਅਤੇ ਦੂਜੇ ਵਿਆਹ ਦੀਆਂ ਸੱਚ ਸਾਬਿਤ ਹੋ ਚੁੱਕੀਆਂ ਸਨ।

## ਪਾਨ ਵਾਲੇ ਦੇ ਰੋਲ ਲਈ ਪਾਨ ਦੀ ਦੁਕਾਨ ਉੱਤੇ ਬਿਤਾਏ ਤਿੰਨ ਦਿਨ : ਜਤਿੰਦਰ ਕੁਮਾਰ

ਆਯੁਸ਼ਮਾਨ ਖੁਰਾਣਾ ਸਟਾਰਰ ‘ਸ਼ੁਭ ਮੰਗਲ ਜ਼ਿਆਦਾ ਸਾਵਧਾਨ’ ਵਿੱਚ ਨਜ਼ਰ ਆਏ ਜਤਿੰਦਰ ਕੁਮਾਰ ਦੀ ਤਾਜ਼ਾ ਰਿਲੀਜ਼ ਵੈੱਬ ਸੀਰੀਜ਼ ‘ਚਮਨ ਬਹਾਰ' ਚਰਚਾ ਵਿੱਚ ਹੈ। ਇਸ ਵਿੱਚ ਉਸ ਨੇ ਇੱਕ ਪਾਨ ਵਾਲੇ ਦੀ ਭੂਮਿਕਾ ਨਿਭਾਈ ਹੈ ਜਿਸ ਦੇ ਬਾਰੇ ਉਨ੍ਹਾਂ ਨਾਲ ਗੱਲਬਾਤ ਹੋਈ। ਪੇਸ਼ ਹਨ ਉਸੇ ਗੱਲਬਾਤ ਦੇ ਕੁਝ ਅੰਸ਼ :

* ‘ਸ਼ੁਭ ਮੰਗਲ ਜ਼ਿਆਦਾ ਸਾਵਧਾਨ’ ਦੀ ਰਿਲੀਜ਼ ਦੇ ਬਾਅਦ ਤੁਹਾਨੂੰ ਕਿਸ ਤਰੀਕੇ ਦਾ ਰਿਐਕਸ਼ਨ ਮਿਲਿਆ?

-‘ਸ਼ੁਭ ਮੰਗਲ ਜ਼ਿਆਦਾ ਸਾਵਧਾਨ’ ਦੀ ਸਕਰੀਨਿੰਗ ਪਿੱਛੋਂ ਮੈਨੂੰ ਮੇਰੇ ਮਨਪਸੰਦ ਡਾਇਰੈਕਟਰ-ਪ੍ਰੋਡਿਊਸਰ ਆਨੰਦ ਐੱਲ ਰਾਏ ਨੇ ਬੁਲਾ ਕੇ ਖੂਬ ਤਾਰੀਫ ਕੀਤੀ। ਨਾਲ ਹੀ ਇਸ ਫਿਲਮ ਦੇ ਰਿਲੀਜ਼ ਹੋਣ ਦੇ ਬਾਅਦ ਐਲ ਜੀ ਬੀ ਟੀ ਕਮਿਊਨਿਟੀ ਦੇ ਕਈ ਲੋਕਾਂ ਨੇ ਮੈਨੂੰ ਮੈਸੇਜ ਕੀਤੇ ਅਤੇ ਧੰਨਵਾਦ ਦਿੱਤਾ ਕਿ ਅਸੀਂ ਇਸ ਮੁੱਦੇ 'ਤੇ ਫਿਲਮ ਬਣਾਈ ਹੈ।

* ਫਿਲਮ ਦੇ ਕਿਸਿੰਗ ਸੀਨ ਨੂੰ ਲੈ ਕੇ ਮਾਤਾ-ਪਿਤਾ ਦੀ ਕੀ ਰਿਐਕਸ਼ਨ ਸੀ?

- ਫਿਲਮ ਵਿੱਚ ਮੇਰੇ ਅਤੇ ਆਯੁਸ਼ਮਾਨ ਵਿੱਚ ਜੋ ਕਿਸਿੰਗ ਸੀਨ ਸੀ, ਥੋੜ੍ਹਾ ਆਕਵਰਡ ਸੀ ਕਿਉਂਕਿ ਅਸੀਂ ਦੋਵੇਂ ਹੀ ਮੇਲ ਹਾਂ। ਇਸ ਸੀਨ ਦੇ ਬਾਰੇ ਮੇਰੇ ਮਾਤਾ-ਪਿਤਾ ਨੂੰ ਪਤਾ ਨਹੀਂ ਸੀ। ਜਦ ਉਨ੍ਹਾਂ ਨੇ ਟ੍ਰੇਲਰ ਦੇਖਿਆ ਤਾਂ ਮੈਂ ਵੀ ਥੋੜ੍ਹਾ ਅਸਹਿਜ ਹੋ ਗਿਆ। ਫਿਰ ਜਦ ਉਨ੍ਹਾਂ ਨੂੰ ਸਮਝ ਆਇਆ ਕਿ ਇਹ ਸਕ੍ਰਿਪਟ ਦੀ ਮੰਗ ਹੈ, ਤਦ ਸਭ ਨਾਰਮਲ ਹੋ ਗਿਆ।

* ‘ਚਮਨ ਬਹਾਰ’ ਦੇ ‘ਸ਼ੁਭ ਮੰਗਲ ਜ਼ਿਆਦਾ ਸਾਵਧਾਨ' ਦੇ ਬਾਅਦ ਰਿਲੀਜ਼ ਹੋਣ ਤੋਂ ਕੋਈ ਫਾਇਦਾ ਹੋਇਆ?

- ਜੀ ਬਿਲਕੁਲ, ‘ਚਮਨ ਬਹਾਰ' ਮੈਨੂੰ ਲਗਭਗ ਦੋ ਸਾਲ ਪਹਿਲਾਂ ਆਫਰ ਹੋਈ ਸੀ। ਇਸ ਨੂੰ ਪ੍ਰਿਪੇਅਰ ਕਰਨ ਵਿੱਚ ਮੈਨੂੰ ਤਕਰੀਬਨ ਸੱਤ ਤੋਂ ਅੱਠ ਮਹੀਨੇ ਲੱਗੇ ਅਤੇ ਮੈਨੂੰ ‘ਸ਼ੁਭ ਮੰਗਲ ਜ਼ਿਆਦਾ ਸਾਵਧਾਨ’ ਮਿਲ ਗਈ ਅਤੇ ਅਸੀਂ ਸਭ ਨੇ ਇਹ ਫੈਸਲਾ ਲਿਆ ਕਿ ਪਹਿਲਾਂ ਉਸ ਫਿਲਮ ਨੂੰ ਰਿਲੀਜ਼ ਹੋਣ ਦਿੰਦੇ ਹਾਂ। ਉਸ ਦੇ ਬਾਅਦ ਹੀ ਇਸ ਫਿਲਮ ਨੂੰ ਰਿਲੀਜ਼ ਕੀਤਾ ਜਾਏਗਾ ਇਸ ਫਿਲਮ ਦੇ ਬਿਜ਼ਨਸ ਵਿੱਚ ਹੋਰ ਵਾਧਾ ਹੋਵੇ। ਇਹ ਫੈਸਲਾ ਪੂਰੀ ਟੀਮ ਨੇ ਇਕੱਠੇ ਮਿਲ ਕੇ ਕੀਤਾ ਸੀ।

* ਇਸ ਫਿਲਮ ਲਈ ਕੋਈ ਖਾਸ ਤਿਆਰੀ ਕੀਤੀ?

- ਫਿਲਮ ਦੀ ਸ਼ੂਟਿੰਗ ਛੱਤੀਸਗੜ੍ਹ, ਰਾਏਪੁਰ ਵਿੱਚ ਹੋਈ ਹੈ। ਇਸ ਵਿੱਚ ਪਾਨ ਵਾਲੇ ਦੀ ਭੂਮਿਕਾ ਨੂੰ ਨਿਭਾਉਣ ਲਈ ਮੈਂ ਪਾਨ ਦੀ ਦੁਕਾਨ 'ਤੇ ਘੱਟੋਂ ਘੱਟ ਤਿੰਨ-ਚਾਰ ਦਿਨ ਬਿਤਾਏ ਅਤੇ ਉਥੇ ਬੈਠ ਕੇ ਪਾਨ ਲਗਾਉਣਾ ਸਿਖਿਆ। ਨਾਲ ਹੀ ਦੁਕਾਨ ਵਾਲੇ ਦੀ ਟੋਨ ਫੜੀ।

* ਕੀ ‘ਚਮਨ ਬਹਾਰ’ ਦੀ ਕਹਾਣੀ ਵਾਂਗ ਤੁਹਾਨੂੰ ਵੀ ਇਨੋਸੈਂਟ ਵਾਲਾ ਲਵ ਹੋਇਆ ਹੈ?

- ਮੈਨੂੰ ਸਕੂਲ ਵਿੱਚ ਕਈ ਵਾਰ ਪਿਆਰ ਹੋਇਆ ਹੈ। ਉਸ ਦੌਰਾਨ ਗੱਲ ਕਰਨ ਲਈ ਸਮਾਂ ਹੀ ਨਹੀਂ ਮਿਲਦਾ ਸੀ। ਸਕੂਲ ਤੋਂ ਸਿੱਧਾ ਘਰ ਚਲੇ ਜਾਂਦੇ ਤਾਂ ਸ਼ਾਮ ਨੂੰ ਮੈਂ ਸਾਈਕਲ ਲੈ ਕੇ ਆਪਣੇ ਦੋਸਤਾਂ ਨਾਲ ਉਨ੍ਹਾਂ ਦੇ ਘਰ ਦੇ ਸਾਹਮਣਿਉਂ ਨਿਕਲਦਾ ਸੀ ਕਿ ਕਿਤੇ ਇੱਕ ਝਲਕ ਮਿਲ ਜਾਏ। ਕਾਲਜ ਵਿੱਚ ਵੀ ਇੱਕ ਵਾਰ ਅਜਿਹਾ ਹੋਇਆ ਹੈ, ਜਦ ਵਨ ਸਾਈਡਿਡ ਲਵ ਸੀ, ਜੋ ਦੱਸਣਾ ਆਸਾਨ ਨਹੀਂ ਸੀ।



# ਜਦ ਹੋਰ ਵਧੇਰੇ ਕਾਰੋਬਾਰ ਅਤੇ ਸੇਵਾਵਾਂ ਖੁੱਲ੍ਹ ਰਹੇ ਹਨ, ਅਤੇ ਸਮੂਹਕ ਇਕੱਤਰਤਾਵਾਂ ਨੂੰ ਵਧਾਕੇ 10 ਲੋਕਾਂ ਤੱਕ ਕਰ ਦਿੱਤਾ ਗਿਆ ਹੈ, ਤਾਂ ਸਾਡੇ ਸਾਰਿਆਂ ਵਾਸਤੇ ਇੱਕ ਦੂਜੇ ਦੀ ਰੱਖਿਆ ਕਰਨ ਲਈ ਆਪਣੀਆਂ ਕੋਸ਼ਿਸ਼ਾਂ ਨੂੰ ਜਾਰੀ ਰੱਖਣਾ ਲਾਜ਼ਮੀ ਹੈ।




**ਸਰੀਰਕ ਦੂਰੀ ਬਣਾਈ ਰੱਖਣ ਦੀ ਪਾਲਣਾ ਕਰੋ,** ਦੋ ਮੀਟਰ ਦੀ ਵਿੱਥ 'ਤੇ ਰਹੋ।



**ਜਦ ਸਰੀਰਕ ਦੂਰੀ ਬਣਾਈ ਰੱਖਣਾ ਇੱਕ ਚੁਣੌਤੀ** ਹੋਵੇ ਤਾਂ ਚਿਹਰੇ ਨੂੰ ਢਕਣ ਲਈ ਕੋਈ ਕਵਰ ਪਹਿਨੋ



ਆਪਣੇ ਹੱਥਾਂ ਨੂੰ **ਬਾਰ-ਬਾਰ** ਧੋਣਾ ਜਾਰੀ ਰੱਖੋ।



ਜੇ ਤੁਹਾਨੂੰ ਚਿੰਤਾ ਹੋ ਰਹੀ ਹੈ ਕਿ ਤੁਹਾਨੂੰ COVID-19 ਦੀ ਬਿਮਾਰੀ ਹੋ ਸਕਦੀ ਹੈ, ਜਾਂ ਤੁਹਾਡਾ ਵਾਇਰਸ ਨਾਲ ਸੰਪਰਕ ਹੋਇਆ ਹੋ ਸਕਦਾ ਹੈ ਤਾਂ **ਟੈਸਟ ਕਰਵਾਓ।**

**ਅੰਦਰ ਜਾਂ ਬਾਹਰ,** ਸੁਰੱਖਿਅਤ ਰਹੋ। ਜ਼ਿੰਦਗੀਆਂ ਬਚਾਓ।

ਦੇਖੋ **ontario.ca/coronavirus**

ਓਨਟਾਰੀਓ ਸਰਕਾਰ ਦੁਆਰਾ ਭੁਗਤਾਨਸ਼ੁਦਾ

Ontario

